सत्यमेव जयते

# ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ

# ਦੀ

# ਰਾਜ ਦੇ ਵਿੱਤਾਂ ਉੱਤੇ ਲੇਖਾ ਪ੍ਰੀਖਿਆ ਰਿਪੋਰਟ

# 31 ਮਾਰਚ 2020 ਨੂੰ ਸਮਾਪਤ ਹੋਏ ਸਾਲ ਲਈ

लोकहितार्थ सत्यनिष्ठा
Dedicated to Truth in Public Interest

## ਪੰਜਾਬ ਸਰਕਾਰ

*ਸਾਲ 2021 ਦੀ ਰਿਪੋਰਟ ਨੰ. 2*

# ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ

# ਦੀ

# ਰਾਜ ਦੇ ਵਿੱਤਾਂ ਉੱਤੇ ਲੇਖਾ ਪ੍ਰੀਖਿਆ ਰਿਪੋਰਟ

## 31 ਮਾਰਚ 2020 ਨੂੰ ਸਮਾਪਤ ਹੋਏ ਸਾਲ ਲਈ

## ਪੰਜਾਬ ਸਰਕਾਰ

*ਸਾਲ 2021 ਦੀ ਰਿਪੋਰਟ ਨੰ. 2*

# ਵਿਸ਼ਾ ਸਾਰਣੀ


| ਵਿਸ਼ਾ | ਪੈਰ੍ਹਾ | ਪੰਨਾ |
|---|---|---|
| ਭੂਮਿਕਾ | | v |
| ਕਾਰਜਕਾਰੀ ਸਾਰ | | vii-x |
| **ਅਧਿਆਇ-I: ਝਲਕ** | | |
| ਰਾਜ ਦੀ ਰੂਪ ਰੇਖਾ | 1.1 | 1-2 |
| ਰਾਜ ਦੇ ਵਿੱਤਾਂ ਉੱਤੇ ਲੇਖਾ ਪ੍ਰੀਖਿਆ ਰਿਪੋਰਟ ਦਾ ਅਧਾਰ ਅਤੇ ਪਹੁੰਚ | 1.2 | 3-4 |
| ਰਿਪੋਰਟ ਦੀ ਬਣਤਰ | 1.3 | 4 |
| ਸਰਕਾਰੀ ਲੇਖਿਆਂ ਦੀ ਬਣਤਰ ਅਤੇ ਬਜਟਰੀ ਪ੍ਰਕ੍ਰਿਆਵਾਂ ਦੀ ਝਲਕ | 1.4 | 5-9 |
| ਵਿੱਤੀ ਬਕਾਇਆ: ਘਾਟੇ ਅਤੇ ਕੁੱਲ ਕਰਜ਼ੇ ਦੇ ਟੀਚਿਆਂ ਦੀ ਪ੍ਰਾਪਤੀ | 1.5 | 10-16 |
| ਲੇਖਾ ਪ੍ਰੀਖਿਆ ਵਿੱਚ ਪੜਤਾਲ ਉਪਰੰਤ ਘਾਟੇ | 1.6 | 16-17 |
| ਲੇਖਾ ਪ੍ਰੀਖਿਆ ਉਪਰੰਤ –ਕੁੱਲ ਜਨਤਕ ਕਰਜ਼ਾ | 1.7 | 17-18 |
| **ਅਧਿਆਇ-II: ਰਾਜ ਦੇ ਵਿੱਤ** | | |
| ਮਹੱਤਵਪੂਰਣ ਵਿੱਤੀ ਜੋੜਾਂ ਵਿੱਚ 2018-19 ਦੀ ਤੁਲਨਾ ਵਿੱਚ ਹੋਏ ਮੁੱਖ ਬਦਲਾਅ | 2.1 | 19 |
| ਫੰਡਾਂ ਦੇ ਸ੍ਰੋਤ ਅਤੇ ਵਰਤੋਂ | 2.2 | 19-20 |
| ਰਾਜ ਦੇ ਸਾਧਨ | 2.3 | 21-38 |
| ਸਾਧਨਾਂ ਦੀ ਵਰਤੋਂ | 2.4 | 39-62 |
| ਲੋਕ ਲੇਖਾ | 2.5 | 62-68 |
| ਕਰਜ਼ਾ ਪ੍ਰਬੰਧਨ | 2.6 | 68-74 |
| ਕਰਜ਼ਾ ਸਸਟੇਨੇਬਿਲਟੀ ਦਾ ਵਿਸ਼ਲੇਸ਼ਣ | 2.7 | 75-82 |
| ਮੁੱਖ ਵਿਸ਼ੇਸ਼ਤਾਵਾਂ | 2.8 | 82-83 |
| ਸਿੱਟੇ | 2.9 | 83-85 |
| ਸਿਫਾਰਸ਼ਾਂ | 2.10 | 85 |
| **ਅਧਿਆਇ-III: ਬਜਟਰੀ ਪ੍ਰਬੰਧਨ** | | |
| ਬਜਟ ਪ੍ਰਕ੍ਰਿਆ | 3.1 | 87-89 |
| ਨਿਮਿੱਤਣ ਲੇਖੇ | 3.2 | 89-90 |

| ਵਿਸ਼ਾ | ਪੈਰ੍ਹਾ | ਪੰਨਾ |
|---|---|---|
| ਬਜਟਰੀ ਅਤੇ ਲੇਖਾ ਪ੍ਰਕ੍ਰਿਆ ਦੀ ਇੰਟੈਗਰਿਟੀ | 3.3 | 90-99 |
| ਬਜਟਰੀ ਅਤੇ ਲੇਖਾ ਪ੍ਰਕ੍ਰਿਆ ਦੀ ਪਾਰਦਰਸ਼ਤਾ | 3.4 | 99 |
| ਬਜਟਰੀ ਅਤੇ ਲੇਖਾ ਪ੍ਰਕ੍ਰਿਆ ਦੀ ਪ੍ਰਭਾਵਿਕਤਾ | 3.5 | 99-112 |
| ਸਿੱਟੇ | 3.6 | 112 |
| ਸਿਫਾਰਸ਼ਾਂ | 3.7 | 112-113 |
| **ਅਧਿਆਇ-IV: ਲੇਖਿਆਂ ਅਤੇ ਵਿੱਤੀ ਰਿਪੋਰਟਿੰਗ ਦੇ ਪ੍ਰਚਲਨਾਂ ਦੀ ਗੁਣਵੱਤਾ** | | |
| ਰਾਜ ਦੇ ਸੰਚਿਤ ਫੰਡ ਜਾਂ ਲੋਕ ਲੇਖੇ ਤੋਂ ਬਾਹਰ ਫੰਡ | 4.1 | 115-119 |
| ਵਿਆਜਯੋਗ ਡਿਪਾਜ਼ਿਟਸ ਦੇ ਵਿਆਜ ਨਾਲ ਸਬੰਧਤ ਦੇਣਦਾਰੀ ਨਾ ਚੁਕਾਉਣਾ | 4.2 | 119-120 |
| ਰਾਜ ਲਾਗੂਕਰਤਾ ਏਜੰਸੀਆ ਨੂੰ ਸਿੱਧੇ ਟਰਾਂਸਫਰ ਕੀਤੇ ਗਏ ਫੰਡ | 4.3 | 120 |
| ਵਰਤੋਂ ਸਰਟੀਫਿਕੇਟਾਂ ਨੂੰ ਭੇਜਣ ਵਿੱਚ ਦੇਰੀ | 4.4 | 120-122 |
| ਅਬਸਟ੍ਰੈਕਟ ਕੰਟੀਜੈਂਟ ਬਿਲ | 4.5 | 122-123 |
| ਮੁੱਖ ਸਸਪੈਂਸ ਅਤੇ ਡੀ ਡੀ ਆਰ ਮੱਦਾਂ ਅਧੀਨ ਪਿਆ ਬਕਾਇਆ | 4.6 | 124 |
| ਕੈਸ਼ ਬਕਾਇਆਂ ਦਾ ਮਿਲਾਨ | 4.7 | 124-125 |
| ਮੰਡਲ ਅਧਿਕਾਰੀਆਂ ਕੋਲ ਕੈਸ਼ | 4.8 | 125-126 |
| ਲੇਖਾ ਮਿਆਰਾਂ ਦੀ ਪਾਲਣਾ | 4.9 | 126-127 |
| ਖੁਦਮੁਖਤਿਆਰ ਸੰਗਠਨਾਂ ਦੇ ਲੇਖੇ ਪੇਸ਼ ਕਰਨਾ | 4.10 | 127-128 |
| ਵਿਭਾਗੀ ਕਮਰਸ਼ੀਅਲ ਅਦਾਰੇ/ਕਾਰਪੋਰੇਸ਼ਨਾਂ/ਕੰਪਨੀਆਂ | 4.11 | 128-129 |
| ਕੁਵਰਤੋਂ, ਨੁਕਸਾਨ, ਚੋਰੀਆਂ, ਆਦਿ | 4.12 | 130-131 |
| ਰਾਜ ਦੇ ਵਿੱਤਾਂ ਉੱਤੇ ਲੇਖਾ ਪ੍ਰੀਖਿਆ ਰਿਪੋਰਟ ਦੀ ਪੈਰਵ੍ਹੀ ਕਰਨ ਲਈ ਕਾਰਵਾਈ | 4.13 | 131-132 |
| ਸਿੱਟੇ | 4.14 | 132 |
| ਸਿਫਾਰਸ਼ਾਂ | 4.15 | 132-133 |

## ਅੰਤਿਕਾਵਾਂ


| ਵਿਸ਼ਾ | ਅੰਤਿਕਾ | ਪੰਨਾ |
|---|---|---|
| ਪੰਜਾਬ ਦੀ ਰੂਪ ਰੇਖਾ | 1.1 | 135-136 |
| 31 ਮਾਰਚ 2020 ਨੂੰ ਪੰਜਾਬ ਸਰਕਾਰ ਦੀ ਸੰਖੇਪਕ ਵਿੱਤੀ ਸਥਿਤੀ | 1.2 | 137-138 |
| ਸਾਲ 2019-20 ਲਈ ਪ੍ਰਾਪਤੀਆਂ ਅਤੇ ਅਦਾਇਗੀਆਂ ਦਾ ਸਾਰ | 2.1 | 139-143 |
| ਰਾਜ ਸਰਕਾਰ ਦੇ ਵਿੱਤਾਂ ਉੱਤੇ ਸਮਾਂ ਲੜੀ ਡਾਟਾ | 2.2 | 144-148 |
| ਪੀ ਐਸ ਯੂਜ਼, ਜਿਨ੍ਹਾਂ ਵਿੱਚ ਰਾਜ ਸਰਕਾਰ ਦਾ ਇਕਿਊਟੀ ਨਿਵੇਸ਼ ਹੈ, ਵਿੱਚ ਇਕੱਠੇ ਹੋਏ ਘਾਟਿਆਂ ਨੂੰ ਦਰਸਾਉਂਦੀ ਵਿਵਰਣੀ | 2.3 | 149 |
| ਨਿਰੋਲ ਨੈਗੇਟਿਵ ਮੁੱਲ ਅਤੇ ਇਕੱਠੇ ਹੋਏ ਘਾਟੇ ਵਾਲੇ ਪੀ ਐਸ ਯੂਜ਼ ਜਿਨ੍ਹਾਂ ਵਿੱਚ ਪੰਜਾਬ ਸਰਕਾਰ ਨੇ ਇਕਿਊਟੀ ਵਜੋਂ ਨਿਵੇਸ਼ ਕੀਤਾ | 2.4 | 150 |
| ਪੰਜਾਬ ਸਰਕਾਰ ਵੱਲੋਂ ਰਾਜ ਦੇ ਪੀ ਐਸ ਯੂਜ਼ ਨੂੰ ਦਿੱਤੇ ਗਏ ਦੀਰਘ ਕਾਲੀਨ ਬਕਾਇਆ ਕਰਜ਼ਿਆਂ ਦੀ 31 ਮਾਰਚ 2020 ਨੂੰ ਸਥਿਤੀ | 2.5 | 151 |
| ਜਨਤਕ ਖੇਤਰ ਦੇ ਅਦਾਰਿਆਂ ਦੇ ਰਿਕਾਰਡ ਦੀ ਤੁਲਨਾ ਵਿੱਚ ਵਿੱਤ ਲੇਖਿਆਂ ਅਨੁਸਾਰ ਸਰਕਾਰੀ ਨਿਵੇਸ਼ | 2.6 | 152 |
| ਬਜਟ ਉਪਬੰਧ ਤੋਂ ਬਗੈਰ ਕੀਤੇ ਗਏ ਖਰਚੇ ਨੂੰ ਦਰਸਾਉਂਦੀ ਵਿਵਰਣੀ | 3.1 | 153-154 |
| ਅਜਿਹੇ ਮਾਮਲਿਆਂ ਨੂੰ ਦਰਸਾਉਂਦੀ ਵਿਵਰਣੀ ਜਿਨ੍ਹਾਂ ਵਿੱਚ ਪੂਰਕ ਉਪਬੰਧ (ਹਰ ਇੱਕ ਮਾਮਲੇ ਵਿੱਚ ₹ ਇੱਕ ਕਰੋੜ ਜਾਂ ਵੱਧ) ਗੈਰ-ਜ਼ਰੂਰੀ/ ਵਾਧੂ ਸਾਬਤ ਹੋਏ | 3.2 | 155-156 |
| ਫੰਡਾਂ ਦੇ ਗੈਰ-ਜ਼ਰੂਰੀ ਪੁਨਰ ਨਿਮਿੱਤਣ ਨੂੰ ਦਰਸਾਉਂਦੀ ਵਿਵਰਣੀ | 3.3 | 157-160 |
| ਸਾਲ ਦੌਰਾਨ ਵੱਡੀਆਂ ਬੱਚਤਾਂ (₹ 100 ਕਰੋੜ ਤੋਂ ਵੱਧ ਦੀਆਂ ਬੱਚਤਾਂ) ਵਾਲੀਆਂ ਗ੍ਰਾਂਟਾਂ ਦੇ ਵੇਰਵਿਆਂ ਨੂੰ ਦਰਸਾਉਂਦੀ ਵਿਵਰਣੀ | 3.4 | 161 |
| ₹ ਇੱਕ ਕਰੋੜ (ਪੂੰਜੀਗਤ-ਵੋਟਡ) ਤੋਂ ਵੱਧ ਦੀਆਂ ਗ੍ਰਾਂਟਾਂ, ਜਿਨ੍ਹਾਂ ਵਿੱਚ ਕੋਈ ਖਰਚਾ ਨਹੀਂ ਸੀ, ਦੇ ਵੇਰਵਿਆ ਨੂੰ ਦਰਸਾਉਂਦੀ ਵਿਵਰਣੀ | 3.5 | 162 |
| ਗ੍ਰਾਂਟ-ਵਾਰ ਬੱਚਤਾਂ ਨੂੰ ਦਰਸਾਉਂਦੀ ਵਿਵਰਣੀ | 3.6 | 163 |
| ਨਿਮਿੱਤਣਾਂ/ਗ੍ਰਾਂਟਾਂ, ਜਿਨ੍ਹਾਂ ਵਿੱਚ ਬੱਚਤਾਂ ਬਿਲਕੁੱਲ ਵੀ ਸਪੁਰਦ ਨਹੀਂ ਕੀਤੀਆਂ ਗਈਆਂ, ਦੇ ਵੇਰਵਿਆਂ ਨੂੰ ਦਰਸਾਉਂਦੀ ਵਿਵਰਣੀ | 3.7 | 164-165 |
| ਵਿੱਤੀ ਸਾਲ 2019-20 ਦੌਰਾਨ ਰਾਜ ਦੇ ਸੰਚਿਤ ਫੰਡ ਵਿੱਚੋਂ ਮੁੱਖ ਮੱਦ-ਵਾਰ ਮਿਲੇ ਅਧਿਕਾਰ ਤੋ ਵੱਧ ਅਦਾਇਗੀ | 3.8 | 166-167 |
| ਉਪ ਮੱਦਾਂ, ਜਿਥੇ ਸਾਰਾ ਖਰਚਾ (ਹਰ ਇੱਕ ਮਾਮਲੇ ਵਿੱਚ ₹ ਦਸ ਕਰੋੜ ਜਾਂ ਵੱਧ) ਮਾਰਚ 2020 ਵਿੱਚ ਇੰਦਰਾਜ ਕੀਤਾ ਗਿਆ ਸੀ, ਨੂੰ ਦਰਸਾਉਂਦੀ ਵਿਵਰਣੀ | 3.9 | 168 |
| ਭਾਰਤ ਸਰਕਾਰ ਵੱਲੋਂ ਰਾਜ ਲਾਗੂਕਰਤਾ ਏਜੰਸੀਆਂ ਨੂੰ ਸਿੱਧੇ ਟਰਾਸਫਰ ਕੀਤੇ ਗਏ ਫੰਡਾਂ ਦੇ ਵੇਰਵਿਆਂ ਨੂੰ ਦਰਸਾਉਂਦੀ ਵਿਵਰਣੀ | 4.1 | 169-172 |

# ਭੂਮਿਕਾ

ਇਹ ਰਿਪੋਰਟ ਸੰਵਿਧਾਨ ਦੇ ਅਨੁਛੇਦ 151 ਅਧੀਨ ਪੰਜਾਬ ਰਾਜ ਦੇ ਰਾਜਪਾਲ ਜੀ ਨੂੰ ਪੇਸ਼ ਕਰਨ ਲਈ ਤਿਆਰ ਕੀਤੀ ਗਈ ਹੈ।

ਅਧਿਆਇ I ਇਸ ਰਿਪੋਰਟ ਦੇ ਅਧਾਰ ਤੇ ਪਹੁੰਚ ਅਤੇ ਇਸਦੇ ਮੁਢਲੇ ਡਾਟੇ ਦਾ ਵਰਣਨ ਕਰਦਾ ਹੈ, ਸਰਕਾਰੀ ਲੇਖਿਆਂ ਦੀ ਬਣਤਰ, ਬਜਟਰੀ ਪ੍ਰਕ੍ਰਿਆਵਾਂ, ਪ੍ਰਮੁੱਖ ਸੂਚਕਾਂ ਦੇ ਮੈਕਰੋ-ਵਿੱਤੀ ਵਿਸ਼ਲੇਸ਼ਣ ਅਤੇ ਘਾਟੇ/ਵਾਧੇ ਸਮੇਤ ਰਾਜ ਦੀ ਵਿੱਤੀ ਸਥਿਤੀ ਦੀ ਇੱਕ ਝਲਕ ਮੁਹੱਈਆ ਕਰਵਾਉਂਦਾ ਹੈ।

ਇਸ ਰਿਪੋਰਟ ਦੇ ਅਧਿਆਇ-II ਅਤੇ III ਵਿੱਚ 31 ਮਾਰਚ 2020 ਨੂੰ ਸਮਾਪਤ ਹੋਏ ਸਾਲ ਲਈ ਰਾਜ ਸਰਕਾਰ ਦੇ ਕ੍ਰਮਵਾਰ ਵਿੱਤ ਲੇਖਿਆਂ ਅਤੇ ਨਿਮਿੱਤਣ ਲੇਖਿਆਂ ਦੀ ਪੜਤਾਲ ਤੋਂ ਉੱਭਰੇ ਮਾਮਲਿਆਂ ਉੱਤੇ ਲੇਖਾ ਪ੍ਰੀਖਿਆ ਟਿੱਪਣੀਆਂ ਸ਼ਾਮਲ ਹਨ। ਜਿੱਥੇ ਕਿਤੇ ਜ਼ਰੂਰੀ ਸੀ, ਪੰਜਾਬ ਸਰਕਾਰ ਤੋਂ ਸੂਚਨਾ ਲਈ ਗਈ ਹੈ।

ਅਧਿਆਇ IV ਰਾਜ ਸਰਕਾਰ ਦੀਆਂ ਵੱਖ ਵੱਖ ਅਥਾਰਟੀਆਂ ਦੁਆਰਾ ਪੇਸ਼ ਕੀਤੇ ਗਏ ਲੇਖਿਆਂ ਦੀ ਗੁਣਵੱਤਾ ਅਤੇ ਨਿਰਧਾਰਤ ਵਿੱਤੀ ਨਿਯਮਾਂ ਅਤੇ ਵਿਨਿਯਮਾਂ ਦੀ ਰਾਜ ਸਰਕਾਰ ਦੇ ਵੱਖ ਵੱਖ ਵਿਭਾਗਾਂ ਦੇ ਕਰਮਚਾਰੀਆਂ ਦੁਆਰਾ ਪਾਲਣਾ ਨਾ ਕਰਨ ਦੇ ਮਾਮਲਿਆਂ 'ਤੇ ਟਿੱਪਣੀ ਕਰਦਾ ਹੈ।

ਰਿਪੋਰਟ, ਜਿਸ ਵਿੱਚ ਵੱਖਰੇ-ਵੱਖਰੇ ਵਿਭਾਗਾਂ ਵਿੱਚ ਕਾਰਗੁਜ਼ਾਰੀ ਲੇਖਾ ਪ੍ਰੀਖਿਆ ਅਤੇ ਵਿੱਤੀ ਕਾਰਵਿਹਾਰਾਂ ਦੀ ਲੇਖਾ ਪ੍ਰੀਖਿਆ ਦੀਆਂ ਲੱਭਤਾਂ, ਰਿਪੋਰਟ ਜਿਸ ਵਿੱਚ ਵਿਧਾਨਕ ਨਿਗਮਾਂ, ਬੋਰਡਾਂ ਅਤੇ ਸਰਕਾਰੀ ਕੰਪਨੀਆਂ ਦੀ ਲੇਖਾ ਪ੍ਰੀਖਿਆ ਉੱਤੇ ਟਿੱਪਣੀਆਂ ਅਤੇ ਰੈਵੀਨਿਊ ਖੇਤਰ ਉੱਤੇ ਰਿਪੋਰਟ ਨੂੰ ਵੱਖਰੇ ਤੌਰ ਤੇ ਪੇਸ਼ ਕੀਤਾ ਜਾਂਦਾ ਹੈ।

**ਜੇਕਰ ਅਨੁਵਾਦ ਕੀਤੇ ਕਥਨ ਵਿੱਚ ਸੰਦੇਹ ਹੋਵੇ, ਅੰਗਰੇਜ਼ੀ ਕਥਨ ਨੂੰ ਪ੍ਰਮਾਣਕ ਮੰਨਿਆ ਜਾਵੇ ਜੀ।**

# ਕਾਰਜਕਾਰੀ ਸਾਰ

# ਕਾਰਜਕਾਰੀ ਸਾਰ

## ਪਿਛੋਕੜ

ਪੰਜਾਬ ਸਰਕਾਰ ਦੇ ਵਿੱਤਾਂ ਉੱਤੇ ਇਹ ਰਿਪੋਰਟ ਬਜਟ ਅਨੁਮਾਨਾਂ ਅਤੇ ਚੌਦ੍ਹਵੇਂ ਵਿੱਤ ਕਮਿਸ਼ਨ (ਐਫ ਐਫ ਸੀ) ਵਲੋਂ ਸਿਫਾਰਸ਼ ਕੀਤੇ ਟੀਚਿਆਂ ਦੀ ਤੁਲਨਾ ਵਿੱਚ, ਸਾਲ 2019-20 ਦੌਰਾਨ ਰਾਜ ਦੀ ਵਿੱਤੀ ਕਾਰਗੁਜ਼ਾਰੀ ਦਾ ਮੁਲਾਂਕਣ ਕਰਨ ਲਈ ਬਣਾਈ ਗਈ ਹੈ। ਇਹ ਰਿਪੋਰਟ ਸਰਕਾਰ ਦੀਆਂ ਧਨ ਪ੍ਰਾਪਤੀਆਂ ਅਤੇ ਅਦਾਇਗੀਆਂ ਦੇ ਪ੍ਰਭਾਵਸ਼ਾਲੀ ਰੁਝਾਨਾਂ ਅਤੇ ਬਣਤਰ ਦੀ ਰੂਪ-ਰੇਖਾ ਦਾ ਵਿਸ਼ਲੇਸ਼ਣ ਕਰਦੀ ਹੈ। ਜਿਥੇ ਕਿਤੇ ਜ਼ਰੂਰੀ ਸੀ, ਤੇਰ੍ਹਵੇਂ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਦਾ ਹਵਾਲਾ ਵੀ ਦਿੱਤਾ ਗਿਆ ਹੈ।

31 ਮਾਰਚ 2020 ਨੂੰ ਸਮਾਪਤ ਹੋਏ ਸਾਲ ਲਈ ਪੰਜਾਬ ਸਰਕਾਰ ਦੇ ਲੇਖਾ ਪ੍ਰੀਖਿਆ ਕੀਤੇ ਗਏ ਲੇਖਿਆਂ ਅਤੇ ਕਈ ਸ੍ਰੋਤਾਂ ਜਿਵੇਂ ਕਿ ਰਾਜ ਸਰਕਾਰ ਦੁਆਰਾ ਪੇਸ਼ ਕੀਤਾ ਗਿਆ ਆਰਥਿਕ ਸਰਵੇਖਣ ਅਤੇ ਜਨਗਣਨਾ ਤੋਂ ਇਕੱਤਰ ਕੀਤੇ ਵਧੀਕ ਅੰਕੜਿਆਂ ਉੱਤੇ ਅਧਾਰਤ ਇਹ ਰਿਪੋਰਟ, ਰਾਜ ਸਰਕਾਰ ਦੇ ਸਲਾਨਾ ਲੇਖਿਆਂ ਦੀ ਚਾਰ ਅਧਿਆਇਆਂ ਵਿੱਚ ਇੱਕ ਵਿਸ਼ਲੇਸ਼ਣਾਤਮਕ ਸਮੀਖਿਆ ਮੁਹੱਈਆ ਕਰਵਾਉਂਦੀ ਹੈ।

## ਅਧਿਆਇ I: ਝਲਕ

ਸਾਲ 2019-20 ਦੌਰਾਨ ਸਰਕਾਰ ਰੈਵੀਨਿਊ ਘਾਟੇ ਅਤੇ ਕਰਜ਼ਾ ਜੀ ਐਸ ਡੀ ਪੀ ਰੇਸ਼ੋ ਨੂੰ ਵਿੱਤੀ ਮਜ਼ਬੂਤੀਕਰਨ ਰੋਡਮੈਪ (ਐਫ ਸੀ ਆਰ) ਵਿੱਚ ਤੈਅ ਕੀਤੇ ਟੀਚਿਆਂ ਦੇ ਅੰਦਰ ਰੱਖਣ ਲਈ ਅਸਮਰੱਥ ਰਹੀ ਸੀ। ਜਦੋਂਕਿ ਚਾਲੂ ਸਾਲ ਦੌਰਾਨ ਵਿੱਤੀ ਘਾਟਾ ਤੈਅ ਕੀਤੇ ਗਏ ਟੀਚਿਆ ਦੇ ਅੰਦਰ ਰਿਹਾ।

ਇਹ ਰਾਜ ਲਗਾਤਾਰ ਰੈਵੀਨਿਊ ਘਾਟੇ ਵਾਲਾ ਰਾਜ ਬਣਿਆ ਰਿਹਾ ਹੈ। ਰੈਵੀਨਿਊ ਘਾਟਾ ਸਾਲ 2015-16 ਵਿੱਚ ₹ 8,550 ਕਰੋੜ (ਜੀ ਐਸ ਡੀ ਪੀ ਦਾ 2.19 *ਪ੍ਰਤੀਸ਼ਤ*) ਤੋਂ ਵੱਧ ਕੇ ਚਾਲੂ ਸਾਲ ਵਿੱਚ ₹ 14,285 ਕਰੋੜ (ਜੀ ਐਸ ਡੀ ਪੀ ਦਾ 2.49 ਪ੍ਰਤੀਸ਼ਤ) ਹੋ ਗਿਆ। ਜਦੋਂਕਿ ਵਿੱਤੀ ਘਾਟਾ 2015-16 ਵਿੱਚ ₹ 17,360 ਕਰੋੜ (ਜੀ ਐਸ ਡੀ ਪੀ ਦਾ 4.45 *ਪ੍ਰਤੀਸ਼ਤ*) ਤੋਂ ਘਟ ਕੇ 2019-20 ਵਿੱਚ ₹ 16,826 ਕਰੋੜ (ਜੀ ਐਸ ਡੀ ਪੀ ਦਾ 2.93 *ਪ੍ਰਤੀਸ਼ਤ*) ਰਹਿ ਗਿਆ। ਪਿਛਲੇ ਤਿੰਨ ਸਾਲਾਂ ਦੌਰਾਨ ਮੁਢਲਾ ਵਾਧਾ ਸੀ ਅਤੇ ਚਾਲੂ ਸਾਲ ਦੌਰਾਨ ਇਹ ₹ 741 ਕਰੋੜ (ਜੀ ਐਸ ਡੀ ਪੀ ਦਾ 0.13 *ਪ੍ਰਤੀਸ਼ਤ*) ਸੀ।

**[ਪੈਰ੍ਹਾ 1.5]**

## ਅਧਿਆਇ II : ਰਾਜ ਦੇ ਵਿੱਤ

ਸਾਲ 2015-16 ਤੋਂ 2019-20 ਦੇ ਸਮੇਂ ਦੌਰਾਨ ਰੈਵੀਨਿਊ ਪ੍ਰਾਪਤੀਆਂ ਅਤੇ ਪੂੰਜੀਗਤ ਪ੍ਰਾਪਤੀਆਂ ₹ 41,523 ਕਰੋੜ ਅਤੇ ₹ 20,425 ਕਰੋੜ ਤੋਂ ਵਧਕੇ ਕ੍ਰਮਵਾਰ ₹ 61,575 ਕਰੋੜ ਅਤੇ ₹ 43,891 ਕਰੋੜ ਹੋ ਗਈਆਂ। ਇਸੇ ਸਮੇਂ ਦੌਰਾਨ ਰੈਵੀਨਿਊ ਪ੍ਰਾਪਤੀਆਂ ਵਿੱਚ 9.76 *ਪ੍ਰਤੀਸ਼ਤ* ਦੀ ਸਲਾਨਾ ਔਸਤ ਵਿਕਾਸ ਦਰ ਨਾਲ ਵਾਧਾ ਹੋਇਆ।

**[ਪੈਰ੍ਹਾ 2.3.2.1 ਤੇ 2.3.3]**

2015-16 ਵਿੱਚ ਰੈਵੀਨਿਊ ਖਰਚਾ ₹ 50,073 ਕਰੋੜ ਤੋਂ ₹ 25,787 ਕਰੋੜ (51.50 *ਪ੍ਰਤੀਸ਼ਤ*) ਨਾਲ ਵਧ ਕੇ 2019-20 ਵਿੱਚ ₹ 75,860 ਕਰੋੜ ਹੋ ਗਿਆ। ਸਿਵਾਏ ਸਾਲ 2016-17 (55 *ਪ੍ਰਤੀਸ਼ਤ*) ਦੇ, 2015-20 ਦੌਰਾਨ ਇਹ ਕੁੱਲ ਖਰਚੇ ਦਾ ਪ੍ਰਭਾਵਸ਼ਾਲੀ ਅਨੁਪਾਤ (80 ਤੋਂ 95 *ਪ੍ਰਤੀਸ਼ਤ*) ਬਣਿਆ ਰਿਹਾ, ਅਤੇ ਇਸ ਸਮੇਂ ਦੌਰਾਨ ਇਹ 10.42 *ਪ੍ਰਤੀਸ਼ਤ* ਦੀ ਸਲਾਨਾ ਔਸਤ ਵਾਧਾ ਦਰ ਨਾਲ ਵਧਿਆ। ਦੂਜੇ ਪਾਸੇ ਇਸੇ ਸਮੇਂ ਦੌਰਾਨ ਪੂੰਜੀਗਤ ਖਰਚਾ ਤਿੰਨ ਅਤੇ ਪੰਜ *ਪ੍ਰਤੀਸ਼ਤ* ਵਿਚਕਾਰ ਰਿਹਾ, ਸਿਵਾਏ ਕਿ ਸਾਲ 2019-20 ਦੇ ਜਦੋਂ ਇਹ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ ਐਸ ਪੀ ਸੀ ਐਲ) ਵਿੱਚ ₹ 15,628 ਕਰੋੜ ਦੀ ਰਾਸ਼ੀ ਦੇ ਯੂ ਡੀ ਏ ਵਾਈ ਕਰਜ਼ਿਆਂ ਨੂੰ ਇਕਿਊਟੀ ਵਿੱਚ ਬਦਲਣ ਕਰਕੇ 19 *ਪ੍ਰਤੀਸ਼ਤ* ਸੀ।

**[ਪੈਰ੍ਹਾ 2.4 ਤੇ 2.4.1]**

ਰਾਜ ਦੇ ਰੈਵੀਨਿਊ ਖਰਚੇ ਵਿੱਚ ਵਚਨਬੱਧ ਖਰਚੇ ਦਾ ਹਿੱਸਾ ਜ਼ਿਆਦਾ ਰਿਹਾ ਹੈ। ਚਾਲੂ ਸਾਲ ਦੌਰਾਨ ਵਚਨਬੱਧ ਖਰਚਾ ਰੈਵੀਨਿਊ ਖਰਚੇ ਦਾ 69.33 *ਪ੍ਰਤੀਸ਼ਤ* ਸੀ।

**[ਪੈਰ੍ਹਾ 2.4.1.2 ]**

ਸਬਸਿਡੀਆਂ ਰੈਵੀਨਿਊ ਖਰਚੇ ਦਾ 10.15 *ਪ੍ਰਤੀਸ਼ਤ* ਤੋਂ 17.72 *ਪ੍ਰਤੀਸ਼ਤ* ਸਨ ਅਤੇ 2015-20 ਦੌਰਾਨ ਇਨ੍ਹਾਂ ਦਾ ਰੈਵੀਨਿਊ ਘਾਟੇ ਨੂੰ ਯੋਗਦਾਨ 59 *ਪ੍ਰਤੀਸ਼ਤ* ਤੋਂ 102 *ਪ੍ਰਤੀਸ਼ਤ* ਸੀ। ਪਾਵਰ ਸਬਸਿਡੀ ਕੁੱਲ ਸਬਸਿਡੀਆਂ ਦਾ 63 *ਪ੍ਰਤੀਸ਼ਤ* ਅਤੇ 96 *ਪ੍ਰਤੀਸ਼ਤ* ਦੀ ਰੇਂਜ ਵਿਚਕਾਰ ਮੁੱਖ ਹਿੱਸਾ ਬਣਿਆ ਰਿਹਾ ਸੀ।

**[ਪੈਰ੍ਹਾ 2.4.1.3]**

ਸਾਲ 2015-20 ਦੌਰਾਨ ਸਹਿਕਾਰੀ ਬੈਂਕਾਂ ਅਤੇ ਸੁਸਾਇਟੀਆਂ, ਸੰਯੁਕਤ ਸਟਾਕ ਕੰਪਨੀਆਂ ਅਤੇ ਸਰਕਾਰੀ ਕੰਪਨੀਆਂ ਤੋਂ ਨਿਵੇਸ਼ (ਹਿਸਟੋਰੀਕਲ ਲਾਗਤ ਦੇ ਅਧਾਰ ਤੇ) ਉੱਤੇ ਪ੍ਰਤੀਫ਼ਲ ਸਿਰਫ 0.02 *ਪ੍ਰਤੀਸ਼ਤ* ਅਤੇ 0.11 *ਪ੍ਰਤੀਸ਼ਤ* ਦੇ ਵਿਚਕਾਰ ਸੀ ਜਦੋਂਕਿ ਇਸੇ ਸਮੇਂ ਦੌਰਾਨ ਪੰਜਾਬ ਸਰਕਾਰ ਦੁਆਰਾ ਆਪਣੇ ਉਧਾਰਾਂ ਉੱਤੇ ਦਿੱਤੇ ਗਏ ਵਿਆਜ ਦੀ ਔਸਤ ਦਰ 7.31 *ਪ੍ਰਤੀਸ਼ਤ* ਅਤੇ 8.36 *ਪ੍ਰਤੀਸ਼ਤ* ਵਿਚਕਾਰ ਸੀ।

**[ਪੈਰ੍ਹਾ 2.4.2.2 (i)]**

ਰਾਜ ਸਰਕਾਰ ਦੁਆਰਾ ਦਿੱਤੇ ਗਏ ਕੁੱਲ ਬਕਾਇਆ ਪਏ ਕਰਜ਼ੇ 2018-19 ਵਿੱਚ ₹ 50,681 ਕਰੋੜ ਤੋਂ ₹ 15,287 ਕਰੋੜ ਨਾਲ ਘਟ ਕੇ ਸਾਲ 2019-20 ਵਿੱਚ ₹ 35,394 ਕਰੋੜ ਰਹਿ ਗਏ ਜੋ ਕਿ ਮੁੱਖ ਤੌਰ ਤੇ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ ਐਸ ਪੀ ਸੀ ਐਲ) ਵਿੱਚ ₹ 15,628 ਕਰੋੜ ਦੀ ਰਾਸ਼ੀ ਦੇ ਯੂ ਡੀ ਏ ਵਾਈ ਕਰਜ਼ਿਆਂ ਨੂੰ ਇਕਿਊਟੀ ਵਿੱਚ ਬਦਲਣ ਕਰਕੇ ਸੀ।

**[ਪੈਰ੍ਹਾ 2.4.2.2 (iii)]**

31 ਮਾਰਚ 2020 ਤੱਕ ਪੂਰੇ ਹੋਣ ਲਈ ਸੂਚੀਬੱਧ 52 ਪ੍ਰੋਜੈਕਟ ਅਧੂਰੇ ਸਨ। ਇਨ੍ਹਾਂ ਅਧੂਰੇ ਪ੍ਰੋਜੈਕਟਾਂ ਉੱਤੇ ਕੀਤੇ ₹ 1,201.27 ਕਰੋੜ ਦੇ ਖਰਚੇ ਤੋਂ ਚਿਤਵੇ ਲਾਭ ਮਿਲਣੇ ਅਜੇ ਬਾਕੀ ਸਨ।

**[ਪੈਰ੍ਹਾ 2.4.2.2 (iv) ]**

ਪੰਜਾਬ ਵਿੱਚ ਸਿੱਖਿਆ ਉੱਤੇ ਖਰਚੇ ਦੀ ਕੁੱਲ ਖਰਚੇ ਨੂੰ ਰੇਸ਼ੋ 2015-16 ਵਿੱਚ 14.88 *ਪ੍ਰਤੀਸ਼ਤ* ਤੋਂ ਘਟ ਕੇ 2019-20 ਵਿੱਚ 11.74 *ਪ੍ਰਤੀਸ਼ਤ* ਰਹਿ ਗਈ। ਪੰਜਾਬ ਵਿੱਚ ਸਿਹਤ ਤੇ ਖਰਚੇ ਦੀ

ਕੁੱਲ ਖਰਚੇ ਨੂੰ ਰੇਸ਼ੋ 2015-16 ਵਿੱਚ 4.41 *ਪ੍ਰਤੀਸ਼ਤ* ਤੋਂ ਘਟ ਕੇ 2019-20 ਵਿੱਚ 3.72 *ਪ੍ਰਤੀਸ਼ਤ* ਰਹਿ ਗਈ। ਪੂੰਜੀਗਤ ਆਊਟਲੇਅ ਦੀ ਕੁੱਲ ਖਰਚੇ ਨੂੰ ਰੇਸ਼ੋ 2015-16 ਵਿੱਚ 5.18 *ਪ੍ਰਤੀਸ਼ਤ* ਤੋਂ ਵਧ ਕੇ 2019-20 ਵਿੱਚ 18.87 *ਪ੍ਰਤੀਸ਼ਤ* ਹੋ ਗਈ ਜੋ ਕਿ ਮੁੱਖ ਤੌਰ ਤੇ ਪੀ ਐਸ ਪੀ ਸੀ ਐਲ ਵਿੱਚ ₹ 15,628 ਕਰੋੜ ਦੀ ਰਾਸ਼ੀ ਦੇ ਯੂ ਡੀ ਏ ਵਾਈ ਕਰਜ਼ਿਆਂ ਦੇ ਇਕਿਊਟੀ ਵਿੱਚ ਬਦਲਣ ਕਾਰਣ ਪੂੰਜੀਗਤ ਖਰਚੇ ਵਿੱਚ ਵਾਧਾ ਹੋਣ ਕਰਕੇ ਸੀ, ਨਹੀਂ ਤਾਂ ਚਾਲੂ ਸਾਲ ਦੌਰਾਨ ਇਹ ਰੇਸ਼ੋ ਘਟ ਕੇ 2.33 *ਪ੍ਰਤੀਸ਼ਤ* ਰਹਿ ਜਾਣੀ ਸੀ।

**[ਪੈਰ੍ਹਾ 2.4.3 ]**

ਰਾਜ ਸਰਕਾਰ ਨੇ 31 ਮਾਰਚ 2020 ਨੂੰ ਰਾਜ ਆਫਤ ਰਿਸਪਾਂਸ ਫੰਡ (ਐਸ ਡੀ ਆਰ ਐਫ) ਵਿੱਚ ਬਕਾਇਆ ਪਏ ₹ 6,999.48 ਕਰੋੜ ਦੇ ਫੰਡਾਂ ਦਾ ਨਿਵੇਸ਼ ਨਹੀ ਕੀਤਾ ਸੀ।

**[ਪੈਰ੍ਹਾ 2.5.2.2]**

31 ਮਾਰਚ 2020 ਨੂੰ ਰਾਜ ਦਾ ਕੁੱਲ ਬਕਾਇਆ ਕਰਜ਼ਾ ₹ 2,29,354 ਕਰੋੜ ਸੀ। ਬਕਾਇਆ ਕੁੱਲ ਕਰਜ਼ਾ ਜੀ ਐਸ ਡੀ ਪੀ ਦਾ 39.90 *ਪ੍ਰਤੀਸ਼ਤ* ਸੀ।

**[ਪੈਰ੍ਹਾ 2.6.1]**

ਬਕਾਇਆ ਜਨਤਕ ਕਰਜ਼ਾ 2015-16 ਵਿੱਚ ₹ 1,02,589 ਕਰੋੜ ਤੋਂ 89.43 *ਪ੍ਰਤੀਸ਼ਤ* ਨਾਲ ਵਧ ਕੇ 2019-20 ਵਿੱਚ ₹ 1,94,333 ਕਰੋੜ ਹੋ ਗਿਆ। ਕਰਜ਼ਾ ਮੁੜ-ਅਦਾਇਗੀਆਂ ਦੀ ਕਰਜ਼ਾ ਪ੍ਰਾਪਤੀਆਂ ਨੂੰ ਪ੍ਰਤੀਸ਼ਤਤਾ, 2015-16 ਵਿੱਚ 57.38 *ਪ੍ਰਤੀਸ਼ਤ* ਤੋਂ ਵਧ ਕੇ 2019-20 ਵਿੱਚ 72.25 *ਪ੍ਰਤੀਸ਼ਤ* ਹੋ ਗਈ। 2015-20 ਦੌਰਾਨ ਵਿਆਜ ਅਦਾਇਗੀਆਂ ਦੀ ਰੈਵੀਨਿਊ ਪ੍ਰਾਪਤੀਆਂ ਨੂੰ ਰੇਸ਼ੋ 18.74 *ਪ੍ਰਤੀਸ਼ਤ* ਅਤੇ 25.08 *ਪ੍ਰਤੀਸ਼ਤ* ਦੀ ਰੇਂਜ ਵਿਚਕਾਰ ਰਹੀ। ਰਾਜ ਨੂੰ ਨਿਰੋਲ ਕਰਜ਼ੇ ਦੀ ਉਪਲੱਬਧਤਾ 2015-16 ਵਿੱਚ ₹ 8,596 ਕਰੋੜ ਤੋਂ ਵੱਧ ਕੇ 2016-17 ਵਿੱਚ ₹ 41,462 ਕਰੋੜ ਹੋ ਗਈ। ਜਦੋਂਕਿ 2019-20 ਦੌਰਾਨ ਨਿਰੋਲ ਉਪਲੱਬਧ ਕਰਜ਼ਾ ਨੈਗੇਟਿਵ ((-) ₹ 52 ਕਰੋੜ) ਸੀ ਜੋ ਕਿ 2018-19 ਦੌਰਾਨ ₹ 212 ਕਰੋੜ ਸੀ।

**[ਪੈਰ੍ਹਾ 2.7]**

ਸਾਲ ਦੇ ਅਖੀਰ ਤੇ ਆਮ ਕੈਸ਼ ਬਕਾਇਆ ₹ 1,146.06 ਕਰੋੜ ਸੀ। ਸਾਲ 2019-20 ਲਈ ਅੰਤਿਮ ਕੈਸ਼ ਬਕਾਇਆ ₹ 8,203.96 ਕਰੋੜ ਦੇ ਚਿੰਨ੍ਹਤ ਰਾਖਵੇਂ ਫੰਡਾਂ ਦੇ ਬਰਾਬਰ ਵੀ ਨਹੀ ਸੀ ਜਿਸ ਦਾ ਅਰਥ ਹੈ ਕਿ ਰਾਖਵੇਂ ਫੰਡ ਚਿਤਵੇ ਗਏ ਮੰਤਵ ਦੀ ਬਜਾਏ ਕਿਤੇ ਹੋਰ ਵਰਤੇ ਗਏ ਸਨ।

**[ਪੈਰ੍ਹਾ 2.7.3 ]**

## ਅਧਿਆਇ III : ਬਜਟਰੀ ਪ੍ਰਬੰਧਨ

ਸਾਲ ਦੌਰਾਨ ਰਾਜ ਸਰਕਾਰ ਦੀ ਬਜਟਰੀ ਪ੍ਰਕ੍ਰਿਆ ਚੰਗੀ ਨਹੀਂ ਰਹੀ ਅਤੇ ਕਈ ਗ੍ਰਾਂਟਾਂ ਅਧੀਨ ਬੱਚਤਾਂ ਸਨ। ਸਾਲ 2019-20 ਦੌਰਾਨ ₹ 1,62,060.09 ਕਰੋੜ ਦੇ ਕੁੱਲ ਬਜਟ ਉਪਬੰਧ ਦੇ ਵਿੱਰੁਧ ₹ 1,34,882.11 ਕਰੋੜ ਖਰਚ ਕੀਤਾ ਗਿਆ ਸੀ ਜਿਸਦੇ ਨਤੀਜੇ ਵਜੋਂ ₹ 27,177.98 ਕਰੋੜ ਦੀਆਂ ਨਿਰੋਲ ਬੱਚਤਾਂ ਹੋਈਆਂ ਸਨ। ₹ 27,177.98 ਕਰੋੜ ਦੀਆਂ ਨਿਰੋਲ ਬੱਚਤਾਂ ਵਿਚੋਂ ਸਾਲ ਦੌਰਾਨ ₹ 8,332.43 ਕਰੋੜ (ਬੱਚਤਾਂ ਦਾ 30.66 *ਪ੍ਰਤੀਸ਼ਤ*) ਦੀ ਰਾਸ਼ੀ ਸਪੁਰਦ ਕੀਤੀ ਗਈ ਸੀ ਅਤੇ ਕੁੱਲ ਸਪੁਰਦਗੀ ਵਿਚੋਂ ₹ 7,534.22 ਕਰੋੜ (90.42 *ਪ੍ਰਤੀਸ਼ਤ*) ਦੀ ਰਾਸ਼ੀ ਸਾਲ ਦੇ ਅਖੀਰਲੇ ਦਿਨ ਸਪੁਰਦ ਕੀਤੀ ਗਈ ਸੀ।

**[ਪੈਰ੍ਹਾ 3.3.5 ਤੇ 3.5.1]**

ਸਾਲ 2015-20 ਦੌਰਾਨ ਬਜਟ ਤੋਂ ਵੱਧ ਕੀਤੇ ₹ 37,737.49 ਕਰੋੜ ਦੇ ਖਰਚੇ ਦੀ ਨਿਯਮਤਤਾ ਕਰਵਾਉਣੀ ਲੋੜੀਂਦੀ ਸੀ। ₹ 2,113.58 ਕਰੋੜ ਦਾ ਖਰਚਾ ਬਜਟ ਵਿੱਚ ਵਿਵਸਥਾ ਕਰਨ ਤੋਂ ਬਗੈਰ ਕੀਤਾ ਗਿਆ ਸੀ। 33 ਮਾਮਲਿਆਂ ਵਿੱਚ, ਪੁਨਰ ਨਿਮਿੱਤਣ ਆਦੇਸ਼ਾਂ ਦੁਆਰਾ ਫੰਡਾਂ ਦੇ ਉਪਬੰਧ ਵਿੱਚ ਵਾਧਾ ਗੈਰ-ਜ਼ਰੂਰੀ ਸਾਬਤ ਹੋਇਆ ਕਿਉਂਕਿ ਖਰਚਾ ਬਜਟ ਉਪਬੰਧਾਂ ਦੇ ਪੱਧਰ ਤੱਕ ਵੀ ਨਹੀਂ ਹੋਇਆ ਸੀ। ₹ 19313.76 ਕਰੋੜ ਦੀਆਂ ਪੂਰਵ ਅਨੁਮਾਨਿਤ ਬੱਚਤਾਂ ਸਪੁਰਦ ਨਹੀਂ ਕੀਤੀਆਂ ਗਈਆਂ ਸਨ ਅਤੇ ਇਸ ਤਰਾਂ ਇਨ੍ਹਾਂ ਫੰਡਾਂ ਦੀ ਹੋਰ ਵਿਕਾਸਮਈ ਕੰਮਾਂ ਵਿੱਚ ਵਰਤੋਂ ਦੀ ਗੁੰਜਾਇਸ਼ ਨਹੀਂ ਛੱਡੀ ਗਈ ਸੀ।

**[ਪੈਰ੍ਹਾ 3.3.1, 3.3.4, 3.3.5,3.3.6.1 ਤੇ 3.3.6.3]**

## ਅਧਿਆਇ IV: ਲੇਖਿਆਂ ਅਤੇ ਵਿੱਤੀ ਰਿਪੋਰਟਿੰਗ ਦੇ ਪ੍ਰਚਲਨਾਂ ਦੀ ਗੁਣਵੱਤਾ

ਇਥੋਂ ਤੱਕ ਕਿ ₹ 446.19 ਕਰੋੜ ਦੀ ਰਾਸ਼ੀ ਦੀਆਂ ਗ੍ਰਾਂਟਾਂ ਦੇ 94 ਵਰਤੋਂ ਸਰਟੀਫਿਕੇਟ ਵਿਭਾਗੀ ਅਧਿਕਾਰੀਆਂ ਵੱਲੋਂ ਭੇਜੇ ਜਾਣੇ ਬਕਾਇਆ ਸਨ। ਰਾਜ ਸਰਕਾਰ ਇਹ ਸਮੀਖਿਆ ਕਰ ਸਕਦੀ ਹੈ ਕਿ ਕੀ ਵਰਤੋਂ ਸਰਟੀਫੀਕੇਟਾਂ ਦੇ ਜ਼ਿਆਦਾ ਬਕਾਇਆਂ ਵਾਲੇ ਵਿਭਾਗਾਂ ਨੂੰ ਉਨ੍ਹਾਂ ਵਲੋਂ ਹੋਰ ਗ੍ਰਾਂਟਾਂ ਦੇਣੀਆਂ ਜਾਰੀ ਰੱਖਣੀਆਂ ਚਾਹੀਦੀਆਂ ਹਨ ਕਿ ਨਹੀਂ।

**[ਪੈਰ੍ਹਾ 4.4]**

ਇਥੋਂ ਤੱਕ ਕਿ 31 ਮਾਰਚ 2020 ਨੂੰ ₹ 1,792.02 ਕਰੋੜ ਦੇ 595 ਐਬਸਟਰੈਕਟ ਕੰਟੀਜੈਂਟ ਬਿਲ ਸਮਾਯੋਜਨ ਦੀ ਉਡੀਕ ਵਿੱਚ ਪਏ ਸਨ। ਡਰਾਅ ਕੀਤੀਆਂ ਪਰ ਲੇਖਾਬੱਧ ਨਾ ਹੋਈਆਂ ਪੇਸ਼ਗੀਆਂ ਨੇ ਬਰਬਾਦੀ/ਕੁਵਰਤੋਂ/ ਭ੍ਰਿਸ਼ਟਾਚਾਰ ਦੀ ਸੰਭਾਵਨਾ ਵਿੱਚ ਵਾਧਾ ਕੀਤਾ।

**[ਪੈਰ੍ਹਾ 4.5]**

ਰਾਜ ਸਰਕਾਰ ਨੇ ਭਾਰਤ ਸਰਕਾਰ ਦੇ ਲੇਖਾ ਮਿਆਰਾਂ (ਆਈ ਜੀ ਏ ਐਸ)-2: ਸਹਾਇਤਾ ਗ੍ਰਾਂਟਾਂ ਦੀ ਲੇਖਾਬੱਧਤਾ ਤੇ ਵਰਗੀਕਰਣ ; ਅਤੇ (ਆਈ ਜੀ ਏ ਐਸ)-3: ਸਰਕਾਰ ਵੱਲੋਂ ਦਿੱਤੇ ਕਰਜ਼ੇ ਅਤੇ ਪੇਸ਼ਗੀਆਂ, ਦੀ ਪਾਲਣਾ ਨਹੀ ਕੀਤੀ। ਵਸਤਾਂ ਦੇ ਰੂਪ ਵਿੱਚ ਦਿੱਤੀਆਂ ਗਈਆਂ ਸਹਾਇਤਾ ਗ੍ਰਾਂਟਾਂ ਦੇ ਕੁੱਲ ਮੁੱਲ; ਅਤੇ ਵਿਸ਼ੇਸ ਨਿਯਮਾਂ ਅਤੇ ਸ਼ਰਤਾਂ ਤੋਂ ਬਗੈਰ ਮਨਜ਼ੂਰ ਕੀਤੇ ਗਏ ਕਰਜ਼ਿਆ ਬਾਰੇ ਪ੍ਰਗਟਾਵਾ ਨਹੀ ਕੀਤਾ ਜਾ ਸਕਿਆ ਸੀ, ਕਿਉਂਜੋ ਰਾਜ ਸਰਕਾਰ ਵਲੋਂ ਲੋੜੀਂਦੀ ਸੂਚਨਾ ਮੁਹੱਈਆ ਨਹੀਂ ਕਰਵਾਈ ਗਈ ਸੀ।

**[ਪੈਰ੍ਹਾ 4.9]**

ਪੰਜ ਖੁਦਮੁਖਤਿਆਰ ਸੰਗਠਨਾਂ ਵਲੋਂ 20 ਸਲਾਨਾ ਲੇਖੇ, ਲੇਖਾ ਪ੍ਰੀਖਿਆ ਨੂੰ ਪੇਸ਼ ਕਰਨ ਵਿੱਚ ਦੇਰੀ ਹੋਈ ਸੀ।

**[ਪੈਰ੍ਹਾ 4.10]**

ਕੁਵਰਤੋਂ, ਨੁਕਸਾਨ, ਚੋਰੀ, ਆਦਿ ਦੇ ₹ 33.55 ਕਰੋੜ ਦੀ ਰਾਸ਼ੀ ਦੇ 17 ਮਾਮਲੇ ਬਕਾਇਆ ਸਨ।

**[ਪੈਰ੍ਹਾ 4.12]**

# ਅਧਿਆਇ-I

# ਝਲਕ

# ਅਧਿਆਇ-I

# ਝਲਕ

## 1.1 ਰਾਜ ਦੀ ਰੂਪ ਰੇਖਾ

ਪੰਜਾਬ ਮੁੱਖ ਤੌਰ ਤੇ ਇੱਕ ਖੇਤੀਬਾੜੀ ਪ੍ਰਧਾਨ ਰਾਜ ਹੈ। ਇਹ ਰਾਜ ਭਾਰਤ ਦੇ ਉੱਤਰ ਪੱਛਮੀ ਕੋਣੇ ਵਿੱਚ ਸਥਿੱਤ ਹੈ। ਇਹ 50,362 ਵਰਗ ਕਿ.ਮੀ.ਦੇ ਭੂਗੋਲਿਕ ਖੇਤਰ ਵਿੱਚ ਫੈਲਿਆ ਹੋਇਆ ਹੈ ਅਤੇ ਖੇਤਰਫਲ ਅਨੁਸਾਰ ਰਾਜਾਂ ਵਿੱਚ ਇਸਦਾ 20ਵਾਂ ਦਰਜਾ ਹੈ। ਇਸ ਨੂੰ 22 ਜਿਲ੍ਹਿਆਂ ਵਿੱਚ ਸੰਗਠਿਤ ਕੀਤਾ ਗਿਆ ਹੈ। ਇਨ੍ਹਾਂ ਜਿਲ੍ਹਿਆਂ ਨੂੰ ਅੱਗੇ 91 ਸਬ-ਡਿਵੀਜ਼ਨਾਂ, 150 ਬਲਾਕਾਂ ਅਤੇ 12,581 ਵਸੇ ਹੋਏ ਪਿੰਡਾਂ ਵਿੱਚ ਵੰਡਿਆ ਗਿਆ ਹੈ।

ਸਾਲ 2011 ਦੀ ਜਨਗਣਨਾ ਅਨੁਸਾਰ, ਰਾਜ ਦੀ ਜਨਸੰਖਿਆ 2.77 ਕਰੋੜ ਸੀ ਜੋਕਿ ਦੇਸ਼ ਦੀ ਜਨਸੰਖਿਆ ਦਾ 2.33 *ਪ੍ਰਤੀਸ਼ਤ* ਹੈ ਅਤੇ ਜਨਸੰਖਿਆ ਦੇ ਹਿਸਾਬ ਨਾਲ ਰਾਜਾਂ ਵਿੱਚ ਇਸਦਾ 16ਵਾਂ ਦਰਜਾ ਹੈ। ਸਾਲ 2011 ਵਿੱਚ 551 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਦੀ ਰਾਜ ਦੀ ਜਨਸੰਖਿਆ ਘਣਤਾ, 382 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਦੀ ਰਾਸ਼ਟਰੀ ਔਸਤਨ ਜਨਸੰਖਿਆ ਘਣਤਾ ਨਾਲੋਂ ਵੱਧ ਹੈ। ਪ੍ਰਚੱਲਤ ਕੀਮਤਾਂ ਤੇ 2019-20 ਵਿੱਚ ਰਾਜ ਦਾ ਸਕਲ ਰਾਜ ਘਰੇਲੂ ਉਤਪਾਦ (ਜੀ ਐਸ ਡੀ ਪੀ), ₹ 5,74,760 ਕਰੋੜ ਸੀ। ਰਾਜ ਦੀ ਸਾਖਰਤਾ ਦਰ 75.80 *ਪ੍ਰਤੀਸ਼ਤ* (2011 ਦੀ ਜਨਗਣਨਾ ਅਨੁਸਾਰ) ***(ਅੰਤਿਕਾ 1.1)*** ਹੈ। ਸਾਲ 2019-20 ਲਈ ਰਾਜ ਦੀ ਪ੍ਰਤੀ ਵਿਅਕਤੀ ਆਮਦਨ ₹ 1,85,282 ਸੀ ਜੋਕਿ ਰਾਜਾਂ ਵਿੱਚ 16ਵੇਂ ਦਰਜੇ ਤੇ ਹੈ।

### 1.1.1 ਰਾਜ ਦਾ ਸਕਲ ਰਾਜ ਘਰੇਲੂ ਉਤਪਾਦ

ਸਕਲ ਰਾਜ ਘਰੇਲੂ ਉਤਪਾਦ (ਜੀ ਐਸ ਡੀ ਪੀ) ਇੱਕ ਦਿੱਤੇ ਹੋਏ ਸਮੇਂ ਵਿੱਚ ਰਾਜ ਦੀਆਂ ਸੀਮਾਵਾਂ ਦੇ ਅੰਦਰ ਪੈਦਾ ਕੀਤੇ ਜਾਣ ਵਾਲੀਆਂ ਸਾਰੀਆਂ ਵਸਤਾਂ ਅਤੇ ਸੇਵਾਵਾਂ ਦਾ ਮੁੱਲ ਹੈ। ਜੀ ਐਸ ਡੀ ਪੀ ਵਿੱਚ ਵਾਧਾ ਰਾਜ ਦੀ ਆਰਥਿਕਤਾ ਦਾ ਇਕ ਮੱਹਤਵਪੂਰਣ ਸੂਚਕ ਹੈ ਕਿਉਂਜੋ ਇਹ ਕਿਸੇ ਸਮੇਂ ਦੌਰਾਨ ਰਾਜ ਦੇ ਆਰਥਿਕ ਵਿਕਾਸ ਦੇ ਪੱਧਰ ਵਿੱਚ ਹੋਈਆਂ ਤਬਦੀਲੀਆਂ ਦੀ ਮਾਤਰਾ ਨੂੰ ਦਰਸਾਉਂਦਾ ਹੈ।

ਜੀ ਐਸ ਡੀ ਪੀ ਵਿੱਚ ਸੈਕਟਰਵਾਰ ਯੋਗਦਾਨ ਵਿੱਚ ਹੋਈਆਂ ਤਬਦੀਲੀਆਂ ਆਰਥਿਕਤਾ ਦੇ ਬਦਲਦੇ ਢਾਂਚੇ ਨੂੰ ਸਮਝਣ ਲਈ ਵੀ ਮਹੱਤਵਪੂਰਣ ਹਨ। ਆਰਥਿਕ ਗਤੀਵਿਧੀ ਨੂੰ ਆਮ ਤੌਰ ਤੇ ਪ੍ਰਾਇਮਰੀ, ਸੈਕੰਡਰੀ ਅਤੇ ਟੈਰਸ਼ਿਅਰੀ ਸੈਕਟਰਾਂ ਵਿੱਚ ਵੰਡਿਆ ਜਾਂਦਾ ਹੈ, ਜੋਕਿ ਖੇਤੀਬਾੜੀ, ਉਦਯੋਗ ਅਤੇ ਸੇਵਾ ਖੇਤਰਾਂ ਨਾਲ ਸਬੰਧਤ ਹਨ।

ਸਾਲ 2015-16 ਤੋਂ 2019-20 ਦੇ ਸਮੇ ਦੌਰਾਨ ਰਾਸ਼ਟਰੀ ਜੀ ਡੀ ਪੀ ਦੀ ਤੁਲਨਾ ਵਿੱਚ ਜੀ ਐਸ ਡੀ ਪੀ ਵਿੱਚ ਰੁਝਾਨ ਨੂੰ **ਸਾਰਣੀ** 1.1 ਵਿੱਚ ਦਰਸਾਇਆ ਗਿਆ ਹੈ ਅਤੇ ਜੀ ਐਸ ਡੀ ਪੀ ਵਿੱਚ ਸੈਕਟਰਵਾਰ ਯੋਗਦਾਨ ਅਤੇ ਵਾਧੇ ਨੂੰ ਕ੍ਰਮਵਾਰ **ਚਾਰਟ** 1.1 ਅਤੇ **ਚਾਰਟ** 1.2 ਵਿੱਚ ਦਰਸਾਇਆ ਗਿਆ ਹੈ।

## ਸਾਰਣੀ 1.1: ਰਾਸ਼ਟਰੀ ਜੀ ਡੀ ਪੀ ਦੀ ਤੁਲਨਾ ਵਿੱਚ ਜੀ ਐਸ ਡੀ ਪੀ ਵਿੱਚ ਰੁਝਾਨ (ਪ੍ਰਚੱਲਤ ਕੀਮਤਾਂ 'ਤੇ)

*(₹ ਕਰੋੜ ਵਿੱਚ)*

| ਸਾਲ | 2015-16 | 2016-17 | 2017-18 | 2018-19 (ਕਿਊ) | 2019-20 (ਏ) |
|---|---|---|---|---|---|
| ਰਾਸ਼ਟਰੀ ਜੀ ਡੀ ਪੀ (2011-12 ਦੀ ਲੜੀ) | 1,37,71,874 | 1,53,91,669 | 1,70,98,304 | 1,89,71,237 | 2,03,39,849 |
| ਪਿਛਲੇ ਸਾਲ ਦੀ ਤੁਲਨਾ ਵਿੱਚ ਜੀ ਡੀ ਪੀ ਦੀ ਵਿਕਾਸ ਦਰ (ਪ੍ਰਤੀਸ਼ਤ ਵਿੱਚ) | 10.46 | 11.76 | 11.09 | 10.95 | 7.21 |
| ਰਾਜ ਦੀ ਜੀ ਐਸ ਡੀ ਪੀ (2011-12 ਦੀ ਲੜੀ) | 3,90,087 | 4,26,988 | 4,70,834 | 5,26,376 | 5,74,760 |
| ਪਿਛਲੇ ਸਾਲ ਦੀ ਤੁਲਨਾ ਵਿੱਚ ਜੀ ਐਸ ਡੀ ਪੀ ਦੀ ਵਿਕਾਸ ਦਰ (ਪ੍ਰਤੀਸ਼ਤ ਵਿੱਚ) | 9.85 | 9.46 | 10.27 | 11.80 | 9.19 |

*ਸ੍ਰੋਤ: ਪੰਜਾਬ ਸਰਕਾਰ ਦੇ ਆਰਥਿਕ ਤੇ ਅੰਕੜਾ ਸੰਗਠਨ (www.esopb.gov.in) ਅਤੇ ਭਾਰਤ ਸਰਕਾਰ ਦੇ ਅੰਕੜਾ ਅਤੇ ਪ੍ਰੋਗਰਾਮ ਲਾਗੂਕਰਣ ਮੰਤਰਾਲੇ (www.mospi.nic.in) ਦੀ ਦਫਤਰੀ ਵੈਬਸਾਈਟ 'ਤੇ ਅਗਸਤ 2020 ਦੀ ਸਥਿਤੀ*
*ਕਿਉ-ਕਵਿੱਕ ਅਨੁਮਾਨ ਅਤੇ ਏ-ਅਡਵਾਂਸ ਅਨੁਮਾਨ*

### ਚਾਰਟ 1.1: ਜੀ ਐਸ ਡੀ ਪੀ ਨੂੰ ਸੈਕਟਰ-ਵਾਰ ਯੋਗਦਾਨ ਵਿੱਚ ਬਦਲਾਅ (2015-16 ਤੋਂ 2019-20)




*ਸ੍ਰੋਤ: ਆਰਥਿਕ ਅਤੇ ਅੰਕੜਾ ਸੰਗਠਨ, ਪੰਜਾਬ ਸਰਕਾਰ*

### ਚਾਰਟ 1.2: ਜੀ ਐਸ ਡੀ ਪੀ ਵਿੱਚ ਸੈਕਟਰ-ਵਾਰ ਵਾਧਾ




*ਸ੍ਰੋਤ: ਆਰਥਿਕ ਅਤੇ ਅੰਕੜਾ ਸੰਗਠਨ, ਪੰਜਾਬ ਸਰਕਾਰ*

## 1.2 ਰਾਜ ਦੇ ਵਿੱਤਾਂ ਉੱਤੇ ਲੇਖਾ ਪ੍ਰੀਖਿਆ ਰਿਪੋਰਟ ਦਾ ਅਧਾਰ ਅਤੇ ਪਹੁੰਚ

ਭਾਰਤ ਦੇ ਸੰਵਿਧਾਨ ਦੇ ਅਨੁਛੇਦ 151(2) ਅਨੁਸਾਰ ਕਿਸੇ ਰਾਜ ਦੇ ਲੇਖਿਆਂ ਨਾਲ ਸਬੰਧਤ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ (ਸੀ ਏ ਜੀ) ਦੀਆਂ ਰਿਪੋਰਟਾਂ ਰਾਜ ਦੇ ਰਾਜਪਾਲ ਨੂੰ ਪੇਸ਼ ਕੀਤੀਆਂ ਜਾਣੀਆਂ ਹਨ, ਜੋ ਕਿ ਇਨ੍ਹਾਂ ਰਿਪੋਰਟਾਂ ਨੂੰ ਰਾਜ ਦੀ ਵਿਧਾਨਪਾਲਿਕਾ ਦੇ ਸਨਮੁੱਖ ਪੇਸ਼ ਕਰਵਾਉਣਗੇ। ਰਾਜ ਦੇ ਵਿੱਤਾਂ ਉੱਤੇ ਲੇਖਾ ਪ੍ਰੀਖਿਆ ਰਿਪੋਰਟ (ਐਸ ਐਫ ਏ ਆਰ) ਭਾਰਤ ਦੇ ਸੰਵਿਧਾਨ ਦੇ ਉਕਤ ਅਨੁਛੇਦ ਅਧੀਨ ਬਣਾਈ ਅਤੇ ਪੇਸ਼ ਕੀਤੀ ਜਾਂਦੀ ਹੈ।

ਮਹਾਂ ਲੇਖਾਕਾਰ (ਲੇਖਾ ਤੇ ਹੱਕਦਾਰੀ) ਦੁਆਰਾ ਰਾਜ ਸਰਕਾਰ ਦੇ ਕੰਟਰੋਲ ਅਧੀਨ ਕੰਮ ਕਰ ਰਹੇ ਖਜ਼ਾਨਿਆਂ ਅਤੇ ਅਜਿਹੇ ਲੇਖੇ ਰੱਖਣ ਲਈ ਜ਼ਿੰਮੇਵਾਰ ਦਫਤਰਾਂ ਅਤੇ ਵਿਭਾਗਾਂ ਵਲੋਂ ਭੇਜੇ ਵਾਊਚਰਾਂ, ਚਲਾਨਾਂ ਅਤੇ ਆਰੰਭਿਕ ਤੇ ਸਹਾਇਕ ਲੇਖਿਆਂ ਅਤੇ ਭਾਰਤੀ ਰਿਜ਼ਰਵ ਬੈਂਕ ਕੋਲੋਂ ਪ੍ਰਾਪਤ ਵਿਵਰਣੀਆਂ ਤੋਂ ਰਾਜ ਦੇ ਸਲਾਨਾ ਵਿੱਤ ਲੇਖੇ ਅਤੇ ਨਿਮਿੱਤਣ ਲੇਖੇ ਬਣਾਏ ਜਾਂਦੇ ਹਨ। ਇਨਾਂ ਲੇਖਿਆਂ ਦੀ ਪ੍ਰਧਾਨ ਮਹਾਂ ਲੇਖਾਕਾਰ (ਲੇਖਾ ਪ੍ਰੀਖਿਆ) ਦੁਆਰਾ ਨਿਰਪੱਖ ਤੌਰ ਤੇ ਲੇਖਾ ਪ੍ਰੀਖਿਆ ਕੀਤੀ ਜਾਂਦੀ ਹੈ ਅਤੇ ਇਨਾਂ ਨੂੰ ਸੀ ਏ ਜੀ ਦੁਆਰਾ ਪ੍ਰਮਾਣਿਤ ਕੀਤਾ ਜਾਂਦਾ ਹੈ।

ਰਾਜ ਦੇ ਵਿੱਤ ਲੇਖੇ ਅਤੇ ਨਿਮਿੱਤਣ ਲੇਖੇ ਇਸ ਰਿਪੋਰਟ ਲਈ ਮੁੱਖ ਡਾਟਾ ਹਨ। ਹੋਰ ਸ੍ਰੋਤਾਂ ਵਿੱਚ ਹੇਠ ਲਿਖਤ ਸ਼ਾਮਲ ਹਨ:

- ਰਾਜ ਦਾ ਬਜਟ: ਪ੍ਰੋਜੈਕਸ਼ਨਾਂ ਦੀ ਤੁਲਨਾ ਵਿੱਚ ਵਿੱਤੀ ਮਾਪਦੰਡਾਂ ਅਤੇ ਵੰਡ ਤਰਜੀਹਾਂ ਦਾ ਮੁਲਾਂਕਣ ਕਰਨ ਲਈ ਅਤੇ ਇਸ ਦੇ ਨਾਲ ਨਾਲ ਇਸ ਦੇ ਲਾਗੂਕਰਣ ਦੀ ਪ੍ਰਭਾਵਿਕਤਾ ਅਤੇ ਸਬੰਧਤ ਨਿਯਮਾਂ ਅਤੇ ਨਿਰਧਾਰਤ ਪ੍ਰਕ੍ਰਿਆਵਾਂ ਦੀ ਪਾਲਣਾ ਦਾ ਮੁਲਾਂਕਣ ਕਰਨ ਲਈ ;
- ਪ੍ਰਧਾਨ ਮਹਾਂ ਲੇਖਾਕਾਰ (ਲੇਖਾ ਪ੍ਰੀਖਿਆ) ਦੇ ਦਫਤਰ ਦੁਆਰਾ ਕੀਤੀ ਗਈ ਲੇਖਾ ਪ੍ਰੀਖਿਆ ਦੇ ਨਤੀਜੇ;
- ਵਿਭਾਗੀ ਅਥਾਰਟੀਆਂ ਅਤੇ ਖਜ਼ਾਨਿਆਂ ਦਾ ਹੋਰ ਡਾਟਾ (ਲੇਖਾ ਅਤੇ ਇਸ ਦੇ ਨਾਲ ਨਾਲ ਐਮ ਆਈ ਐਸ);
- ਜੀ ਐਸ ਡੀ ਪੀ ਦਾ ਡਾਟਾ ਅਤੇ ਰਾਜ ਨਾਲ ਸਬੰਧਤ ਹੋਰ ਅੰਕੜੇ; ਅਤੇ
- ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀਆਂ ਵੱਖ ਵੱਖ ਲੇਖਾ ਪ੍ਰੀਖਿਆ ਰਿਪੋਰਟਾਂ ।

ਇਹ ਵਿਸ਼ਲੇਸ਼ਣ ਚੌਦਵੇਂ ਵਿੱਤ ਕਮਿਸ਼ਨ (ਐਫ ਐਫ ਸੀ) ਦੀਆਂ ਸਿਫਾਰਸ਼ਾਂ, ਰਾਜ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧਨ (ਐਫ ਆਰ ਬੀ ਐਮ) ਐਕਟ 2003, ਭਾਰਤ ਸਰਕਾਰ (ਜੀ ੳ ਆਈ) ਦੇ ਸਰਵੋਤਮ ਪ੍ਰਚਲਨਾਂ ਅਤੇ ਦਿਸ਼ਾ ਨਿਰਦੇਸ਼ਾਂ ਦੇ ਪ੍ਰਸੰਗ ਵਿੱਚ ਵੀ ਕੀਤਾ ਗਿਆ ਹੈ। ਰਾਜ ਦੇ ਵਿੱਤ ਵਿਭਾਗ ਦੇ ਨਾਲ ਇੱਕ ਐਂਟਰੀ ਕਾਨਫਰੰਸ ਕੀਤੀ ਗਈ ਸੀ (ਸਤੰਬਰ 2020), ਜਿਸ ਵਿੱਚ ਲੇਖਾ ਪ੍ਰੀਖਿਆ ਪਹੁੰਚ ਦੀ ਵਿਆਖਿਆ ਕੀਤੀ ਗਈ ਸੀ ਅਤੇ ਰਾਜ ਦੇ ਵਿਤਾਂ ਉੱਤੇ ਲੇਖਾ ਪ੍ਰੀਖਿਆ

ਰਿਪੋਰਟ (ਐਸ ਐਫ ਏ ਆਰ) ਦਾ ਖਰੜਾ ਰਾਜ ਸਰਕਾਰ ਨੂੰ ਟਿੱਪਣੀ ਲਈ ਭੇਜਿਆ ਗਿਆ ਸੀ (ਦਸੰਬਰ 2020)। ਪ੍ਰਮੁੱਖ ਸਕੱਤਰ (ਵਿੱਤ) ਪੰਜਾਬ ਸਰਕਾਰ ਨਾਲ ਹੋਈ ਐਗਜ਼ਿਟ ਕਾਨਫਰੰਸ (ਮਈ 2021) ਵਿੱਚ ਰਿਪੋਰਟ ਦੇ ਲੇਖਾ ਪ੍ਰੀਖਿਆ ਵਿਸ਼ਲੇਸ਼ਣ/ਲੱਭਤਾਂ ਦੀ ਚਰਚਾ ਕੀਤੀ ਗਈ ਸੀ। ਪ੍ਰਮੁੱਖ ਸਕੱਤਰ (ਵਿੱਤ) ਦੁਆਰਾ ਐਗਜ਼ਿਟ ਕਾਨਫਰੰਸ ਵਿੱਚ ਦਿੱਤੇ ਗਏ ਅਤੇ ਰਾਜ ਸਰਕਾਰ ਤੋਂ ਜੂਨ 2021 ਵਿੱਚ ਪ੍ਰਾਪਤ ਕੀਤੇ ਗਏ ਉੱਤਰਾਂ ਨੂੰ ਢੁਕਵੇਂ ਤੌਰ ਤੇ ਰਿਪੋਰਟ ਵਿੱਚ ਸ਼ਾਮਲ ਕਰ ਲਿਆ ਗਿਆ ਹੈ।

## 1.3 ਰਿਪੋਰਟ ਦੀ ਬਣਤਰ

ਐਸ ਐਫ ਏ ਆਰ ਹੇਠਾਂ ਦਿੱਤੇ ਗਏ ਚਾਰ ਅਧਿਆਇਆਂ ਵਿੱਚ ਬਣਾਈ ਗਈ ਹੈ।

| | |
|---|---|
| **ਅਧਿਆਇ-I** | **ਝਲਕ**<br>ਇਹ ਅਧਿਆਇ ਰਿਪੋਰਟ ਦੇ ਅਧਾਰ ਅਤੇ ਪਹੁੰਚ ਅਤੇ ਇਸ ਦੇ ਮੁਢਲੇ ਡਾਟੇ ਦਾ ਵਰਣਨ ਕਰਦਾ ਹੈ, ਸਰਕਾਰੀ ਲੇਖਿਆਂ ਦੇ ਢਾਂਚੇ, ਬਜਟਰੀ ਪ੍ਰਕਿਰਿਆਵਾਂ, ਪ੍ਰਮੁੱਖ ਸੂਚਕਾਂ ਦੇ ਮੈਕਰੋ ਵਿੱਤੀ ਵਿਸ਼ਲੇਸ਼ਣ ਅਤੇ ਘਾਟੇ/ਵਾਧੇ ਸਮੇਤ ਰਾਜ ਦੀ ਵਿੱਤੀ ਸਥਿਤੀ ਦੀ ਇੱਕ ਝਲਕ ਮੁਹੱਈਆ ਕਰਵਾਉਂਦਾ ਹੈ। |
| **ਅਧਿਆਇ-II** | **ਰਾਜ ਦੇ ਵਿੱਤ**<br>ਇਹ ਅਧਿਆਇ ਰਾਜ ਦੇ ਵਿੱਤ ਲੇਖਿਆਂ ਦੇ ਅਧਾਰ ਤੇ ਰਾਜ ਦੇ ਵਿੱਤਾਂ ਦਾ ਵਿਆਪਕ ਦ੍ਰਿਸ਼ ਮੁਹੱਈਆ ਕਰਵਾਉਂਦਾ ਹੈ, ਪਿਛਲੇ ਸਾਲ ਦੀ ਤੁਲਨਾ ਵਿੱਚ ਵੱਡੇ ਵਿੱਤੀ ਜੋੜਾਂ ਵਿੱਚ ਹੋਈਆਂ ਮਹੱਤਵਪੂਰਣ ਤਬਦੀਲੀਆਂ, ਸਾਲ 2015-16 ਤੋਂ 2019-20 ਦੌਰਾਨ ਸਮੁੱਚੇ ਰੁਝਾਨ, ਰਾਜ ਦੇ ਕਰਜ਼ੇ ਦੀ ਰੂਪਰੇਖਾ ਅਤੇ ਲੋਕ ਲੇਖੇ ਦੇ ਮੁੱਖ ਕਾਰਵਿਹਾਰਾਂ ਦਾ ਵਿਸ਼ਲੇਸ਼ਣ ਕਰਦਾ ਹੈ। |
| **ਅਧਿਆਇ-III** | **ਬਜਟਰੀ ਪ੍ਰਬੰਧਨ**<br>ਇਹ ਅਧਿਆਇ ਰਾਜ ਦੇ ਨਿਮਿੱਤਣ ਲੇਖਿਆ ਤੇ ਅਧਾਰਿਤ ਹੈ ਅਤੇ ਰਾਜ ਸਰਕਾਰ ਦੇ ਨਿਮਿੱਤਣਾਂ ਅਤੇ ਵੰਡ ਤਰਜੀਹਾਂ ਦੀ ਸਮੀਖਿਆ ਕਰਦਾ ਹੈ ਅਤੇ ਬਜਟਰੀ ਪ੍ਰਬੰਧਨ ਨਾਲ ਸਬੰਧਤ ਸੰਵਿਧਾਨਿਕ ਉਪਬੰਧਾਂ ਦੀ ਉਲੰਘਣਾ 'ਤੇ ਰਿਪੋਰਟ ਕਰਦਾ ਹੈ। |
| **ਅਧਿਆਇ-IV** | **ਲੇਖਿਆਂ ਅਤੇ ਵਿੱਤੀ ਰਿਪੋਰਟਿੰਗ ਦੇ ਪ੍ਰਚਲਨਾਂ ਦੀ ਗੁਣਵੱਤਾ**<br>ਇਹ ਅਧਿਆਇ ਰਾਜ ਸਰਕਾਰ ਦੀਆਂ ਵੱਖ ਵੱਖ ਅਥਾਰਟੀਆਂ ਦੁਆਰਾ ਪੇਸ਼ ਕੀਤੇ ਗਏ ਲੇਖਿਆਂ ਦੀ ਗੁਣਵੱਤਾ ਅਤੇ ਨਿਰਧਾਰਤ ਵਿੱਤੀ ਨਿਯਮਾਂ ਅਤੇ ਵਿਨਿਯਮਾਂ ਦੀ ਰਾਜ ਸਰਕਾਰ ਦੇ ਵੱਖ ਵੱਖ ਵਿਭਾਗਾਂ ਦੇ ਕਰਮਚਾਰੀਆਂ ਦੁਆਰਾ ਪਾਲਣਾ ਨਾ ਕਰਨ ਦੇ ਮਾਮਲਿਆਂ 'ਤੇ ਟਿੱਪਣੀ ਕਰਦਾ ਹੈ। |

## 1.4 ਸਰਕਾਰੀ ਲੇਖਿਆਂ ਦੀ ਬਣਤਰ ਅਤੇ ਬਜਟਰੀ ਪ੍ਰਕ੍ਰਿਆਵਾਂ ਦੀ ਝਲਕ

ਰਾਜ ਸਰਕਾਰ ਦੇ ਲੇਖੇ ਤਿੰਨ ਭਾਗਾਂ ਵਿੱਚ ਰੱਖੇ ਜਾਂਦੇ ਹਨ।

**I. ਰਾਜ ਦਾ ਸੰਚਿਤ ਫੰਡ** (**ਭਾਰਤ ਦੇ ਸੰਵਿਧਾਨ ਦਾ ਅਨੁਛੇਦ** 266 (1))

ਇਸ ਫੰਡ ਵਿੱਚ, ਰਾਜ ਸਰਕਾਰ ਦੁਆਰਾ ਪ੍ਰਾਪਤ ਕੀਤਾ ਸਾਰਾ ਰੈਵੀਨਿਊ, ਰਾਜ ਸਰਕਾਰ ਦੁਆਰਾ ਲਏ ਗਏ ਸਾਰੇ ਕਰਜ਼ੇ (ਮਾਰਕੀਟ ਕਰਜ਼ੇ, ਬਾਂਡਜ਼, ਕੇਂਦਰ ਸਰਕਾਰ ਤੋਂ ਕਰਜ਼ੇ, ਵਿੱਤੀ ਸੰਸਥਾਵਾਂ ਤੋਂ ਕਰਜ਼ੇ, ਰਾਸ਼ਟਰੀ ਛੋਟੀਆਂ ਬੱਚਤਾਂ ਫੰਡ ਨੂੰ ਜਾਰੀ ਵਿਸ਼ੇਸ਼ ਸਕਿਓਰਟੀਆਂ, ਆਦਿ), ਭਾਰਤੀ ਰਿਜ਼ਰਵ ਬੈਂਕ ਦੁਆਰਾ ਦਿੱਤੀਆਂ ਗਈਆਂ ਵੇਅਜ਼ ਅਤੇ ਮੀਨਜ਼ ਪੇਸ਼ਗੀਆਂ ਅਤੇ ਰਾਜ ਸਰਕਾਰ ਦੁਆਰਾ ਕਰਜ਼ਿਆਂ ਦੀ ਮੁੜ ਅਦਾਇਗੀ ਵਜੋਂ ਪ੍ਰਾਪਤ ਕੀਤਾ ਸਾਰਾ ਧਨ ਸ਼ਾਮਲ ਹੈ। ਇਸ ਫੰਡ ਵਿਚੋਂ ਕੋਈ ਵੀ ਪੈਸਾ ਸਿਵਾਏ ਕਾਨੂੰਨ ਅਨੁਸਾਰ ਅਤੇ ਭਾਰਤ ਦੇ ਸੰਵਿਧਾਨ ਵਿੱਚ ਦਿੱਤੇ ਗਏ ਮੰਤਵਾਂ ਅਤੇ ਵਿਧੀ ਦੇ ਵਰਤਿਆ ਨਹੀਂ ਜਾ ਸਕਦਾ। ਖਰਚੇ ਦੀਆਂ ਕੁਝ ਸ਼੍ਰੇਣੀਆਂ (ਭਾਵ ਸੰਵਿਧਾਨਿਕ ਅਥਾਰਟੀਆਂ ਦੀਆਂ ਤਨਖਾਹਾਂ, ਕਰਜ਼ਿਆਂ ਦੀਆਂ ਮੁੜ ਅਦਾਇਗੀਆਂ, ਆਦਿ) ਰਾਜ ਦੇ ਸੰਚਿਤ ਫੰਡ ਤੋਂ ਕੀਤੇ ਜਾਂਦੇ ਚਾਰਜ (ਚਾਰਜਡ ਖਰਚੇ) ਵਿੱਚ ਸ਼ਾਮਲ ਹਨ ਅਤੇ ਇਹ ਵਿਧਾਨਪਾਲਿਕਾ ਦੀ ਵੋਟ ਅਧੀਨ ਨਹੀਂ ਹਨ। ਹੋਰ ਸਾਰੇ ਖਰਚੇ (ਵੋਟਡ ਖਰਚੇ) ਲਈ ਵਿਧਾਨਪਾਲਿਕਾ ਤੋਂ ਵੋਟ ਲਈ ਜਾਂਦੀ ਹੈ।

**II ਰਾਜ ਦਾ ਅਚੇਤ ਫੰਡ** (**ਭਾਰਤ ਦੇ ਸੰਵਿਧਾਨ ਦਾ ਅਨੁਛੇਦ** 267(2))

ਇਹ ਫੰਡ ਇੱਕ ਇੰਪਰੈਸਟ ਦੀ ਸ਼ਕਲ ਵਿੱਚ ਹੈ ਜਿਸਨੂੰ ਕਿ ਵਿਧਾਨਪਾਲਿਕਾ ਦੁਆਰਾ ਕਨੂੰਨ ਰਾਹੀਂ ਸਥਾਪਿਤ ਕੀਤਾ ਜਾਂਦਾ ਹੈ ਅਤੇ ਇਸਨੂੰ ਵਿਧਾਨਪਾਲਿਕਾ ਪਾਸੋਂ ਮਨਜ਼ੂਰੀ ਨੂੰ ਅੱਗੇ ਪਾਉਂਦੇ ਹੋਏ ਅਣਚਿਤਵੇ ਖਰਚੇ ਕਰਨ ਲਈ ਦਿੱਤੀਆਂ ਜਾਣ ਵਾਲੀਆਂ ਪੇਸ਼ਗੀਆਂ ਦੇਣ ਦੇ ਯੋਗ ਬਣਾਉਣ ਲਈ ਰਾਜਪਾਲ ਦੇ ਅਖਤਿਆਰ ਵਿਚ ਰੱਖਿਆ ਜਾਂਦਾ ਹੈ। ਇਸ ਫੰਡ ਦੀ ਭਰਪੂਰਤੀ ਰਾਜ ਦੇ ਸੰਚਿਤ ਫੰਡ ਨਾਲ ਸਬੰਧਤ ਫੰਕਸ਼ਨਲ ਮੁੱਖ ਮੱਦ ਨੂੰ ਖਰਚਾ ਡੈਬਿਟ ਕਰਕੇ ਕੀਤੀ ਜਾਂਦੀ ਹੈ।

**III. ਰਾਜ ਦਾ ਲੋਕ ਲੇਖਾ** (**ਸੰਵਿਧਾਨ ਦੇ ਅਨੁਛੇਦ** 266(2))

ਉਪਰੋਕਤ ਤੋਂ ਇਲਾਵਾ, ਸਰਕਾਰ ਦੁਆਰਾ ਜਾਂ ਸਰਕਾਰ ਵਾਸਤੇ ਪ੍ਰਾਪਤ ਕੀਤਾ ਸਾਰਾ ਹੋਰ ਜਨਤਕ ਧਨ, ਜਿੱਥੇ ਕਿ ਸਰਕਾਰ ਬੈਂਕਰ ਜਾਂ ਟਰੱਸਟੀ ਵਜੋਂ ਕੰਮ ਕਰਦੀ ਹੈ, ਲੋਕ ਲੇਖੇ ਵਿੱਚ ਕਰੈਡਿਟ ਕੀਤਾ ਜਾਂਦਾ ਹੈ। ਲੋਕ ਲੇਖੇ ਵਿੱਚ ਮੁੜ ਭੁਗਤਾਨਯੋਗ ਜਿਵੇਂ ਕਿ ਛੋਟੀਆਂ ਬੱਚਤਾਂ ਅਤੇ ਪ੍ਰਾਵੀਡੈਂਟ ਫੰਡਜ਼, ਡਿਪਾਜ਼ਿਟਸ (ਵਿਆਜਯੋਗ ਅਤੇ ਵਿਆਜਹੀਣ), ਪੇਸ਼ਗੀਆਂ, ਰਿਜ਼ਰਵ ਫੰਡ (ਵਿਆਜਯੋਗ ਅਤੇ ਵਿਆਜਹੀਣ), ਰੈਮੀਟੈਂਸਜ਼ ਅਤੇ ਸਸਪੈਂਸ ਮੱਦਾਂ (ਜੋਕਿ ਦੋਵੇਂ ਅਸਥਾਈ ਮੱਦਾਂ ਹਨ, ਜਿਨ੍ਹਾਂ ਨੂੰ ਕਿ ਅੰਤਿਮ ਇੰਦਰਾਜ ਬਾਅਦ ਵਿੱਚ ਕਰਨ ਲਈ ਪੈਂਡਿੰਗ ਰੱਖ ਲਿਆ ਜਾਂਦਾ ਹੈ) ਸ਼ਾਮਲ ਹਨ। ਸਰਕਾਰ ਕੋਲ ਉਪਲੱਬਧ ਨਿਰੋਲ ਕੈਸ਼ ਬਕਾਇਆ ਵੀ ਲੋਕ ਲੇਖੇ ਅਧੀਨ ਸ਼ਾਮਲ ਹੁੰਦਾ ਹੈ। ਲੋਕ ਲੇਖਾ ਵਿਧਾਨਪਾਲਿਕਾ ਦੀ ਵੋਟ ਅਧੀਨ ਨਹੀਂ ਹੈ।

### ਬਜਟ ਦਸਤਾਵੇਜ਼

ਹਰ ਵਿੱਤੀ ਸਾਲ ਨਾਲ ਸਬੰਧਤ ਸਰਕਾਰ ਦੀਆਂ ਅਨੁਮਾਨਿਤ ਪ੍ਰਾਪਤੀਆਂ ਅਤੇ ਖਰਚੇ ਦੀ ਇੱਕ ਵਿਵਰਣੀ ਰਾਜ ਦੀ ਵਿਧਾਨਪਾਲਿਕਾ ਦੇ ਸਦਨਾਂ ਜਾਂ ਸਦਨ ਦੇ ਸਨਮੁੱਖ ਪੇਸ਼ ਕਰਨ ਦੀ ਭਾਰਤ

ਵਿੱਚ ਇੱਕ ਸੰਵਿਧਾਨਕ ਲੋੜ ਹੈ (ਅਨੁਛੇਦ 202)। ਇਹ 'ਸਲਾਨਾ ਵਿੱਤੀ ਵਿਵਰਣੀ' ਮੁੱਖ ਬਜਟ ਦਸਤਾਜਵੇਜ਼ ਹੈ। ਇਸ ਤੋ ਇਲਾਵਾ, ਬਜਟ ਵਿੱਚ ਰੈਵੀਨਿਊ ਲੇਖੇ ਦੇ ਖਰਚੇ ਨੂੰ ਹੋਰ ਖਰਚਿਆਂ ਨਾਲੋਂ ਲਾਜ਼ਮੀ ਤੌਰ ਤੇ ਵੱਖ ਕਰਕੇ ਦਰਸਾਉਣਾ ਚਾਹੀਦਾ ਹੈ।

**ਰੈਵੀਨਿਊ ਪ੍ਰਾਪਤੀਆਂ** ਵਿੱਚ ਕਰ ਰੈਵੀਨਿਊ, ਗੈਰ- ਕਰ ਰੈਵੀਨਿਊ, ਕੇਂਦਰੀ ਕਰਾਂ/ ਡਿਊਟੀਆਂ ਦਾ ਹਿੱਸਾ ਅਤੇ ਭਾਰਤ ਸਰਕਾਰ ਤੋਂ ਗ੍ਰਾਂਟਾਂ ਸ਼ਾਮਲ ਹਨ।

**ਰੈਵੀਨਿਊ ਖਰਚਿਆਂ** ਵਿੱਚ ਸਰਕਾਰ ਦੇ ਉਹ ਸਾਰੇ ਖਰਚੇ ਸ਼ਾਮਲ ਹੁੰਦੇ ਹਨ ਜਿਨ੍ਹਾਂ ਦੇ ਨਤੀਜੇ ਵਜੋਂ ਭੌਤਿਕ ਜਾਂ ਵਿੱਤੀ ਜਾਇਦਾਦਾਂ ਦਾ ਨਿਰਮਾਣ ਨਹੀਂ ਹੁੰਦਾ। ਇਹ ਉਨ੍ਹਾਂ ਖਰਚਿਆਂ ਨਾਲ ਸਬੰਧਿਤ ਹਨ ਜੋਕਿ ਸਰਕਾਰੀ ਵਿਭਾਗਾਂ ਦੇ ਆਮ ਕੰਮਕਾਜ ਅਤੇ ਵੱਖ ਵੱਖ ਸੇਵਾਵਾਂ, ਸਰਕਾਰ ਦੁਆਰਾ ਲਏ ਗਏ ਕਰਜ਼ਿਆਂ 'ਤੇ ਵਿਆਜ ਦੀਆਂ ਅਦਾਇਗੀਆਂ ਅਤੇ ਵੱਖ ਵੱਖ ਸੰਸਥਾਵਾਂ ਨੂੰ ਦਿੱਤੀਆ ਗਈਆ ਗ੍ਰਾਂਟਾਂ ਲਈ ਕੀਤੇ ਜਾਂਦੇ ਹਨ (ਭਾਵੇਂ ਕਿ ਇਨ੍ਹਾਂ ਵਿੱਚੋਂ ਕੁੱਝ ਗ੍ਰਾਂਟਾਂ ਜਾਇਦਾਦਾਂ ਦੇ ਨਿਰਮਾਣ ਲਈ ਵੀ ਹੋ ਸਕਦੀਆਂ ਹਨ)।

**ਪੂੰਜੀਗਤ ਪ੍ਰਾਪਤੀਆਂ** ਵਿੱਚ ਹੇਠ ਲਿਖਤ ਸ਼ਾਮਲ ਹਨ:

- **ਕਰਜ਼ਾ ਪ੍ਰਾਪਤੀਆਂ:** ਮਾਰਕੀਟ ਕਰਜ਼ੇ, ਬਾਂਡਜ਼, ਵਿੱਤੀ ਸੰਸਥਾਵਾਂ ਤੋਂ ਕਰਜ਼ੇ, ਵੇਅਜ਼ ਅਤੇ ਮੀਨਜ਼ ਪੇਸ਼ਗੀਆਂ ਅਧੀਨ ਨਿਰੋਲ ਲੈਣ ਦੇਣ, ਕੇਂਦਰ ਸਰਕਾਰ ਤੋਂ ਕਰਜ਼ੇ ਅਤੇ ਪੇਸ਼ਗੀਆਂ, ਆਦਿ: ਅਤੇ
- **ਗੈਰ-ਕਰਜ਼ਾ ਪ੍ਰਾਪਤੀਆਂ:** ਵਿਨਿਵੇਸ਼ ਤੋਂ ਵੱਟਕ, ਕਰਜ਼ੇ ਅਤੇ ਪੇਸ਼ਗੀਆਂ ਦੀਆਂ ਵਸੂਲੀਆਂ, ਆਦਿ।

**ਪੂੰਜੀਗਤ ਖਰਚੇ** ਵਿੱਚ ਭੌਂ ਪ੍ਰਾਪਤੀ, ਬਿਲਡਿੰਗ, ਮਸ਼ੀਨਰੀ, ਸਾਜ਼ੋ ਸਮਾਨ, ਸ਼ੇਅਰਾਂ ਵਿੱਚ ਨਿਵੇਸ਼ ਅਤੇ ਸਰਕਾਰ ਦੁਆਰਾ ਜਨਤਕ ਖੇਤਰ ਦੇ ਅਦਾਰਿਆਂ (ਪੀ ਐਸ ਯੂ) ਅਤੇ ਹੋਰ ਧਿਰਾਂ ਨੂੰ ਦਿੱਤੇ ਕਰਜ਼ੇ ਅਤੇ ਪੇਸ਼ਗੀਆਂ 'ਤੇ ਕੀਤਾ ਖਰਚਾ ਸ਼ਾਮਲ ਹੈ।

ਇਸ ਸਮੇਂ ਸਾਡੇ ਕੋਲ ਸਰਕਾਰ ਵਿੱਚ ਇੱਕ ਲੇਖਾ ਵਰਗੀਕਰਣ ਦਾ ਸਿਸਟਮ ਹੈ ਜਿਹੜਾ ਕਿ ਫੰਕਸ਼ਨਲ ਅਤੇ ਆਰਥਿਕ ਦੋਵੇਂ ਹੀ ਹੈ।

| | ਵਿੱਤੀ ਕਾਰਵਿਹਾਰ ਦੀ ਪ੍ਰਕ੍ਰਿਤੀ | ਵਰਗੀਕਰਣ |
|---|---|---|
| ਸੀ ਜੀ ਏ ਦੁਆਰਾ ਮੁੱਖ ਅਤੇ ਛੋਟੀਆਂ ਮੱਦਾਂ ਦੀ ਸੂਚੀ ਵਿੱਚ ਮਿਆਰੀਕਰਣ | ਫੰਕਸ਼ਨ-ਸਿੱਖਿਆਂ, ਸਿਹਤ, ਆਦਿ/ਵਿਭਾਗ | ਗ੍ਰਾਂਟਾਂ ਅਧੀਨ ਮੁੱਖ ਮੱਦ (4-ਅੰਕ) |
| | ਸਬ-ਫੰਕਸ਼ਨ | ਉਪ ਮੁੱਖ ਮੱਦ (2-ਅੰਕ) |
| | ਪ੍ਰੋਗਰਾਮ | ਛੋਟੀ ਮੱਦ (3-ਅੰਕ) |
| ਰਾਜਾਂ ਲਈ ਛੱਡਿਆ ਗਿਆ ਲਚਕੀਲਾਪਣ | ਸਕੀਮ | ਉਪ ਮੱਦ (2-ਅੰਕ) |
| | ਸਬ-ਸਕੀਮ | ਵਿਸਥਾਰਤ ਮੱਦ (2-ਅੰਕ) |
| | ਆਰਥਿਕ ਪ੍ਰਕ੍ਰਿਰਤੀ/ਗਤੀਵਿਧੀ | ਆਬਜੈਕਟ ਮੱਦ –ਤਨਖਾਹ, ਮਾਈਨਰ ਵਰਕਸ, ਆਦਿ (2- ਅੰਕ) |

ਫੰਕਸ਼ਨਲ ਵਰਗੀਕਰਣ ਸਾਨੂੰ ਵਿਭਾਗ, ਕੰਮ, ਸਕੀਮ ਜਾਂ ਪ੍ਰੋਗਰਾਮ ਅਤੇ ਖਰਚੇ ਦੇ ਆਬਜੈਕਟ ਦੀ ਜਾਣਕਾਰੀ ਦਿੰਦਾ ਹੈ। ਆਰਥਿਕ ਵਰਗੀਕਰਣ ਇਨ੍ਹਾਂ ਅਦਾਇਗੀਆਂ ਨੂੰ ਰੈਵੀਨਿਊ, ਪੂੰਜੀਗਤ, ਕਰਜ਼ੇ, ਆਦਿ ਵਜੋਂ ਸੰਗਠਿਤ ਕਰਨ ਵਿੱਚ ਸਹਾਇਤਾ ਕਰਦਾ ਹੈ। ਆਰਥਿਕ ਵਰਗੀਕਰਣ 4-ਅੰਕ ਵਾਲੀ ਮੁੱਖ ਮੱਦ ਦੇ ਪਹਿਲੇ ਅੰਕ ਵਿੱਚ ਸ਼ਾਮਲ ਨੰਬਰਿੰਗ ਲੌਜਿਕ ਰਾਹੀਂ ਹਾਸਲ ਕੀਤਾ ਜਾਂਦਾ ਹੈ। ਉਦਾਹਰਣ ਲਈ 0 ਅਤੇ 1 ਰੈਵੀਨਿਊ ਪ੍ਰਾਪਤੀਆਂ ਲਈ ਹੈ, 2 ਅਤੇ 3 ਰੈਵੀਨਿਊ ਖਰਚੇ ਲਈ ਹੈ, ਆਦਿ। ਆਰਥਿਕ ਵਰਗੀਕਰਣ ਇੱਕ ਅੰਤਰੀਵ ਪਰਿਭਾਸ਼ਾ ਅਤੇ ਕੁਝ ਆਬਜੈਕਟ ਮੱਦਾਂ ਦੀ ਵੰਡ ਰਾਹੀਂ ਵੀ ਹਾਸਲ ਕੀਤਾ ਜਾਂਦਾ ਹੈ। ਉਦਾਹਰਣ ਲਈ ਆਮ ਤੌਰ ਤੇ ਆਬਜੈਕਟ ਮੱਦ "ਤਨਖਾਹ" ਰੈਵੀਨਿਊ ਖਰਚਾ ਹੁੰਦਾ ਹੈ,ਆਬਜੈਕਟ ਮੱਦ "ਨਿਰਮਾਣ" ਪੂੰਜੀਗਤ ਖਰਚਾ ਹੁੰਦਾ ਹੈ। ਬਜਟ ਦਸਤਾਵੇਜ਼ਾਂ ਵਿੱਚ ਆਬਜੈਕਟ ਮੱਦ ਨਿਮਿੱਤਣ ਦੀ ਮੁਢਲੀ ਇਕਾਈ ਹੈ।

**ਚਾਰਟ 1.3 ਸਰਕਾਰੀ ਲੇਖਿਆਂ ਦੀ ਬਣਤਰ**




*ਸ੍ਰੋਤ : ਵਿੱਤ ਲੇਖੇ*

## ਬਜਟਰੀ ਪ੍ਰਕ੍ਰਿਆ

ਭਾਰਤ ਦੇ ਸੰਵਿਧਾਨ ਦੇ ਅਨੁਛੇਦ 202 ਅਨੁਸਾਰ ਰਾਜ ਦੇ ਰਾਜਪਾਲ, ਰਾਜ ਦੀਆਂ ਅਨੁਮਾਨਿਤ ਪ੍ਰਾਪਤੀਆਂ ਅਤੇ ਖਰਚੇ ਦੀ ਵਿਵਰਣੀ, ਇੱਕ ਸਲਾਨਾ ਵਿੱਤੀ ਵਿਵਰਣੀ ਦੇ ਰੂਪ ਵਿੱਚ ਰਾਜ ਦੀ ਵਿਧਾਨਪਾਲਿਕਾ ਦੇ ਸਨਮੁੱਖ ਪੇਸ਼ ਕਰਵਾਉਣਗੇ। ਅਨੁਛੇਦ 203 ਦੇ ਅਨੁਸਾਰ ਇਹ ਵਿਵਰਣੀ ਰਾਜ ਵਿਧਾਨਪਾਲਿਕਾ ਨੂੰ ਗ੍ਰਾਂਟਾਂ ਦੀ ਮੰਗ/ਨਿਮਿੱਤਣਾਂ ਦੇ ਰੂਪ ਵਿੱਚ ਪੇਸ਼ ਕੀਤੀ ਜਾਂਦੀ ਹੈ ਅਤੇ

ਇਨ੍ਹਾਂ ਦੀ ਮਨਜ਼ੂਰੀ ਤੋਂ ਬਾਅਦ ਸੰਚਿਤ ਫੰਡ ਵਿੱਚੋਂ ਲੋੜੀਂਦਾ ਧਨ ਹਾਸਲ ਕਰਨ ਲਈ ਅਨੁਛੇਦ 204 ਅਧੀਨ ਵਿਧਾਨਪਾਲਿਕਾ ਵੱਲੋਂ ਨਿਮਿੱਤਣ ਬਿਲ ਪਾਸ ਕੀਤਾ ਜਾਂਦਾ ਹੈ।

ਰਾਜ ਦਾ ਬਜਟ ਮੈਨੂਅਲ ਬਜਟ ਤਿਆਰ ਕਰਨ ਦੀ ਪ੍ਰੀਕਿਰਿਆ ਦਾ ਵੇਰਵਾ ਦਿੰਦਾ ਹੈ ਅਤੇ ਰਾਜ ਸਰਕਾਰ ਨੂੰ ਇਸ ਦੇ ਬਜਟ ਅਨੁਮਾਨਾਂ ਨੂੰ ਤਿਆਰ ਕਰਨ ਵਿੱਚ ਅਤੇ ਇਸ ਦੇ ਖਰਚਿਆਂ ਦੀਆਂ ਗਤੀਵਿਧੀਆਂ ਦੀ ਨਿਗਰਾਨੀ ਕਰਨ ਲਈ ਮਾਰਗ ਦਰਸ਼ਨ ਕਰਦਾ ਹੈ। ਬਜਟ ਦੀ ਲੇਖਾ ਪ੍ਰੀਖਿਆ ਜਾਂਚ ਦੇ ਨਤੀਜੇ ਅਤੇ ਰਾਜ ਸਰਕਾਰ ਦੀਆਂ ਹੋਰ ਬਜਟਰੀ ਪਹਿਲਕਦਮੀਆਂ ਦੇ ਲਾਗੂਕਰਣ ਨੂੰ ਇਸ ਰਿਪੋਰਟ ਦੇ ਅਧਿਆਇ III ਵਿੱਚ ਵਿਸਥਾਰਤ ਕੀਤਾ ਗਿਆ ਹੈ।

### 1.4.1 ਵਿੱਤਾਂ ਦੀ ਤਸਵੀਰ

**ਸਾਰਣੀ** 1.2 ਸਾਲ 2019-20 ਲਈ ਬਜਟ ਅਨੁਮਾਨਾਂ (ਬੀ ਈ) ਅਤੇ ਜੀ ਐਸ ਡੀ ਪੀ ਦੀ ਤੁਲਨਾ ਵਿੱਚ ਸਾਲ 2018-19 ਅਤੇ 2019-20 ਲਈ ਅਸਲ ਵਿੱਤੀ ਨਤੀਜਿਆਂ ਦੇ ਵੇਰਵੇ ਦਰਸਾਉਂਦੀ ਹੈ।

**ਸਾਰਣੀ 1.2: ਵਿੱਤਾਂ ਦੀ ਤਸਵੀਰ**

*(₹ ਕਰੋੜ ਵਿੱਚ)*

| ਲੜੀ ਨੰ. | ਭਾਗ | 2018-19 (ਅਸਲ) | 2019-20 (ਬੀ ਈ) | 2019-20 ( ਅਸਲ ) | ਬੀ ਈ ਨੂੰ ਅਸਲਾਂ ਦੀ ਪ੍ਰਤੀਸ਼ਤਤਾ | ਜੀ ਐਸ ਡੀ ਪੀ ਨੂੰ ਅਸਲਾਂ ਦੀ ਪ੍ਰਤੀਸ਼ਤਤਾ |
|---|---|---|---|---|---|---|
| 1. | ਆਪਣਾ ਕਰ ਰੈਵੀਨਿਊ | 31,574.28 | 37,674.20 | 29,994.79 | 79.62 | 5.22 |
| 2. | ਗੈਰ-ਕਰ ਰੈਵੀਨਿਊ | 7,582.29 | 9,476.98 | 6,654.08 | 70.21 | 1.16 |
| 3. | ਕੇਂਦਰੀ ਕਰਾਂ/ ਡਿਊਟੀਆਂ ਦਾ ਹਿੱਸਾ | 12,005.14 | 13,319.42 | 10,345.85 | 77.67 | 1.80 |
| 4. | ਸਹਾਇਤਾ ਗ੍ਰਾਂਟਾਂ ਅਤੇ ਯੋਗਦਾਨ | 11,107.37 | 18,039.10 | 14,580.03 | 80.82 | 2.54 |
| **5.** | **ਰੈਵੀਨਿਊ ਪ੍ਰਾਪਤੀਆਂ (1+2+3+4)** | **62,269.08** | **78,509.70** | **61,574.75** | **78.43** | **10.71** |
| 6. | ਕਰਜ਼ੇ ਅਤੇ ਪੇਸ਼ਗੀਆਂ ਦੀ ਵਸੂਲੀ | 848.67 | 15,685.18 | 16,070.44$ | 102.46 | 2.80 |
| 7. | ਹੋਰ ਪ੍ਰਾਪਤੀਆਂ | 0.02 | 0.00 | 0.30 | 0.00 | 0.00 |
| 8. | ਉਧਾਰ ਅਤੇ ਹੋਰ ਦੇਣਦਾਰੀਆਂ* | 16,059.23 | 19,657.87 | 16,825.76 | 85.59 | 2.93 |
| **9.** | **ਪੂੰਜੀਗਤ ਪ੍ਰਾਪਤੀਆਂ (6+7+8)** | **16,907.92** | **35,343.05** | **32,896.50** | **93.08** | **5.72** |
| **10.** | **ਕੁੱਲ ਪ੍ਰਾਪਤੀਆਂ (5+9)** | **79,177.00** | **1,13,852.75** | **94,471.25** | **82.98** | **16.44** |
| **11.** | **ਰੈਵੀਨਿਊ ਖਰਚਾ** | **75,403.71** | **90,196.96** | **75,859.64** | **84.10** | **13.20** |
| 12. | ਵਿਆਜ ਅਦਾਇਗੀਆਂ# | 16,305.89 | 17,669.25 | 17,567.17 | 99.42 | 3.06 |
| **13.** | **ਪੂੰਜੀਗਤ ਖਰਚਾ** | 3,773.29 | 23,655.79 | 18,611.61 | 78.68 | 3.24 |
| 14. | ਪੂੰਜੀਗਤ ਆਊਟਲੇਅ | 2,412.24 | 22,842.06 | 17,827.73 | 78.05 | 3.10 |
| 15. | ਕਰਜ਼ੇ ਅਤੇ ਪੇਸ਼ਗੀਆਂ | 1,361.05 | 813.73 | 783.88 | 96.33 | 0.14 |
| **16.** | **ਕੁੱਲ ਖਰਚਾ (11+13)** | **79,177.00** | **1,13,852.75** | **94,471.25** | **82.98** | **16.44** |
| **17.** | **ਰੈਵੀਨਿਊ ਘਾਟਾ (5-11)** | **(-)13,134.63** | **(-)11,687.26** | **(-)14,284.89** | **122.23** | **2.49** |
| **18.** | **ਵਿੱਤੀ ਘਾਟਾ {(5+6+7)-16}** | **(-)16,059.23** | **(-)19,657.87** | **(-)16,825.76** | **85.59** | **2.93** |
| **19.** | **ਮੁੱਢਲਾ ਘਾਟਾ(-)/ ਵਾਧਾ (+) (18-12)** | **246.66** | **(-)1,988.62** | **741.41** | **137.28** | **0.13** |

*ਸ੍ਰੋਤ : ਵਿੱਤ ਲੇਖੇ*

*$ ਚਾਲੂ ਸਾਲ ਦੌਰਾਨ ਕਰਜ਼ੇ ਅਤੇ ਪੇਸ਼ਗੀਆਂ ਦੀ ਵਸੂਲੀ ਵਿੱਚ ਵੱਡਾ ਵਾਧਾ, ਮੁੱਖ ਤੌਰ ਤੇ ਯੂ ਡੀ ਏ ਵਾਈ ਕਰਜ਼ਿਆਂ ਨੂੰ ਇਕਿਊਟੀ ਵਿੱਚ ਬਦਲਣ ਲਈ ਪੰਜਾਬ ਰਾਜ ਪਾਵਰ ਸਪਲਾਈ ਕਾਰਪੋਰੇਸ਼ਨ (ਪੀ ਐਸ ਪੀ ਸੀ ਐਲ) ਤੋਂ ₹ 15,628 ਕਰੋੜ ਦੀ ਵਸੂਲੀ ਹੋਣ ਕਰਕੇ ਸੀ, ਜਿਵੇਂ ਕਿ ਪੈਰ੍ਹਾ 2.4.2.2 (v) ਵਿੱਚ ਚਰਚਾ ਕੀਤੀ ਗਈ ਹੈ।*

** ਉਧਾਰ ਅਤੇ ਹੋਰ ਦੇਣਦਾਰੀਆਂ: ਜਨਤਕ ਕਰਜ਼ੇ ਦਾ ਨਿਰੋਲ (ਪ੍ਰਾਪਤੀਆਂ-ਅਦਾਇਗੀਆਂ) +ਲੋਕ ਲੇਖੇ ਦਾ ਅਚੇਤ ਫੰਡ ਦਾ ਨਿਰੋਲ +ਲੋਕ ਲੇਖੇ ਦਾ ਨਿਰੋਲ (ਪ੍ਰਾਪਤੀਆਂ-ਅਦਾਇਗੀਆਂ) + ਮੁਢਲੇ ਅਤੇ ਅੰਤਿਮ ਬਕਾਏ ਦਾ ਨਿਰੋਲ।*

*# ਲੜੀ ਨੰ 11 ਤੇ ਦਰਸਾਏ ਗਏ ਰੈਵੀਨਿਊ ਖਰਚੇ ਵਿੱਚ ਸ਼ਾਮਲ ਹੈ।*

## 1.4.2 ਸਰਕਾਰ ਦੀਆਂ ਜਾਇਦਾਦਾਂ ਅਤੇ ਦੇਣਦਾਰੀਆਂ ਦੀ ਤਸਵੀਰ

ਸਰਕਾਰੀ ਲੇਖੇ ਸਰਕਾਰ ਦੀਆਂ ਵਿੱਤੀ ਦੇਣਦਾਰੀਆਂ ਅਤੇ ਕੀਤੇ ਗਏ ਖਰਚੇ ਵਿੱਚੋਂ ਸਿਰਜੀਆਂ ਜਾਇਦਾਦਾਂ ਦੀ ਤਸਵੀਰ ਖਿੱਚਦੇ ਹਨ। ***ਅੰਤਿਕਾ 1.2*** ਪਿਛਲੇ ਸਾਲ ਦੀ ਤੁਲਨਾ ਵਿੱਚ ਅਜਿਹੀਆਂ ਦੇਣਦਾਰੀਆਂ ਅਤੇ ਜਾਇਦਾਦਾਂ ਦੀ 31 ਮਾਰਚ 2020 ਨੂੰ ਸਥਿਤੀ ਦਾ ਸਾਰ ਮੁਹੱਈਆ ਕਰਵਾਉਂਦੀ ਹੈ। ਦੇਣਦਾਰੀਆਂ ਵਿੱਚ ਮੁੱਖ ਤੌਰ ਤੇ ਅੰਦਰੂਨੀ ਉਧਾਰ, ਭਾਰਤ ਸਰਕਾਰ ਤੋਂ ਕਰਜ਼ੇ ਅਤੇ ਪੇਸ਼ਗੀਆਂ, ਲੋਕ ਲੇਖੇ ਤੋਂ ਪ੍ਰਾਪਤੀਆਂ ਅਤੇ ਰਾਖਵੇਂ ਫੰਡ ਸ਼ਾਮਲ ਹਨ ਅਤੇ ਜਾਇਦਾਦਾਂ ਵਿੱਚ ਮੁੱਖ ਤੌਰ ਤੇ ਪੂੰਜੀਗਤ ਆਊਟਲੇਅ ਅਤੇ ਰਾਜ ਸਰਕਾਰ ਵਲੋਂ ਦਿੱਤੇ ਗਏ ਕਰਜ਼ੇ ਅਤੇ ਪੇਸ਼ਗੀਆਂ ਅਤੇ ਕੈਸ਼ ਬਕਾਏ ਸ਼ਾਮਲ ਹਨ। ਜਾਇਦਾਦਾਂ ਅਤੇ ਦੇਣਦਾਰੀਆਂ ਦੀ ਸੰਖੇਪਕ ਸਥਿਤੀ **ਸਾਰਣੀ** 1.3 ਵਿੱਚ ਦਰਸਾਈ ਗਈ ਹੈ।

**ਸਾਰਣੀ 1.3: ਜਾਇਦਾਦਾਂ ਅਤੇ ਦੇਣਦਾਰੀਆਂ ਦੀ ਸੰਖੇਪਕ ਸਥਿਤੀ**

*(₹ ਕਰੋੜ ਵਿੱਚ)*

| ਦੇਣਦਾਰੀਆਂ | | | | | ਜਾਇਦਾਦਾਂ | | | | |
|---|---|---|---|---|---|---|---|---|---|
| | | **2018-19** | **2019-20** | *ਪ੍ਰਤੀਸ਼ਤ ਵਾਧਾ/ ਘਾਟਾ* | | | **2018-19** | **2019-20** | *ਪ੍ਰਤੀਸ਼ਤ ਵਾਧਾ/ ਘਾਟਾ* |
| **ਸੰਚਿਤ ਫੰਡ** | | | | | | | | | |
| ੳ | ਅੰਦਰੂਨੀ ਕਰਜ਼ਾ | 1,74,171.75 | 1,89,662.07 | 8.89 | ੳ | ਸਕਲ ਪੂੰਜੀਗਤ ਆਊਟਲੇਅ | 48,248.06 | 66,075.49 | 36.95 |
| ਅ | ਭਾਰਤ ਸਰਕਾਰ ਤੋਂ ਕਰਜ਼ੇ ਅਤੇ ਪੇਸ਼ਗੀਆਂ | 4,958.70 | 4,670.57 | (-)5.81 | ਅ | ਕਰਜ਼ੇ ਅਤੇ ਪੇਸ਼ਗੀਆਂ | 50,681.73 | 35,395.17 | (-)30.16 |
| **ਅਚੇਤ ਫੰਡ** | | **25.00** | **25.00** | **0.00** | | | | | |
| **ਲੋਕ ਲੇਖਾ** | | | | | | | | | |
| ੳ | ਛੋਟੀਆਂ ਬੱਚਤਾਂ, ਪ੍ਰਾਵੀਡੈਂਟ ਫੰਡ, ਆਦਿ | 22,993.55 | 22,995.06 | 0.01 | ੳ | ਪੇਸ਼ਗੀਆਂ | 0.42 | 0.42 | 0.00 |
| ਅ | ਡਿਪਾਜ਼ਿਟਸ | 3,389.96 | 3,821.38 | 12.73 | ਅ | ਰੈਮੀਟੈਂਸਜ਼ | 2.91 | 25.26 | 768.04 |
| ੲ | ਰਾਖਵੇ ਫੰਡ | 6,403.28 | 8,457.15 | 32.08 | ੲ | ਸਸਪੈਂਸ ਅਤੇ ਫੁਟਕਲ | 0.66 | 0.66 | 0.00 |
| ਸ | ਰੈਮੀਟੈਂਸਜ਼ | -- | -- | | **ਕੈਸ਼ ਬਕਾਇਆਂ (ਚਿੰਨ੍ਹਤ ਫੰਡਾਂ ਵਿੱਚ ਨਿਵੇਸ਼ ਸਮੇਤ)** | | **1,324.83** | **2,125.06** | **60.40** |
| ਹ | ਸਸਪੈਂਸ ਅਤੇ ਫੁਟਕਲ | 69.27 | 28.62 | (-)58.68 | **ਜੋੜ** | | **1,00,258.61** | **1,03,622.06** | **3.35** |
| | | | | | **ਰੈਵੀਨਿਊ ਲੇਖੇ ਵਿੱਚ ਘਾਟਾ** | | **1,11,752.90** | **1,26,037.79** | **12.78** |
| **ਜੋੜ** | | **2,12,011.51** | **2,29,659.85** | **8.32** | **ਜੋੜ** | | **2,12,011.51** | **2,29,659.85** | **8.32** |

*ਸ੍ਰੋਤ: ਵਿੱਤ ਲੇਖੇ*

## 1.5 ਵਿੱਤੀ ਬਕਾਇਆ: ਘਾਟੇ ਅਤੇ ਕੁੱਲ ਕਰਜ਼ੇ ਦੇ ਟੀਚਿਆਂ ਦੀ ਪ੍ਰਾਪਤੀ

ਜਦੋਂ ਕੋਈ ਸਰਕਾਰ ਰੈਵੀਨਿਊ ਵਜੋਂ ਕੀਤੀ ਗਈ ਉਗਰਾਹੀ ਤੋਂ ਵੱਧ ਖਰਚਾ ਕਰਦੀ ਹੈ ਤਾਂ ਇਹ ਘਾਟਾ ਸਹੇੜਦੀ ਹੈ। ਸਰਕਾਰੀ ਘਾਟੇ ਨੂੰ ਰੋਕਣ ਦੇ ਕਈ ਉਪਾਅ ਹਨ।

ਸਰਕਾਰੀ ਕਰਜ਼ਿਆਂ ਨੂੰ ਵਧਾਉਣ ਵਾਲੇ ਉਧਾਰ ਦੁਆਰਾ ਘਾਟੇ ਨੂੰ ਪੂਰਾ ਕੀਤਾ ਜਾਣਾ ਚਾਹੀਦਾ ਹੈ। ਘਾਟਿਆਂ ਅਤੇ ਕਰਜ਼ੇ ਦੀਆਂ ਧਾਰਨਾਵਾਂ ਦਾ ਨੇੜਲਾ ਸਬੰਧ ਹੈ। ਘਾਟਿਆਂ ਨੂੰ ਇੱਕ ਵਹਾਅ ਵਜੋਂ ਸਮਝਿਆ ਜਾ ਸਕਦਾ ਹੈ, ਜੋ ਕਿ ਕਰਜ਼ੇ ਦੇ ਭੰਡਾਰ ਵਿੱਚ ਵਾਧਾ ਕਰਦੇ ਹਨ। ਜੇਕਰ ਸਰਕਾਰ, ਸਾਲ ਦਰ ਸਾਲ ਕਰਜ਼ਾ ਲੈਣਾ ਜਾਰੀ ਰੱਖਦੀ ਹੈ ਤਾਂ ਇਸ ਨਾਲ ਕਰਜ਼ਾ ਇਕੱਠਾ ਹੋ ਜਾਂਦਾ ਹੈ ਅਤੇ ਸਰਕਾਰ ਨੂੰ ਵਿਆਜ ਵਜੋਂ ਜ਼ਿਆਦਾ ਅਤੇ ਹੋਰ ਜ਼ਿਆਦਾ ਅਦਾਇਗੀਆਂ ਕਰਨੀਆਂ ਪੈਂਦੀਆਂ ਹਨ। ਇਹ ਵਿਆਜ ਅਦਾਇਗੀਆਂ ਆਪਣੇ ਆਪ ਵਿੱਚ ਹੀ ਕਰਜ਼ੇ ਨੂੰ ਯੋਗਦਾਨ ਹਨ।

ਉਧਾਰ ਲੈ ਕੇ ਸਰਕਾਰ ਘੱਟ ਖਪਤ ਦਾ ਬੋਝ ਆਉਣ ਵਾਲੀਆਂ ਪੀੜ੍ਹੀਆਂ ਤੇ ਪਾਉਂਦੀ ਹੈ। ਇਹ ਇਸ ਕਰਕੇ ਹੈ ਕਿਉਂਕਿ ਇਹ ਵਰਤਮਾਨ ਵਿੱਚ ਜੀਵਤ ਲੋਕਾਂ ਨੂੰ ਬਾਂਡਜ਼ ਜਾਰੀ ਕਰਕੇ ਉਧਾਰ ਲੈਂਦੀ ਹੈ ਪ੍ਰੰਤੂ ਲੱਗਭਗ ਵੀਹ ਸਾਲਾਂ ਬਾਅਦ ਇਹ ਕਰ ਵਧਾ ਕੇ ਜਾਂ ਖਰਚਾ ਘੱਟ ਕਰਕੇ ਬਾਂਡਜ਼ ਨੂੰ ਚੁਕਤਾ ਕਰਨ ਦਾ ਫੈਸਲਾ ਕਰ ਸਕਦੀ ਹੈ। ਇਸ ਨਾਲ ਇਹ ਵੀ ਹੁੰਦਾ ਹੈ ਕਿ ਸਰਕਾਰ ਦੁਆਰਾ ਲੋਕਾਂ ਤੋਂ ਲਏ ਉਧਾਰ ਨਿੱਜੀ ਸੈਕਟਰ ਲਈ ਉਪਲੱਬਧ ਬੱਚਤਾਂ ਨੂੰ ਵੀ ਘੱਟ ਕਰਦੇ ਹਨ। ਇਸ ਨਾਲ ਜਿਸ ਮਾਤਰਾ ਵਿੱਚ ਪੂੰਜੀ ਨਿਰਮਾਣ ਅਤੇ ਵਿਕਾਸ ਘਟਦਾ ਹੈ, ਓਨਾ ਹੀ ਕਰਜ਼ਾ ਅਗਲੀਆਂ ਪੀੜ੍ਹੀਆਂ ਤੇ 'ਬੋਝ' ਬਣਦਾ ਹੈ।

ਜਦੋਂਕਿ, ਜੇਕਰ ਸਰਕਾਰ ਦੇ ਘਾਟੇ, ਉਤਪਾਦਨ ਵਧਾਉਣ ਦਾ ਆਪਣਾ ਉਦੇਸ਼ ਹਾਸਲ ਕਰਨ ਵਿੱਚ ਸਫਲ ਹੁੰਦੇ ਹਨ ਤਾਂ ਵੱਧ ਆਮਦਨ ਹੋਵੇਗੀ ਅਤੇ ਇਸ ਕਰਕੇ ਵੱਧ ਬੱਚਤ ਹੋਵੇਗੀ। ਇਸ ਸੂਰਤ ਵਿੱਚ ਸਰਕਾਰ ਅਤੇ ਉਦਯੋਗ ਦੋਵੇਂ ਹੋਰ ਉਧਾਰ ਲੈ ਸਕਦੇ ਹਨ। ਇਸ ਨਾਲ ਇਹ ਵੀ ਹੈ ਕਿ ਜੇਕਰ ਸਰਕਾਰ ਬੁਨਿਆਦੀ ਢਾਂਚੇ ਵਿੱਚ ਨਿਵੇਸ਼ ਕਰਦੀ ਹੈ ਤਾਂ ਅਗਲੀਆਂ ਪੀੜ੍ਹੀਆਂ ਚੰਗੇਰੀ ਸਥਿਤੀ ਵਿੱਚ ਹੋ ਸਕਦੀਆਂ ਹਨ, ਬਸ਼ਰਤੇ ਕਿ ਅਜਿਹੇ ਨਿਵੇਸ਼ਾਂ ਤੇ ਪ੍ਰਤੀਫਲ ਵਿਆਜ ਦੀ ਦਰ ਤੋਂ ਜ਼ਿਆਦਾ ਹੋਵੇ। ਉਤਪਾਦਨ ਵਿੱਚ ਵਾਧੇ ਨਾਲ ਅਸਲ ਕਰਜਾ ਵਾਪਸ ਕੀਤਾ ਜਾ ਸਕਦਾ ਹੈ। ਅਜਿਹੇ ਵਿੱਚ ਕਰਜ਼ੇ ਨੂੰ ਬੋਝ ਨਹੀਂ ਸਮਝਿਆ ਜਾਣਾ ਚਾਹੀਦਾ। ਕਰਜ਼ੇ ਵਿੱਚ ਵਾਧੇ ਨੂੰ ਸਮੁੱਚੀ ਆਰਥਿਕਤਾ ਦੇ ਵਿਕਾਸ ਦੇ ਪੱਖ (ਰਾਜ ਦੀ ਜੀ ਡੀ ਪੀ) ਤੋਂ ਸਮਝਣਾ ਪਵੇਗਾ।

ਸਰਕਾਰ ਦੇ ਘਾਟੇ ਨੂੰ ਕਰਾਂ ਵਿੱਚ ਵਾਧਾ ਕਰਕੇ ਜਾਂ ਖਰਚੇ ਵਿੱਚ ਕਟੌਤੀ ਕਰਕੇ ਘੱਟ ਕੀਤਾ ਜਾ ਸਕਦਾ ਹੈ। ਜਦੋਂਕਿ ਜ਼ਿਆਦਾ ਜੋਰ ਸਰਕਾਰੀ ਖਰਚੇ ਵਿੱਚ ਕਟੌਤੀ ਕਰਨ ਤੇ ਰਿਹਾ ਹੈ। ਇਸ ਨੂੰ ਪ੍ਰੋਗਰਾਮਾਂ ਦੀ ਬਿਹਤਰ ਯੋਜਨਾਬੰਦੀ ਅਤੇ ਬਿਹਤਰ ਪ੍ਰਸ਼ਾਸਨ ਰਾਹੀਂ, ਸਰਕਾਰੀ ਗਤੀਵਿਧੀਆਂ ਨੂੰ ਜ਼ਿਆਦਾ ਕੁਸ਼ਲ ਬਣਾ ਕੇ ਹਾਸਲ ਕੀਤਾ ਜਾ ਸਕਦਾ ਸੀ।

ਕੇਂਦਰੀ ਅਤੇ ਵੱਖ ਵੱਖ ਰਾਜ ਸਰਕਾਰਾਂ ਨੇ, ਰੈਵੀਨਿਊ ਘਾਟੇ ਨੂੰ ਖਤਮ ਕਰਕੇ, ਵਿੱਤੀ ਘਾਟੇ ਅਤੇ ਸਮੁੱਚੇ/ਬਕਾਇਆ ਕਰਜ਼ੇ ਨੂੰ ਝੱਲਣਯੋਗ ਪੱਧਰ ਤੱਕ ਘਟਾਕੇ, ਸੋਧਿਤ ਕਰਜ਼ ਪ੍ਰਬੰਧਨ ਸਥਾਪਤ ਕਰਕੇ, ਅਤੇ ਮੀਡੀਅਮ ਟਰਮ ਫਰੇਮਵਰਕ ਵਿੱਚ ਪਾਰਦਰਸ਼ਤਾ ਵਿੱਚ ਸੁਧਾਰ ਕਰਕੇ, ਵਿੱਤੀ ਪ੍ਰਬੰਧਨ ਵਿੱਚ ਸਿਆਣਪਤਾ ਨੂੰ ਯਕੀਨੀ ਬਣਾਉਣ ਦੇ ਉਦੇਸ਼ ਨਾਲ, ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧਨ

(ਐਫ ਆਰ ਬੀ ਐਮ) ਐਕਟ ਪਾਸ ਕੀਤੇ ਹਨ। ਇਸ ਪ੍ਰਸੰਗ ਵਿੱਚ ਐਕਟ ਘਾਟੇ ਦੇ ਉਪਾਵਾਂ ਅਤੇ ਕਰਜ਼ੇ ਦੇ ਪੱਧਰ ਦੇ ਸਬੰਧ ਵਿੱਚ ਰਾਜ ਦੁਆਰਾ ਪਾਲਣਾ ਕੀਤੇ ਜਾਣ ਵਾਲੇ ਆਂਕਣਯੋਗ ਟੀਚੇ ਮੁਹੱਈਆ ਕਰਵਾਉਂਦਾ ਹੈ।

ਰਾਜ ਸਰਕਾਰ ਨੇ, ਰੈਵੀਨਿਊ ਵਾਧੇ ਦੀ ਪ੍ਰਾਪਤੀ, ਵਿੱਤੀ ਘਾਟੇ ਨੂੰ ਕਾਬੂ ਕਰਕੇ ਅਤੇ ਸਿਆਣਪ ਭਰੇ ਕਰਜ਼ ਪ੍ਰਬੰਧਨ ਰਾਹੀਂ, ਦੀਰਘ ਕਾਲੀਨ ਵਿੱਤੀ ਸਥਿਰਤਾ ਯਕੀਨੀ ਬਣਾਉਣ ਲਈ ਮਈ 2003 ਵਿੱਚ ਐਫ ਆਰ ਬੀ ਐਮ ਐਕਟ, 2003 ਲਾਗੂ ਕੀਤਾ। ਇਸ ਤੋਂ ਬਾਅਦ ਮਾਰਚ 2011 ਵਿੱਚ, ਰਾਜ ਸਰਕਾਰ ਨੇ ਤੇਰਵੇਂ ਵਿੱਤ ਕਮਿਸ਼ਨ (ਟੀ ਐਫ ਸੀ) ਦੀਆਂ ਸਿਫਾਰਸ਼ਾਂ 'ਤੇ ਐਫ ਆਰ ਬੀ ਐਮ ਐਕਟ ਨੂੰ ਸੋਧਿਆ ਅਤੇ ਐਫ ਆਰ ਬੀ ਐਮ (ਸੋਧ) ਐਕਟ, 2011 ਲਾਗੂ ਕੀਤਾ ਜਿਸ ਦੇ ਅਧਾਰ ਤੇ ਸਾਲ 2014-15 ਤੱਕ ਦੇ ਵਿੱਤੀ ਟੀਚੇ ਨਿਰਧਾਰਤ ਕੀਤੇ ਗਏ ਸਨ।

ਚੌਂਦਵੇਂ ਵਿੱਤ ਕਮਿਸ਼ਨ (ਐਫ ਐਫ ਸੀ) ਨੇ ਸਿਫਾਰਸ਼ ਕੀਤੀ ਕਿ ਰਾਜ ਸਰਕਾਰ ਵਿੱਤੀ ਘਾਟੇ ਉੱਤੇ ਕਾਨੂੰਨੀ ਲਚਕਦਾਰ ਸੀਮਾਵਾਂ ਪ੍ਰਦਾਨ ਕਰਨ ਲਈ ਅਤੇ ਇਸ ਦੇ ਨਾਲ ਇਹ ਯਕੀਨੀ ਬਣਾਉਣ ਲਈ ਕਿ ਅਧੂਰੇ ਅਤੇ ਚਲ ਰਹੇ ਪੂੰਜੀਗਤ ਪ੍ਰੋਜੈਕਟਾਂ ਦੀਆਂ ਦੇਣਦਾਰੀਆਂ ਇਕੱਠੀਆਂ ਨਾ ਹੋਣ, ਸਾਲਾਨਾ ਬਜਟ ਉਪਬੰਧ ਦੇ ਉਚਿੱਤ ਗੁਣਾਂਕ ਤਕ ਨਵੇਂ ਪੂੰਜੀਗਤ ਕਾਰਜਾਂ ਦੀ ਮਨਜ਼ੂਰੀ ਉੱਤੇ ਕਾਨੂੰਨੀ ਸੀਮਾਂ ਲਾਉਣ ਲਈ, ਆਪਣੇ ਐਫ ਆਰ ਬੀ ਐਮ ਐਕਟ ਨੂੰ ਸੋਧ ਸਕਦੀ ਹੈ।

ਐਫ ਐਫ ਸੀ ਨੇ ਗਰੰਟੀਆਂ, ਬਜਟ ਤੋਂ ਬਾਹਰੀ ਉਧਾਰਾਂ ਅਤੇ ਵਿੱਤੀ ਤੌਰ ਤੇ ਕਮਜ਼ੋਰ ਜਨਤਕ ਖੇਤਰ ਦੇ ਅਦਾਰਿਆਂ ਦੇ ਇਕੱਠੇ ਹੋਏ ਘਾਟਿਆਂ ਤੋਂ ਉਪਜੇ ਜੋਖਮਾਂ ਦੇ ਪ੍ਰਸੰਗ ਵਿੱਚ, ਰਾਜ ਦੇ ਕਰਜ਼ੇ ਦੀ ਸਥਿਤੀ ਦਾ ਮੁਲਾਂਕਣ ਕਰਨ ਲਈ, ਬਜਟ ਵਿਚਲੇ ਕੁੱਲ ਐਕਸਟੈਂਡਡ ਕਰਜ਼ੇ ਦੀ ਤੁਲਨਾ ਕਰਨ, ਵਿਸ਼ਲੇਸ਼ਣ ਕਰਨ, ਅਤੇ ਸਲਾਨਾ ਰਿਪੋਰਟਿੰਗ ਕਰਨ ਲਈ, ਰਾਜ ਸਰਕਾਰ ਨੂੰ ਬਜਟ ਦੇ ਪੂਰਕ ਵਜੋਂ ਇੱਕ ਖਾਕਾ ਅਪਣਾਏ ਜਾਣ ਦੀ ਵੀ ਸਿਫਾਰਸ਼ ਕੀਤੀ। ਵਿੱਤੀ ਪ੍ਰਬੰਧਨ ਕਾਨੂੰਨ ਨੂੰ ਵਧੇਰੇ ਮਹੱਤਤਾ ਅਤੇ ਕਾਨੂੰਨੀ ਮਾਨਤਾ ਦੇਣ ਲਈ, ਭਾਰਤ ਦੇ ਸੰਵਿਧਾਨ ਦੇ ਅਨੁਛੇਦ 293 (1) ਦਾ ਵਿਸ਼ੇਸ਼ ਤੌਰ ਤੇ ਹਵਾਲਾ ਦਿੰਦੇ ਹੋਏ, ਰਾਜ ਸਰਕਾਰ ਨੂੰ ਮੌਜੂਦਾ ਐਫ ਆਰ ਬੀ ਐਮ ਐਕਟ ਦੀ ਥਾਂ ਤੇ ਇੱਕ ਕਰਜ਼ ਸੀਮਾਂ ਅਤੇ ਵਿੱਤੀ ਜ਼ਿੰਮੇਵਾਰੀ ਕਾਨੂੰਨ ਬਣਾਉਣ ਦੀ ਸਿਫ਼ਾਰਸ਼ ਕੀਤੀ ਗਈ ਸੀ।

ਰਾਜ ਸਰਕਾਰ ਨੇ ਮਾਰਚ 2020 ਵਿੱਚ ਐਫ ਐਫ ਸੀ ਦੀਆਂ ਸਿਫਾਰਸ਼ਾਂ ਅਨੁਸਾਰ ਇਸ ਦੇ ਐਫ ਆਰ ਬੀ ਐਮ ਐਕਟ ਵਿੱਚ ਸੋਧ ਕੀਤੀ। ਵਿੱਤੀ ਸਾਲ 2019-20 ਵਿੱਚ ਅਡੀਸ਼ਨਲ ₹ 928 ਕਰੋੜ ਤੋਂ ਇਲਾਵਾ ਵਿੱਤੀ ਘਾਟੇ 'ਤੇ ਕਾਨੂੰਨੀ ਲਚਕਦਾਰ ਸੀਮਾ ਜੀ ਐਸ ਡੀ ਪੀ ਦੇ ਤਿੰਨ *ਪ੍ਰਤੀਸ਼ਤ*; ਅਤੇ ਵਿੱਤੀ ਸਾਲ 2020-21 ਵਿੱਚ ਤਿੰਨ *ਪ੍ਰਤੀਸ਼ਤ* ਨਿਰਧਾਰਤ ਕੀਤੀ ਗਈ ਸੀ; ਅਤੇ ਇਸ ਤੋਂ ਬਾਅਦ ਓਨੀ ਹੀ ਬਣਾਈ ਰੱਖਣੀ ਸੀ। ਇਸ ਤਰ੍ਹਾਂ ਸਾਲ 2019-20 ਲਈ ਵਿੱਤੀ ਘਾਟੇ ਦਾ ਟੀਚਾ ₹ 18,171 ਕਰੋੜ ਆਂਕਿਆ ਗਿਆ ਜੋ ਕਿ ਰਾਜ ਨੇ ਹਾਸਲ (₹ 16,826 ਕਰੋੜ) ਕਰ ਲਿਆ ਸੀ।

ਇਸ ਤੋਂ ਇਲਾਵਾ, ਐਫ ਆਰ ਬੀ ਐਮ ਐਕਟ ਅਧੀਨ ਸਾਲ 2015-20 ਦੇ ਸਮੇਂ ਲਈ ਵਿੱਤੀ ਮਜ਼ਬੂਤੀਕਰਨ ਰੋਡਮੈਪ (ਐਫ ਸੀ ਆਰ) ਤਿਆਰ ਕੀਤਾ ਅਤੇ ਸਾਲ 2017-18[1] ਤੋਂ ਲਾਗੂ ਕੀਤਾ

[1] ਸਾਲ 2017-18 ਲਈ ਐਫ ਸੀ ਆਰ ਵਿੱਚ ਸਾਲ 2016-17 ਦੇ ਟੀਚੇ ਵੀ ਸ਼ਾਮਲ ਸਨ।

ਗਿਆ ਸੀ। ਐਫ ਸੀ ਆਰ ਵਿੱਚ ਨਿਰਧਾਰਤ ਟੀਚਿਆਂ ਦੀ 2015-16 ਤੋਂ 2019-20 ਦੇ ਸਮੇਂ ਦੌਰਾਨ ਪਾਲਣਾ ਨੂੰ **ਸਾਰਣੀ** 1.4 (ੳ) ਵਿੱਚ ਦਰਸਾਇਆ ਗਿਆ ਹੈ।

**ਸਾਰਣੀ 1.4 (ੳ): ਐਫ ਆਰ ਬੀ ਐਮ ਐਕਟ ਅਧੀਨ ਰਾਜ ਐਫ ਸੀ ਆਰ ਦੇ ਉਪਬੰਧਾਂ ਦੀ ਪਾਲਣਾ**

| ਵਿੱਤੀ ਮਾਪਦੰਡ | | ਐਫ ਸੀ ਆਰ ਵਿੱਚ ਨਿਰਧਾਰਤ ਟੀਚਿਆਂ ਦੀ ਤੁਲਨਾ ਵਿੱਚ ਪ੍ਰਾਪਤੀ | | | | |
|---|---|---|---|---|---|---|
| | | 2015-16 | 2016-17 | 2017-18 | 2018-19 | 2019-20 |
| ਰੈਵੀਨਿਊ ਘਾਟਾ (-) / ਵਾਧਾ (+) (₹ ਕਰੋੜ ਵਿੱਚ) | ਟ | --* | (-)11,362 | (-)14,310 | (-)11,919 | (-)11,687 |
| | ਅ | (-)8,550 | (-)7,311 ✓ | (-)9,455 ✓ | (-)13,135 ✗ | (-)14,285 ✗ |
| ਵਿੱਤੀ ਘਾਟਾ (-) / ਵਾਧਾ (+) (₹ ਕਰੋੜ ਵਿੱਚ) | ਟ | --* | (-)53,680# | (-)20,821 | (-)17,650 | (-)18,171 |
| | ਅ | (-)17,360 | (-)47,071# ✓ | (-)12,494 ✓ | (-)16,059 ✓ | (-)16,826 ✓ |
| ਕੁੱਲ ਬਕਾਇਆ ਕਰਜ਼ੇ ਦੀ ਜੀ ਐਸ ਡੀ ਪੀ ਨੂੰ ਰੇਸ਼ੋ (*ਪ੍ਰਤੀਸ਼ਤ* ਵਿੱਚ) | ਟ | --* | 42.58 | 41.04 | 40.96 | 39.74 |
| | ਅ | 33.03 | 42.75 ✗ | 41.45 ✗ | 40.26 ✓ | 39.90 ✗ |

*ਸ੍ਰੋਤ : ਸਾਲ 2017-18, 2018-19 ਅਤੇ 2019-20 ਲਈ ਸਲਾਨਾ ਵਿੱਤੀ ਵਿਵਰਣੀ (ਏ ਐਫ ਐਸ)*

** ਸਾਲ 2015-16 ਲਈ ਟੀਚੇ ਉਪਲੱਬਧ ਨਹੀਂ ਸਨ ।*

*# ਭਾਰਤ ਸਰਕਾਰ ਦੇ ਪੱਤਰ ਨੰ 40(6) ਪੀ ਐਫ-I/2009 ਭਾਗ II ਮਿਤੀ 29 ਮਾਰਚ 2016 ਅਨੁਸਾਰ ਯੂ ਡੀ ਏ ਵਾਈ ਅਧੀਨ ਡਿਸਕੌਮ ਦਾ ਕਰਜ਼ਾ ਅਪਣਾਉਣ ਲਈ ₹ 5,769 ਕਰੋੜ ਦੇ ਕਰਜ਼ੇ ਅਤੇ ਪੇਸ਼ਗੀਆਂ ਤੋਂ ਬਗੈਰ ਹੈ, ਜਿਨ੍ਹਾਂ ਦੀ ਕਿ 2016-17 ਦੌਰਾਨ ਰਾਜ ਦੇ ਵਿੱਤੀ ਘਾਟੇ ਦੀਆਂ ਸੀਮਾਵਾਂ ਲਈ ਆਂਕਣਾ ਨਹੀਂ ਕਰਨੀ ਸੀ। ਪ੍ਰੰਤੂ ਇਸ ਵਿੱਚ 2015-16 ਲਈ ₹ 4,263 ਕਰੋੜ ਦਾ ਵਿੱਤੀ ਕਾਰਵਿਹਾਰ ਸ਼ਾਮਲ ਹੈ, ਜਿਸ ਦਾ ਇੰਦਰਾਜ 2016-17 ਦੇ ਲੇਖਿਆਂ ਵਿੱਚ ਕੀਤਾ ਗਿਆ ਸੀ।*

*ਅ :ਅਸਲ; ਟ: ਟੀਚੇ*

ਚੌਦਵੇਂ ਵਿੱਤ ਕਮਿਸ਼ਨ (ਐਫ ਐਫ ਸੀ) ਦੁਆਰਾ ਤੈਅ ਕੀਤੇ ਗਏ ਅਤੇ ਰਾਜ ਦੇ ਬਜਟ ਵਿੱਚ ਪ੍ਰੋਜੈਕਟ ਕੀਤੇ ਗਏ ਟੀਚਿਆਂ ਦੀ ਤੁਲਨਾ ਵਿੱਚ ਸਾਲ 2019-20 ਦੌਰਾਨ ਜੀ ਐਸ ਡੀ ਪੀ ਨਾਲ ਸਬੰਧਤ ਮੁੱਖ ਵਿੱਤੀ ਜੋੜਾਂ ਦੀਆ ਪ੍ਰਾਪਤੀਆਂ ਨੂੰ **ਸਾਰਣੀ** 1.4 (ਅ) ਵਿੱਚ ਦਿੱਤਾ ਗਿਆ ਹੈ।

**ਸਾਰਣੀ 1.4(ਅ): ਸਾਲ 2019-20 ਦੌਰਾਨ ਮੁੱਖ ਵਿੱਤੀ ਜੋੜਾਂ ਨਾਲ ਸਬੰਧਤ ਪ੍ਰਾਪਤੀਆਂ**

| ਵਿੱਤੀ ਵੇਰੀਏਬਲਜ਼ | ਐਫ ਐਫ ਸੀ ਦੁਆਰਾ ਤੈਅ ਕੀਤੇ ਗਏ ਟੀਚੇ | ਬਜਟ ਵਿਚਲੇ ਟੀਚੇ | ਅਸਲ (ਜੀ ਐਸ ਡੀ ਪੀ ਅਨੁਸਾਰ) | ਅਸਲਾਂ ਦੀ ਹੇਠ ਲਿਖਤ ਨਾਲੋਂ ਅੰਤਰ ਦੀ ਪ੍ਰਤੀਸ਼ਤਤਾ | |
|---|---|---|---|---|---|
| | | | | ਐਫ ਐਫ ਸੀ ਦੇ ਟੀਚੇ | ਬਜਟ ਵਿਚਲੇ ਟੀਚੇ |
| ਰੈਵੀਨਿਊ ਘਾਟਾ/ਜੀ ਐਸ ਡੀ ਪੀ (*ਪ੍ਰਤੀਸ਼ਤ*) | (-)0.95 | (-)2.02 | (-)2.49 | (-)1.54 | (-)0.47 |
| ਵਿੱਤੀ ਘਾਟਾ/ਜੀ ਐਸ ਡੀ ਪੀ (*ਪ੍ਰਤੀਸ਼ਤ*) | (-)3.00 | (-)3.40 | (-)2.93 | 0.07 | 0.47 |
| ਕੁੱਲ ਬਕਾਇਆ ਕਰਜ਼ਾ/ਜੀ ਐਸ ਡੀ ਪੀ (*ਪ੍ਰਤੀਸ਼ਤ*) | 30.07 | 39.74 | 39.90 | 9.83 | 0.16 |

*ਸ੍ਰੋਤ: ਐਫ ਐਫ ਸੀ ਦੀਆਂ ਸਿਫਾਰਸ਼ਾਂ, ਬਜਟ ਤੇ ਇੱਕ ਝਾਤ ਅਤੇ ਵਿੱਤ ਲੇਖੇ*

*ਨੋਟ: ਘਾਟੇ ਦੀਆਂ ਰਾਸ਼ੀਆਂ ਮਾਈਨਸ ਵਿੱਚ ਦਰਸਾਈਆਂ ਗਈਆਂ ਹਨ।*

- ਸਾਲ 2019-20 ਦੌਰਾਨ ਸਰਕਾਰ ਰੈਵੀਨਿਊ ਘਾਟਾ -ਜੀ ਐਸ ਡੀ ਪੀ ਅਤੇ ਕੁੱਲ ਬਕਾਇਆਂ ਕਰਜ਼ਾ- ਜੀ ਐਸ ਡੀ ਪੀ ਰੇਸ਼ੋਆਂ ਨੂੰ ਐਫ ਐਫ ਸੀ ਦੁਆਰਾ ਨਿਰਧਾਰਤ ਅਤੇ ਬਜਟ ਅਨੁਮਾਨਾਂ ਵਿੱਚ ਬਣਾਈਆਂ ਪ੍ਰੋਜੈਕਸ਼ਨਾਂ ਦੇ ਅੰਦਰ ਰੱਖਣ ਵਿੱਚ ਅਸਫਲ ਰਹੀ। ਰਾਜ ਸਰਕਾਰ ਨੇ ਕਿਹਾ (ਮਈ 2021) ਕਿ ਰੈਵੀਨਿਊ ਘਾਟਾ-ਜੀ ਐਸ ਡੀ ਪੀ ਅਤੇ ਕਰਜ਼ਾ-ਜੀ ਐਸ ਡੀ ਪੀ ਰੇਸ਼ੋਆਂ ਨੂੰ, ਟੀਚਿਆਂ ਦੇ ਅੰਦਰ ਇਸ ਤੱਥ ਕਾਰਣ ਨਹੀਂ ਰੱਖਿਆ ਜਾ ਸਕਿਆ ਕਿਉਂਕਿ ਜ਼ਿਆਦਾਤਰ ਰੈਵੀਨਿਊ ਖਰਚੇ ਭਾਵ ਤਨਖਾਹਾਂ, ਪੈਨਸ਼ਨਾਂ, ਵਿਆਜ

ਅਦਾਇਗੀਆਂ, ਆਦਿ ਵਚਨਬੱਧ ਪ੍ਰਕ੍ਰਿਤੀ ਦੇ ਸਨ, ਜਿਨ੍ਹਾਂ ਨੂੰ ਕਿ ਟਾਲਿਆਂ ਜਾਂ ਘੱਟ ਨਹੀਂ ਕੀਤਾ ਜਾ ਸਕਦਾ ਸੀ ਅਤੇ ਜਿਨ੍ਹਾਂ ਦਾ ਕਿ ਘਾਟਿਆ ਵਿੱਚ ਮੁੱਖ ਯੋਗਦਾਨ ਸੀ। ਇਸ ਦਾ ਉੱਤਰ ਜੀ ਐਸ ਡੀ ਪੀ ਦੇ ਵਿਕਾਸ ਵਿੱਚ ਸੀ, ਪੰਤੂ ਵਿਕਾਸ ਦੀ ਦਰ ਖਰਚੇ ਵਿੱਚ ਵਾਧੇ ਦੀ ਦਰ ਨਾਲ ਚਾਲ ਨਹੀਂ ਮਿਲਾ ਪਾ ਰਹੀ ਸੀ। ਪ੍ਰਮੁੱਖ ਸਕੱਤਰ (ਵਿੱਤ) ਨੇ ਜ਼ੋਰ ਦੇ ਕੇ ਕਿਹਾ ਕਿ ਕੋਵਿਡ -19 ਮਹਾਂਮਾਰੀ ਕਾਰਣ ਅਗਲੇ ਸਾਲ ਸਥਿਤੀ ਹੋਰ ਚਿੰਤਾਜਨਕ ਹੋ ਸਕਦੀ ਹੈ।

- ਵਿੱਤੀ ਘਾਟਾ-ਜੀ ਐਸ ਡੀ ਪੀ, ਐਫ ਐਫ ਸੀ ਦੁਆਰਾ ਤੈਅ ਕੀਤੇ ਗਏ ਅਤੇ ਬਜਟ ਅਨੁਮਾਨਾਂ ਵਿੱਚ ਪ੍ਰੋਜੈਕਟ ਕੀਤੇ ਗਏ ਟੀਚਿਆਂ ਦੇ ਪੱਧਰ ਦੇ ਅੰਦਰ ਹੀ ਰਿਹਾ।

ਪੰਜਾਬ ਐਫ ਆਰ ਬੀ ਐਮ ਐਕਟ, 2003 ਅਨੁਸਾਰ, ਮੀਡੀਅਮ-ਟਰਮ ਵਿੱਤੀ ਪਾਲਿਸੀ (ਐਮ ਟੀ ਐਫ ਪੀ) ਵਿਵਰਣੀ, ਮੁਢਲੀਆਂ ਮਨੌਤਾਂ ਦੇ ਵਰਣਨ ਸਮੇਤ, ਨਿਰਧਾਰਤ ਵਿੱਤੀ ਸੂਚਕਾਂ ਲਈ ਇੱਕ ਤਿੰਨ ਸਾਲਾਂ ਰੋਲਿੰਗ ਟੀਚਾ ਨਿਰਧਾਰਤ ਕਰੇਗੀ। ਮੀਡੀਅਮ ਟਰਮ ਵਿੱਤੀ ਪਾਲਿਸੀ (ਐਮ ਟੀ ਐਫ ਪੀ) ਵਿੱਚ ਬਣਾਈਆਂ ਪ੍ਰੋਜੈਕਸ਼ਨਾਂ ਦੀ ਤੁਲਨਾ ਵਿੱਚ ਅਸਲਾਂ ਨੂੰ **ਸਾਰਣੀ** 1.5 ਵਿੱਚ ਦਰਸਾਇਆ ਗਿਆ ਹੈ।

**ਸਾਰਣੀ 1.5: ਸਾਲ 2019-20 ਲਈ ਮੀਡੀਅਮ ਟਰਮ ਵਿੱਤੀ ਪਾਲਿਸੀ ਵਿਚਲੀਆਂ ਪ੍ਰੋਜੈਕਸ਼ਨਾਂ ਦੀ ਤੁਲਨਾ ਵਿੱਚ ਅਸਲ**

*(₹ ਕਰੋੜ ਵਿੱਚ)*

| ਲੜੀ ਨੰ. | ਵਿੱਤੀ ਵੇਰੀਏਬਲਜ਼ | ਐਮ ਟੀ ਐਫ ਪੀ ਅਨੁਸਾਰ ਪ੍ਰੋਜੈਕਸ਼ਨ | ਅਸਲ (2019-20) | ਅੰਤਰ (*ਪ੍ਰਤੀਸ਼ਤ* ਵਿੱਚ) |
|---|---|---|---|---|
| 1. | ਆਪਣਾ ਕਰ ਰੈਵੀਨਿਊ | 37,674 | 29,995 | (-)20.38 |
| 2. | ਗੈਰ ਕਰ ਰੈਵੀਨਿਊ | 9,477 | 6,654 | (-)29.79 |
| 3. | ਕੇਂਦਰੀ ਕਰਾਂ ਦਾ ਹਿੱਸਾ | 13,319 | 10,346 | (-)22.32 |
| 4. | ਭਾਰਤ ਸਰਕਾਰ ਤੋਂ ਸਹਾਇਤਾ ਗ੍ਰਾਂਟਾਂ | 18,039 | 14,580 | (-)19.18 |
| **5.** | **ਰੈਵੀਨਿਊ ਪ੍ਰਾਪਤੀਆਂ (1+2+3+4)** | **78,510** | **61,575** | **(-)21.57** |
| **6.** | **ਰੈਵੀਨਿਊ ਖਰਚਾ** | **90,197** | **75,860** | **(-)15.90** |
| **7.** | **ਰੈਵੀਨਿਊ ਘਾਟਾ (-)/ ਵਾਧਾ (+) (5-6)** | **(-)11,687** | **(-)14,285** | **(-)22.23** |
| **8.** | **ਵਿੱਤੀ ਘਾਟਾ (-)/ ਵਾਧਾ (+)** | **(-)18,171** | **(-)16,826** | **(+)7.40** |
| **9.** | **ਕਰਜ਼ਾ – ਜੀ ਐਸ ਡੀ ਪੀ ਰੇਸ਼ੋ (*ਪ੍ਰਤੀਸ਼ਤ*)** | **39.74** | **39.90** | **(+)0.16** |
| **10.** | **ਪ੍ਰਚੱਲਤ ਕੀਮਤਾਂ 'ਤੇ ਜੀ ਐਸ ਡੀ ਪੀ ਵਾਧਾ ਦਰ (*ਪ੍ਰਤੀਸ਼ਤ*)** | **11.49** | **9.19** | **(-)2.30** |

*ਸ੍ਰੋਤ: ਵਿੱਤ ਲੇਖੇ*

ਸਾਲ 2019-20, ਦੌਰਾਨ ਰੈਵੀਨਿਊ ਪ੍ਰਾਪਤੀਆਂ ਦੇ ਸਾਰੇ ਭਾਗਾਂ ਵਿੱਚ 19.18*ਪ੍ਰਤੀਸ਼ਤ* ਅਤੇ 29.79*ਪ੍ਰਤੀਸ਼ਤ* ਦੀ ਰੇਂਜ ਵਿਚਕਾਰ ਕਮੀ ਕਾਰਣ, ਸਰਕਾਰ ਰੈਵੀਨਿਊ ਘਾਟੇ ਨੂੰ ਐਮ ਟੀ ਐਫ ਪੀ ਵਿੱਚ ਪ੍ਰੋਜੈਕਟ ਕੀਤੇ ਪੱਧਰ ਤੱਕ ਰੱਖਣ ਵਿੱਚ ਅਸਮਰੱਥ ਰਹੀ। ਜਦੋਂਕਿ ਵਿੱਤੀ ਘਾਟਾ ਬਿਲਕੁੱਲ ਐਮ ਟੀ ਐਫ ਪੀ ਵਿੱਚ ਪ੍ਰੋਜੈਕਟ ਕੀਤੇ ਟੀਚਿਆਂ ਦੇ ਅੰਦਰ ਰਿਹਾ ਜੋਕਿ ਮੁੱਖ ਤੌਰ ਤੇ ਅਸਲ ਪੂੰਜੀਗਤ ਖਰਚੇ ਦੇ ਐਮ ਟੀ ਐਫ ਪੀ ਵਿੱਚ ਪ੍ਰੋਜੈਕਟ ਕੀਤੇ ਗਏ ₹ 22,842 ਕਰੋੜ ਦੀ ਤੁਲਨਾ ਵਿੱਚ, 21.95 *ਪ੍ਰਤੀਸ਼ਤ* ਦੀ ਕਮੀ ਹੋਣ ਕਾਰਣ, ₹ 17,828 ਕਰੋੜ ਹੋਣ ਕਰਕੇ ਸੀ।

**ਚਾਰਟ** 1.4 ਅਤੇ **ਚਾਰਟ** 1.5 ਸਾਲ 2015-20 ਦੇ ਸਮੇ ਦੌਰਾਨ ਕ੍ਰਮਵਾਰ ਘਾਟੇ ਦੇ ਮਾਪਦੰਡਾਂ ਵਿੱਚ ਰੁਝਾਨਾਂ ਅਤੇ ਜੀ ਐਸ ਡੀ ਪੀ ਦੀ ਤੁਲਨਾ ਵਿੱਚ ਰੁਝਾਨਾਂ ਨੂੰ ਪੇਸ਼ ਕਰਦੇ ਹਨ।

**ਚਾਰਟ 1.4: ਘਾਟੇ ਦੇ ਮਾਪਦੰਡਾਂ ਵਿੱਚ ਰੁਝਾਨ**




*ਸ੍ਰੋਤ : ਵਿੱਤ ਲੇਖੇ*

**ਚਾਰਟ 1.5: ਜੀ ਐਸ ਡੀ ਪੀ ਦੀ ਤੁਲਨਾ ਵਿੱਚ ਵਾਧੇ/ਘਾਟੇ ਵਿੱਚ ਰੁਝਾਨ**




*ਸ੍ਰੋਤ : ਵਿੱਤ ਲੇਖੇ*

**ਰੈਵੀਨਿਊ ਘਾਟਾ** ਜਿਸਨੂੰ ਕਿ ਐਫ ਆਰ ਬੀ ਐਮ ਐਕਟ, 2003 ਅਨੁਸਾਰ 2008-09 ਤੱਕ ਘਟਾ ਕੇ ਸਿਫਰ ਤੱਕ ਲੈਕੇ ਆਉਣਾ ਸੀ, ਸਾਲ 2015-16 ਵਿੱਚ ₹ 8,550 ਕਰੋੜ (ਜੀ ਐਸ ਡੀ ਪੀ ਦਾ 2.19 *ਪ੍ਰਤੀਸ਼ਤ*) ਤੋਂ ਵਧਕੇ ਸਾਲ 2019-20 ਵਿੱਚ ₹ 14,285 ਕਰੋੜ (ਜੀ ਐਸ ਡੀ ਪੀ ਦਾ 2.49 *ਪ੍ਰਤੀਸ਼ਤ*) ਹੋ ਗਿਆ। ਜਦੋਂਕਿ ਜੀ ਐਸ ਡੀ ਪੀ ਦੀ *ਪ੍ਰਤੀਸ਼ਤਤਾ* ਵਜੋਂ ਰੈਵੀਨਿਊ ਘਾਟਾ ਪਿਛਲੇ ਸਾਲ (2.50 *ਪ੍ਰਤੀਸ਼ਤ)* ਦੀ ਤੁਲਨਾ ਵਿੱਚ 2019-20 ਵਿੱਚ (2.49 *ਪ੍ਰਤੀਸ਼ਤ)* ਮਾਮੂਲੀ ਜਿਹਾ ਘਟ ਗਿਆ। ਰਾਜ ਸਰਕਾਰ ਨੇ ਕਿਹਾ (ਜੂਨ 2021) ਕਿ ਉਹ ਰੈਵੀਨਿਊ ਘਾਟੇ ਨੂੰ ਐਫ ਆਰ ਬੀ ਐਮ ਐਕਟ ਵਿੱਚ ਨਿਰਧਾਰਤ ਕੀਤੇ ਗਏ ਪੱਧਰ ਤੱਕ ਇਸ ਲਈ ਕਾਬੂ ਵਿੱਚ ਨਹੀਂ ਰੱਖ ਸਕੇ ਸਨ ਕਿਉਂਕਿ ਉਨ੍ਹਾਂ ਦੀਆਂ ਵਚਨਬੱਧ ਦੇਣਦਾਰੀਆਂ ਜਿਵੇਂ ਕਿ ਤਨਖਾਹ,ਉਜਰਤਾਂ, ਪੈਨਸ਼ਨ,

ਵਿਆਜ ਅਦਾਇਗੀਆਂ, ਆਦਿ , ਉਨ੍ਹਾਂ ਦੀਆਂ ਰੈਵੀਨਿਊ ਪ੍ਰਾਪਤੀਆ ਤੋਂ ਕਿਤੇ ਵੱਧ ਸਨ।

ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਏਜੰਸੀ (ਪੁੱਡਾ) ਨੇ ₹ 2,000 ਕਰੋੜ[2] ਦੇ ਕਰਜ਼ੇ ਚੁੱਕੇ ਜੋ ਕਿ ਅੱਗੇ ਰਾਜ ਸਰਕਾਰ ਨੂੰ ਦੇ ਦਿੱਤੇ ਗਏ। ਇਨ੍ਹਾਂ ਕਰਜ਼ਿਆਂ ਨੂੰ ਵਾਪਸ ਕਰਨ ਦੀ ਜ਼ਿੰਮੇਵਾਰੀ ਰਾਜ ਸਰਕਾਰ ਨੇ ਲੈ ਲਈ ਸੀ। ਰਾਜ ਸਰਕਾਰ ਨੇ ਇਸ ਰਾਸ਼ੀ ਨੂੰ ਮੁੱਖ ਮੱਦ "6003-ਅੰਦਰੂਨੀ ਕਰਜ਼ਾ" ਵਿੱਚ ਇੰਦਰਾਜ ਕਰਨ ਦੀ ਬਜਾਏ ਇਸ ਦਾ ਇੰਦਰਾਜ ਮੁੱਖ ਮੱਦ "0075 - ਫੁੱਟਕਲ ਆਮ ਸੇਵਾਵਾਂ" ਵਿੱਚ ਕਰ ਦਿੱਤਾ। ਸਾਲ 2013-19 ਦੌਰਾਨ ₹ 2,386.25 ਕਰੋੜ[3] ਦੀ ਮੁੜ ਅਦਾਇਗੀ ਕੀਤੀ ਗਈ ਸੀ ਅਤੇ ਇਸ ਦਾ ਜ਼ਿਕਰ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀਆਂ ਰਾਜ ਦੇ ਵਿੱਤਾਂ ਉੱਤੇ ਸਾਲ 2013-14, 2014-15, 2015-16, 2016-17, 2017-18 ਅਤੇ 2018-19 ਦੀਆਂ ਰਿਪੋਰਟਾਂ ਵਿੱਚ ਕੀਤਾ ਗਿਆ ਹੈ।

ਸਾਲ 2019-20 ਦੌਰਾਨ, ਰਾਜ ਸਰਕਾਰ ਨੇ ਮੁੱਖ ਮੱਦ 2216-ਮਕਾਨ ਉਸਾਰੀ, 02-ਸ਼ਹਿਰੀ ਮਕਾਨ ਉਸਾਰੀ, 190-ਜਨਤਕ ਖੇਤਰ ਅਤੇ ਹੋਰ ਅਦਾਰਿਆਂ ਨੂੰ ਸਹਾਇਤਾ, 01-ਪੁੱਡਾ ਨੂੰ ਸਹਾਇਤਾ, 50-ਹੋਰ ਚਾਰਜਿਜ਼ ਅਧੀਨ ਰੈਵੀਨਿਊ ਖਰਚੇ ਵੱਜੋਂ ਇੰਦਰਾਜ ਕਰਦੇ ਹੋਏ, ₹ 258.72 ਕਰੋੜ ਦੀ ਮੁੜ-ਅਦਾਇਗੀ ਕੀਤੀ ਅਤੇ ਇਸ ਤਰਾਂ ਰੈਵੀਨਿਊ ਖਰਚੇ ਦੇ ਨਾਲ ਨਾਲ ਰੈਵੀਨਿਊ ਘਾਟੇ ਨੂੰ ਵਧਾ ਕੇ ਦਰਸਾਇਆ ਗਿਆ।

**ਵਿੱਤੀ ਘਾਟਾ**, ਜਿਹੜਾ ਕਿ ਰਾਜ ਦੇ ਕੁੱਲ ਉਧਾਰਾਂ ਭਾਵ ਇਸ ਦੇ ਕੁੱਲ ਰੀਸੋਰਸ ਗੈਪ ਨੂੰ ਦਰਸਾਉਂਦਾ ਹੈ, 2015-16 ਵਿੱਚ ₹ 17,360 ਕਰੋੜ (ਜੀ ਐਸ ਡੀ ਪੀ ਦੇ 4.45 *ਪ੍ਰਤੀਸ਼ਤ*) ਤੋਂ ਘਟ ਕੇ 2019-20 ਵਿੱਚ ₹ 16,826 ਕਰੋੜ (ਜੀ ਐਸ ਡੀ ਪੀ ਦਾ 2.93 *ਪ੍ਰਤੀਸ਼ਤ*) ਰਹਿ ਗਿਆ।

**ਮੁਢਲਾ ਘਾਟਾ**, ਜਿਹੜਾ ਕਿ ਮੁਢਲੇ ਖਰਚੇ ( ਵਿਆਜ ਦੇ ਭੁਗਤਾਨਾਂ ਨੂੰ ਛੱਡਕੇ ਕੁੱਲ ਖਰਚਾ) ਦੇ ਗੈਰ-ਕਰਜ਼ਾ ਪ੍ਰਾਪਤੀਆਂ ਨਾਲੋਂ ਵੱਧ ਹੋਣ ਨੂੰ ਦਰਸਾਉਂਦਾ ਹੈ, ਸਾਲ 2015-16 ਵਿੱਚ ₹ 7,578 ਕਰੋੜ (ਜੀ ਐਸ ਡੀ ਪੀ ਦਾ 1.94 *ਪ੍ਰਤੀਸ਼ਤ*) ਸੀ ਜੋਕਿ ਵਧਕੇ ਸਾਲ 2016-17 ਵਿੱਚ ₹ 35,429 ਕਰੋੜ [4] (ਜੀ ਐਸ ਡੀ ਪੀ ਦਾ 8.30 *ਪ੍ਰਤੀਸ਼ਤ*) ਹੋ ਗਿਆ। ਜਦੋਂਕਿ, ਸਾਲ 2017-18, 2018-19 ਅਤੇ 2019-20

---

2 2012-13 ਵਿੱਚ ₹ 1,000 ਕਰੋੜ ਅਤੇ 2013-14 ਵਿੱਚ ₹ 1,000 ਕਰੋੜ।

3 2013-14 ਵਿੱਚ ₹ 176.88 ਕਰੋੜ; 2014-15 ਵਿੱਚ ₹ 466.68 ਕਰੋੜ; 2015-16 ਵਿੱਚ ₹ 495.26 ਕਰੋੜ; 2016-17 ਵਿੱਚ ₹ 362.49 ਕਰੋੜ; 2017-18 ਵਿੱਚ ₹ 366.94 ਕਰੋੜ; ਅਤੇ 2018-19 ਵਿੱਚ ₹ 518.00 ਕਰੋੜ।

4 ਭਾਰਤ ਸਰਕਾਰ ਦੇ ਪੱਤਰ ਨੰ 40 (6) ਪੀ ਐਫ-I/2009 ਭਾਗ II ਮਿਤੀ 29 ਮਾਰਚ 2016 ਅਨੁਸਾਰ ਯੂ ਡੀ ਏ ਵਾਈ ਅਧੀਨ ਡਿਸਕੌਮ ਦਾ ਕਰਜ਼ਾ ਅਪਣਾਉਣ ਲਈ ₹ 5,769 ਕਰੋੜ ਦੇ ਕਰਜ਼ੇ ਅਤੇ ਪੇਸ਼ਗੀਆਂ ਤੋਂ ਬਗੈਰ, ਜਿਨ੍ਹਾਂ ਦੀ ਕਿ 2016-17 ਦੌਰਾਨ ਰਾਜ ਦੇ ਵਿੱਤੀ ਘਾਟੇ ਦੀਆਂ ਸੀਮਾਵਾਂ ਲਈ ਆਂਕਣਾ ਨਹੀਂ ਕਰਨੀ ਸੀ।

ਵਿੱਚ ਕ੍ਰਮਵਾਰ ₹ 2,840 ਕਰੋੜ (ਜੀ ਐਸ ਡੀ ਪੀ ਦਾ 0.60 *ਪ੍ਰਤੀਸ਼ਤ*), ₹ 247 ਕਰੋੜ (ਜੀ ਐਸ ਡੀ ਪੀ ਦਾ 0.05 *ਪ੍ਰਤੀਸ਼ਤ*) ਅਤੇ ₹ 741 ਕਰੋੜ (ਜੀ ਐਸ ਡੀ ਪੀ ਦਾ 0.13 *ਪ੍ਰਤੀਸ਼ਤ*) ਦਾ ਮੁਢਲਾ ਵਾਧਾ ਸੀ। ਇਹ ਗੈਰ-ਕਰਜ਼ਾ ਪ੍ਰਾਪਤੀਆਂ ਦੇ ਮੁਢਲੇ ਖਰਚੇ ਨਾਲੋਂ ਵਧੇਰੇ ਹੋਣ ਨੂੰ ਦਰਸਾਉਂਦਾ ਹੈ।

## 1.6 ਲੇਖਾ ਪ੍ਰੀਖਿਆ ਵਿੱਚ ਪੜਤਾਲ ਉਪਰੰਤ ਘਾਟੇ

ਰੈਵੀਨਿਊ ਖਰਚੇ ਨੂੰ ਪੂੰਜੀਗਤ ਅਤੇ ਬਜਟ ਤੋਂ ਬਾਹਰ ਵਿੱਤੀ ਆਪਰੇਸ਼ਨਾਂ ਵਜੋਂ ਗਲਤ ਵਰਗੀਕਰਣ ਕਰਨ ਨਾਲ ਘਾਟੇ ਦੇ ਅੰਕੜਿਆਂ ਤੇ ਅਸਰ ਪੈਂਦਾ ਹੈ। ਇਸ ਤੋਂ ਇਲਾਵਾ, ਬਿਲਕੁੱਲ ਸਪਸ਼ਟ ਦੇਣਦਾਰੀਆਂ ਨੂੰ ਅੱਗੇ ਪਾਉਣਾ, ਸੈੱਸ/ਰਾਇਲਟੀ ਨੂੰ ਸੰਚਿਤ ਫੰਡ ਵਿੱਚ ਜਮ੍ਹਾਂ ਨਾ ਕਰਵਾਉਣਾ, ਨਵੀਂ ਪੈਨਸ਼ਨ ਸਕੀਮ, ਸਿੰਕਿੰਗ ਅਤੇ ਰਿਡੰਪਸ਼ਨ ਫੰਡ,ਆਦਿ ਨੂੰ ਘੱਟ ਯੋਗਦਾਨ ਕਰਨਾ, ਵੀ ਰੈਵੀਨਿਉ ਅਤੇ ਵਿੱਤੀ ਘਾਟੇ ਦੇ ਅੰਕੜਿਆਂ ਤੇ ਅਸਰ ਪਾਉਂਦੇ ਹਨ। ਘਾਟੇ ਦੇ ਅਸਲ ਅੰਕੜਿਆਂ ਨੂੰ ਜਾਣਨ ਲਈ ਅਜਿਹੀਆਂ ਅਨਿਯਮਤਾਵਾਂ ਦੇ ਅਸਰ ਨੂੰ ਖਤਮ ਕਰਨ ਦੀ ਜਰੂਰਤ ਹੈ। ਲੇਖਾ ਪ੍ਰੀਖਿਆ ਵਿੱਚ ਪੜਤਾਲ ਉਪਰੰਤ ਘਾਟਿਆਂ ਦੇ ਵਿਸ਼ਲੇਸ਼ਣ ਨੂੰ **ਸਾਰਣੀ** 1.6 ਵਿੱਚ ਦਿੱਤਾ ਗਿਆ ਹੈ।

**ਸਾਰਣੀ 1.6: ਰੈਵੀਨਿਊ ਘਾਟਾ ਅਤੇ ਵਿੱਤੀ ਘਾਟਾ, ਲੇਖਾ ਪ੍ਰੀਖਿਆ ਵਿੱਚ ਪੜਤਾਲ ਉਪਰੰਤ**

| ਵੇਰਵੇ | ਰੈਵੀਨਿਊ ਘਾਟੇ 'ਤੇ ਅਸਰ (ਘੱਟ ਦਰਸਾਏ ਗਏ(+) / ਵੱਧ ਦਰਸਾਏ ਗਏ (-) *(₹ ਕਰੋੜ ਵਿੱਚ)* | ਵਿੱਤੀ ਘਾਟੇ 'ਤੇ ਅਸਰ (ਘੱਟ ਦਰਸਾਏ ਗਏ(+) / ਵੱਧ ਦਰਸਾਏ ਗਏ(-) *(₹ ਕਰੋੜ ਵਿੱਚ)* | ਪੈਰ੍ਹੇ ਦਾ ਹਵਾਲਾ |
|---|---|---|---|
| ਜਨਤਕ ਕਰਜ਼ੇ ਦੇ ਮੂਲਧਨ ਦੀ ਮੁੜ ਅਦਾਇਗੀ ਅਤੇ ਵਿਆਜ ਦੀ ਅਦਾਇਗੀ ਦੀ ਦੇਣਦਾਰੀ ਦੀ ਰਾਸ਼ੀ ਨੂੰ ਰੈਵੀਨਿਊ ਖਰਚੇ ਵਜੋਂ ਇੰਦਰਾਜ ਕਰਨਾ | (-) 258.72 | (-) 258.72 | 1.5 |
| ਯੂ ਡੀ ਏ ਵਾਈ ਸਕੀਮ ਅਧੀਨ ਕਰਜ਼ੇ ਅਤੇ ਪੇਸ਼ਗੀਆਂ ਦੀ ਰਾਸ਼ੀ ਦੇ ਕੁੱਝ ਭਾਗ ਨੂੰ ਸਹਾਇਤਾ ਗ੍ਰਾਂਟਾਂ ਵਿੱਚ ਅਤੇ ਰਾਸ਼ੀ ਦੇ ਕੁੱਝ ਭਾਗ ਨੂੰ ਇਕਿਊਟੀ ਵਿੱਚ ਬਦਲਣ ਦੀ ਬਜਾਏ ਸਾਰੀ ਰਾਸ਼ੀ ਨੂੰ ਇਕਿਊਟੀ ਵਿੱਚ ਬਦਲਣਾ ਅਤੇ ਇਸ ਤੋਂ ਇਲਾਵਾ ਡਿਸਕੌਮ ਦੇ ਨੁਕਸਾਨ ਨੂੰ ਸਹਾਇਤਾ ਗ੍ਰਾਂਟਾਂ ਰਾਹੀਂ ਫੰਡਿੰਗ ਨਾ ਕਰਨਾ । | (+) 11,737.71 | (+) 9.45 | 2.4.2.2(v) |
| ਸੰਚਿਤ ਸ਼ਿੰਕਿੰਗ ਫੰਡ ਨੂੰ ਯੋਗਦਾਨ ਨਾ ਦੇਣਾ | (+) 816.59 | (+) 816.59 | 2.5.2.1 |
| ਐਸ ਡੀ ਆਰ ਐਫ ਵਿੱਚੋ ਨਾ ਬਣਦਾ ਖਰਚਾ ਕਰਨਾ (ਐਮ ਐਚ-2245) | (+) 89.70 | (+) 89.70 | 2.5.2.2 |
| ਐਸ ਡੀ ਆਰ ਐਫ ਗ੍ਰਾਂਟ ਦੇ ਟਰਾਂਸਫਰ ਵਿੱਚ ਦੇਰੀ ਹੋਣ ਤੇ ਅਦਾਇਗੀ ਯੋਗ ਵਿਆਜ ਦੀ ਅਦਾਇਗੀ ਨਾ ਕਰਨਾ | (+) 3.92 | (+) 3.92 | 2.5.2.2 |

| ਵੇਰਵੇ | ਰੈਵੀਨਿਊ ਘਾਟੇ 'ਤੇ ਅਸਰ (ਘੱਟ ਦਰਸਾਏ ਗਏ(+) / ਵੱਧ ਦਰਸਾਏ ਗਏ (-) (*₹ ਕਰੋੜ ਵਿੱਚ*) | ਵਿੱਤੀ ਘਾਟੇ 'ਤੇ ਅਸਰ (ਘੱਟ ਦਰਸਾਏ ਗਏ(+) / ਵੱਧ ਦਰਸਾਏ ਗਏ(-) (*₹ ਕਰੋੜ ਵਿੱਚ*) | ਪੈਰ੍ਹੇ ਦਾ ਹਵਾਲਾ |
|---|---|---|---|
| ਗਰੰਟੀ ਰਿਡੰਪਸ਼ਨ ਫੰਡ ਵਿੱਚ ਯੋਗਦਾਨ ਨਾ ਕਰਨਾ | (+) 118.59 | (+) 118.59 | 2.5.2.3 |
| ਵਿਆਜਯੋਗ ਰਾਖਵੇਂ ਫੰਡਾਂ ਅਤੇ ਡਿਪਾਜ਼ਿਟਸ ਅਧੀਨ ਬਕਾਇਆਂ ਤੇ ਘੱਟ ਵਿਆਜ ਦੀ ਅਦਾਇਗੀ | (+) 60.61 | (+) 60.61 | 4.2 |
| ਐਨ ਐਸ ਡੀ ਐਲ ਨੂੰ ਐਨ ਪੀ ਐਸ ਨਾਲ ਸਬੰਧਤ ਸਰਕਾਰ ਦਾ ਘੱਟ ਯੋਗਦਾਨ ਟਰਾਂਸਫਰ ਕਰਨਾ | (+) 337.65 | (+) 337.65 | 2.4.1.2(i) |
| ਗਰੰਟੀ ਫੀਸ ਪ੍ਰਾਪਤੀਆਂ ਨੂੰ ਗਰੰਟੀ ਰਿਡੰਪਸ਼ਨ ਫੰਡ ਵਿੱਚ ਟਰਾਂਸਫਰ ਨਾ ਕਰਨਾ | (+) 46.14 | (+) 46.14 | 2.5.2.3 |
| **ਜੋੜ** | **(+) 12,952.19** | **(+) 1,223.93** | |

*ਸ੍ਰੋਤ: ਵਿੱਤ ਲੇਖੇ*

ਸਾਲ 2019-20 ਦੌਰਾਨ ਰੈਵੀਨਿਓ ਘਾਟਾ ਅਤੇ ਵਿੱਤੀ ਘਾਟਾ ਕ੍ਰਮਵਾਰ ₹ 14,285 ਕਰੋੜ (ਜੀ ਐਸ ਡੀ ਪੀ ਦਾ 2.49 *ਪ੍ਰਤੀਸ਼ਤ*) ਅਤੇ ₹ 16,826 ਕਰੋੜ (ਜੀ ਐਸ ਡੀ ਪੀ ਦਾ 2.93 *ਪ੍ਰਤੀਸ਼ਤ*) ਸੀ, ਜਿਵੇਂ ਕਿ **ਚਾਰਟ** 1.4 ਅਤੇ **ਚਾਰਟ** 1.5 ਵਿੱਚ ਦਰਸਾਇਆ ਗਿਆ ਹੈ। ਜੇਕਰ ਉਕਤ ਵਿੱਤੀ ਕਾਰਵਿਹਾਰਾਂ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਤਾਂ ਅਸਲ ਰੈਵੀਨਿਊ ਘਾਟਾ ਅਤੇ ਵਿੱਤੀ ਘਾਟਾ ਕ੍ਰਮਵਾਰ ₹ 27,237 ਕਰੋੜ (ਜੀ ਐਸ ਡੀ ਪੀ ਦਾ 4.74 *ਪ੍ਰਤੀਸ਼ਤ*) ਅਤੇ ₹ 18,050 ਕਰੋੜ (ਜੀ ਐਸ ਡੀ ਪੀ ਦਾ 3.14 *ਪ੍ਰਤੀਸ਼ਤ*) ਬਣਨਾ ਸੀ। ਇਸ ਨਾਲ ਨਾ ਸਿਰਫ ਰੈਵੀਨਿਊ ਘਾਟਾ 90.67 *ਪ੍ਰਤੀਸ਼ਤ* ਅਤੇ ਵਿੱਤੀ ਘਾਟਾ 7.27 *ਪ੍ਰਤੀਸ਼ਤ* ਨਾਲ ਘੱਟ ਕਰਕੇ ਦਰਸਾਇਆ ਗਿਆ ਬਲਕਿ ਅਸਲ ਰੈਵੀਨਿਊ ਘਾਟਾ ਵੀ ₹ 15,550 ਕਰੋੜ (133.05 *ਪ੍ਰਤੀਸ਼ਤ*) ਨਾਲ ਵਿੱਤੀ ਮਜ਼ਬੂਤੀਕਰਨ ਰੋਡਮੈਪ (ਐਫ ਸੀ ਆਰ) ਦੇ ਟੀਚਿਆਂ ਤੋਂ ਵਧ ਹੋਵੇਗਾ, ਜਦੋਂ ਕਿ ਵਿੱਤੀ ਘਾਟਾ ਐਫ ਸੀ ਆਰ ਦੇ ਟੀਚਿਆਂ ਦੇ ਅੰਦਰ ਰਹਿਣਾ ਸੀ।

## 1.7 ਲੇਖਾ ਪ੍ਰੀਖਿਆ ਉਪਰੰਤ – ਕੁੱਲ ਜਨਤਕ ਕਰਜ਼ਾ

ਜਿਵੇਂ ਕਿ ਭਾਰਤ ਦੇ ਸੰਵਿਧਾਨ ਦੇ ਅਨੁਛੇਦ 266 ਵਿੱਚ ਦੱਸਿਆ ਗਿਆ ਹੈ ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧਨ (ਐਫ ਆਰ ਬੀ ਐਮ) ਐਕਟ, 2003, ਅਨੁਸਾਰ ਕੁੱਲ ਦੇਣਦਾਰੀ ਤੋਂ ਭਾਵ ਰਾਜ ਦੇ ਸੰਚਿਤ ਫੰਡ ਅਤੇ ਰਾਜ ਦੇ ਲੋਕ ਲੇਖੇ ਅਧੀਨ ਦੇਣਦਾਰੀਆਂ ਤੋਂ ਹੈ। ਬਕਾਇਆ ਕਰਜ਼ੇ/ਦੇਣਦਾਰੀਆਂ ਨੂੰ ਵੱਖ ਵੱਖ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ, ਜਿਵੇਂ ਕਿ ਹੇਠਾਂ **ਸਾਰਣੀ** 1.7 ਵਿੱਚ ਦਿੱਤਾ ਗਿਆ ਹੈ।

**ਸਾਰਣੀ 1.7 : ਬਕਾਇਆ ਕਰਜ਼ੇ/ ਦੇਣਦਾਰੀਆਂ ਦੇ ਭਾਗ**

*(₹ ਕਰੋੜ ਵਿੱਚ)*

| ਵਿੱਤ ਲੇਖਿਆਂ ਅਨੁਸਾਰ ਉਧਾਰ ਅਤੇ ਹੋਰ ਦੇਣਦਾਰੀਆਂ | ਰਾਸ਼ੀ |
|---|---|
| ਅੰਦਰੂਨੀ ਕਰਜ਼ਾ (ੳ) | **1,89,662.07** |
| ਵਿਆਜਯੋਗ ਮਾਰਕੀਟ ਕਰਜ਼ੇ | 1,28,217.67 |
| ਵਿਆਜਹੀਣ ਮਾਰਕੀਟ ਕਰਜ਼ੇ | 0.04 |
| ਕੰਪੈਨਸੇਸ਼ਨ ਅਤੇ ਹੋਰ ਬਾਂਡਜ਼ | 15,628.26 |
| ਹੋਰ ਵਿੱਤੀ ਸੰਸਥਾਵਾਂ, ਆਦਿ ਤੋਂ ਕਰਜ਼ੇ | 29,122.19 |
| ਕੇਂਦਰ ਸਰਕਾਰ ਦੇ ਰਾਸ਼ਟਰੀ ਛੋਟੀਆਂ ਬੱਚਤਾਂ ਫੰਡ ਨੂੰ ਜਾਰੀ ਵਿਸ਼ੇਸ਼ ਸਕਿਓਰਟੀਆਂ | 16,693.91 |
| ਕੇਂਦਰ ਸਰਕਾਰ ਤੋਂ ਕਰਜ਼ੇ ਅਤੇ ਪੇਸ਼ਗੀਆਂ (ਅ) | **4,670.57** |
| ਨਾਲ-ਪਲਾਨ ਕਰਜ਼ੇ | 17.91 |
| ਰਾਜ ਪਲਾਨ ਸਕੀਮਾਂ ਲਈ ਕਰਜ਼ੇ | 2,728.45 |
| ਹੋਰ | 1,924.21 |
| ਲੋਕ ਲੇਖੇ ਦੀਆਂ ਦੇਣਦਾਰੀਆਂ(ੲ) | **35,023.78** |
| ਛੋਟੀਆਂ ਬੱਚਤਾਂ, ਪਰਾਵੀਡੈਂਟ ਫੰਡ,ਆਦਿ | 22,995.06 |
| ਡਿਪਾਜ਼ਿਟਸ | 3,821.38 |
| ਰਾਖਵੇਂ ਫੰਡ | 8,204.64 |
| ਸਸਪੈਂਸ ਅਤੇ ਫੁਟਕਲ ਬਕਾਏ | 27.96 |
| ਰੈਮੀਟੈਂਸਜ਼ | (-) 25.26 |
| ਜੋੜ (ੳ+ ਅ+ ੲ) | **2,29,356.42** |

*ਸ੍ਰੋਤ: ਵਿੱਤ ਲੇਖੇ*

ਸਸਪੈਂਸ, ਫੁਟਕਲ ਅਤੇ ਰੈਮੀਟੈਂਸਜ਼ ਬਕਾਇਆਂ ਨੂੰ ਹਿਸਾਬ ਵਿੱਚ ਨਾ ਲੈਣ ਕਰਕੇ, ਰਾਜ ਦਾ ਸਮੁੱਚਾ ਬਕਾਇਆ ਕਰਜ਼ਾ/ ਦੇਣਦਾਰੀਆਂ ₹ 2.70 ਕਰੋੜ ਨਾਲ ਘੱਟ ਕਰਕੇ ਦਰਸਾਇਆ ਗਿਆ ਸੀ ਅਤੇ ਜੀ ਐਸ ਡੀ ਪੀ ਦੀ ਪ੍ਰਤੀਸ਼ਤਤਾ ਨੂੰ 0.004 *ਪ੍ਰਤੀਸ਼ਤ* ਨਾਲ ਘੱਟ ਕਰਕੇ ਦਰਸਾਇਆ ਗਿਆ ਸੀ। ਜੀ ਐਸ ਡੀ ਪੀ ਨੂੰ ਦੇਣਦਾਰੀਆਂ, ਐਮ ਟੀ ਐਫ ਪੀ ਐਸ ਅਧੀਨ 39.74 *ਪ੍ਰਤੀਸ਼ਤ* ਦੇ ਨਾਰਮੇਟਿਵ ਅਸੈਸਮੈਂਟ ਦੀ ਤੁਲਨਾ ਵਿੱਚ, 39.90 *ਪ੍ਰਤੀਸ਼ਤ ਤੇ* ਵਧੇਰੇ ਸਨ।

# ਅਧਿਆਇ-II

# ਰਾਜ ਦੇ ਵਿੱਤ

# ਅਧਿਆਇ-II

# ਰਾਜ ਦੇ ਵਿੱਤ

## 2.1 ਮਹੱਤਵਪੂਰਣ ਵਿੱਤੀ ਜੋੜਾਂ ਵਿੱਚ 2018-19 ਦੀ ਤੁਲਨਾ ਵਿੱਚ ਹੋਏ ਮੁੱਖ ਬਦਲਾਅ

ਪਿਛਲੇ ਸਾਲ ਦੀ ਤੁਲਨਾ ਵਿੱਚ ਵਿੱਤੀ ਸਾਲ 2019-20 ਦੌਰਾਨ ਰਾਜ ਦੇ ਮੁੱਖ ਵਿੱਤੀ ਜੋੜਾਂ ਵਿੱਚ ਹੋਏ ਵੱਡੇ ਬਦਲਾਅ **ਸਾਰਣੀ 2.1** ਵਿੱਚ ਦਿੱਤੇ ਗਏ ਹਨ।

**ਸਾਰਣੀ 2.1: ਸਾਲ 2018-19 ਦੀ ਤੁਲਨਾ ਵਿੱਚ 2019-20 ਵਿੱਚ ਮੁੱਖ ਵਿੱਤੀ ਜੋੜਾਂ ਵਿੱਚ ਹੋਏ ਬਦਲਾਅ**

| | |
|---|---|
| ਰੈਵੀਨਿਊ ਪ੍ਰਾਪਤੀਆਂ | • ਰਾਜ ਦੀਆਂ ਰੈਵੀਨਿਊ ਪ੍ਰਾਪਤੀਆਂ 1.11 *ਪ੍ਰਤੀਸ਼ਤ* ਨਾਲ ਘਟੀਆਂ<br>• ਰਾਜ ਦੀਆਂ ਆਪਣੀਆਂ ਕਰ ਪ੍ਰਾਪਤੀਆਂ 5.00 *ਪ੍ਰਤੀਸ਼ਤ* ਨਾਲ ਘਟੀਆਂ<br>• ਆਪਣੀਆਂ ਗੈਰ-ਕਰ ਪ੍ਰਾਪਤੀਆਂ 12.24 *ਪ੍ਰਤੀਸ਼ਤ* ਨਾਲ ਘਟੀਆਂ<br>• ਕੇਂਦਰੀ ਕਰਾਂ ਅਤੇ ਡਿਊਟੀਆਂ ਵਿੱਚ ਰਾਜ ਦਾ ਹਿੱਸਾ 13.82 *ਪ੍ਰਤੀਸ਼ਤ* ਨਾਲ ਘਟਿਆ<br>• ਭਾਰਤ ਸਰਕਾਰ ਤੋਂ ਸਹਾਇਤਾ ਗ੍ਰਾਂਟਾਂ 31.26 *ਪ੍ਰਤੀਸ਼ਤ* ਨਾਲ ਵਧੀਆਂ |
| ਰੈਵੀਨਿਊ ਖਰਚਾ | • ਰੈਵੀਨਿਊ ਖਰਚਾ 0.60 *ਪ੍ਰਤੀਸ਼ਤ* ਨਾਲ ਵਧਿਆ<br>• ਆਮ ਸੇਵਾਵਾਂ 'ਤੇ ਰੈਵੀਨਿਊ ਖਰਚਾ 4.56 *ਪ੍ਰਤੀਸ਼ਤ* ਨਾਲ ਵਧਿਆ<br>• ਸਮਾਜਿਕ ਸੇਵਾਵਾਂ 'ਤੇ ਰੈਵੀਨਿਊ ਖਰਚਾ 6.35 *ਪ੍ਰਤੀਸ਼ਤ* ਨਾਲ ਵਧਿਆ<br>• ਆਰਥਿਕ ਸੇਵਾਵਾਂ 'ਤੇ ਰੈਵੀਨਿਊ ਖਰਚਾ 18.65 *ਪ੍ਰਤੀਸ਼ਤ* ਨਾਲ ਘਟਿਆ<br>• ਸਹਾਇਤਾ ਗ੍ਰਾਂਟਾਂ ਅਤੇ ਯੋਗਦਾਨਾਂ 'ਤੇ ਖਰਚਾ 41.72 *ਪ੍ਰਤੀਸ਼ਤ* ਨਾਲ ਵਧਿਆ |
| ਪੂੰਜੀਗਤ ਆਊਟਲੇਅ | • ਪੂੰਜੀਗਤ ਆਊਟਲੇਅ 639.14 *ਪ੍ਰਤੀਸ਼ਤ* ਨਾਲ ਵਧਿਆ<br>• ਆਮ ਸੇਵਾਵਾਂ 'ਤੇ ਪੂੰਜੀਗਤ ਆਊਟਲੇਅ 8.88 *ਪ੍ਰਤੀਸ਼ਤ* ਨਾਲ ਘਟਿਆ<br>• ਸਮਾਜਿਕ ਸੇਵਾਵਾਂ 'ਤੇ ਪੂੰਜੀਗਤ ਆਊਟਲੇਅ 7.83 *ਪ੍ਰਤੀਸ਼ਤ* ਨਾਲ ਘਟਿਆ<br>• ਆਰਥਿਕ ਸੇਵਾਵਾ 'ਤੇ ਪੂੰਜੀਗਤ ਆਊਟਲੇਅ 1,297.07 *ਪ੍ਰਤੀਸ਼ਤ* ਨਾਲ ਵਧਿਆ |
| ਕਰਜ਼ੇ ਅਤੇ ਪੇਸ਼ਗੀਆਂ | • ਕਰਜ਼ੇ ਅਤੇ ਪੇਸ਼ਗੀਆਂ ਦੀਆਂ ਵਸੂਲੀਆਂ 1,792.82 *ਪ੍ਰਤੀਸ਼ਤ ਨਾਲ* ਵਧੀਆਂ<br>• ਕਰਜ਼ੇ ਅਤੇ ਪੇਸ਼ਗੀਆਂ ਦੀ ਅਦਾਇਗੀ 42.47 *ਪ੍ਰਤੀਸ਼ਤ* ਨਾਲ ਘਟੀ |
| ਜਨਤਕ ਕਰਜ਼ਾ | • ਜਨਤਕ ਕਰਜ਼ਾ ਪ੍ਰਾਪਤੀਆਂ 21.28 *ਪ੍ਰਤੀਸ਼ਤ* ਨਾਲ ਵਧੀਆਂ<br>• ਜਨਤਕ ਕਰਜ਼ੇ ਦੀ ਮੁੜ ਅਦਾਇਗੀ 46.53 *ਪ੍ਰਤੀਸ਼ਤ* ਨਾਲ ਵਧੀ |
| ਲੋਕ ਲੇਖਾ | • ਲੋਕ ਲੇਖਾ ਪ੍ਰਾਪਤੀਆਂ 2.95 *ਪ੍ਰਤੀਸ਼ਤ* ਨਾਲ ਵਧੀਆਂ<br>• ਲੋਕ ਲੇਖੇ ਦੀ ਅਦਾਇਗੀ 3.30*ਪ੍ਰਤੀਸ਼ਤ* ਨਾਲ ਵਧੀ |
| ਕੈਸ਼ ਬਕਾਇਆ | • ਕੈਸ਼ ਬਕਾਇਆ 60.40*ਪ੍ਰਤੀਸ਼ਤ* ਨਾਲ ਵਧਿਆ |

*ਸ੍ਰੋਤ: ਵਿੱਤ ਲੇਖੇ*

## 2.2 ਫੰਡਾਂ ਦੇ ਸ੍ਰੋਤ ਅਤੇ ਵਰਤੋਂ

ਪਿਛਲੇ ਸਾਲ ਨਾਲੋਂ ਚਾਲੂ ਸਾਲ ਦੌਰਾਨ ਰਾਜ ਦੇ ਫੰਡਾਂ ਦੇ ਸਾਧਨ ਅਤੇ ਵਰਤੋਂ ਦੇ ਕੰਪੋਨੈਟਾਂ ਦੀ ਤੁਲਨਾ **ਸਾਰਣੀ 2.2** ਵਿੱਚ ਦਿੱਤੀ ਗਈ ਹੈ।

**ਸਾਰਣੀ 2.2: ਸਾਲ 2018-19 ਅਤੇ 2019-20 ਦੌਰਾਨ ਫੰਡਾਂ ਦੇ ਸਾਧਨ ਅਤੇ ਵਰਤੋਂ ਦੇ ਵੇਰਵੇ**

*(₹ ਕਰੋੜ ਵਿੱਚ)*

| | ਵੇਰਵੇ | 2018-19 | 2019-20 | ਵਾਧਾ (+)/ਘਾਟਾ (-)(*ਪ੍ਰਤੀਸ਼ਤ*) |
|---|---|---|---|---|
| ਸਾਧਨ | ਆਰ ਬੀ ਆਈ ਕੋਲ ਮੁਢਲਾ ਕੈਸ਼ ਬਕਾਇਆ | 488 | 1,325 | (+)837(172) |
| | ਰੈਵੀਨਿਊ ਪ੍ਰਾਪਤੀਆਂ | 62,269 | 61,575 | (-)694 (-1) |
| | ਕਰਜ਼ੇ ਅਤੇ ਪੇਸ਼ਗੀਆ ਦੀਆਂ ਵਸੂਲੀਆਂ | 849 | 16,070 | (+)15,221 (1793) |
| | ਜਨਤਕ ਕਰਜ਼ਾ ਪ੍ਰਾਪਤੀਆਂ (ਨਿਰੋਲ) | 14,328 | 15,202 | (+)874 (6) |
| | ਲੋਕ ਲੇਖਾ ਪ੍ਰਾਪਤੀਆਂ (ਨਿਰੋਲ) | 2,568 | 2,424 | (-)144 (-6) |
| | **ਜੋੜ** | **80,502** | **96,596** | (+)**16,094 (20)** |
| ਵਰਤੋਂ | ਰੈਵੀਨਿਊ ਖਰਚਾ | 75,404 | 75,860 | (+)456 (1) |
| | ਪੂੰਜੀਗਤ ਆਊਟਲੇਅ | 2,412 | 17,828 | (+)15,416 (639) |
| | ਕਰਜ਼ੇ ਅਤੇ ਪੇਸ਼ਗੀਆਂ ਦਾ ਭੁਗਤਾਨ | 1,361 | 783 | (-)578 (-42) |
| | ਆਰ ਬੀ ਆਈ ਕੋਲ ਅੰਤਿਮ ਕੈਸ਼ ਬਕਾਇਆ | 1,325 | 2,125 | (+)800 (60) |
| | **ਜੋੜ** | **80,502** | **96,596** | (+)**16,094 (20)** |

*ਸ੍ਰੋਤ: ਵਿੱਤ ਲੇਖੇ*

***ਅੰਤਿਕਾ 2.1*** ਚਾਲੂ ਸਾਲ ਦੇ ਨਾਲ ਨਾਲ ਪਿਛਲੇ ਸਾਲ ਦੌਰਾਨ ਰਾਜ ਦੀਆਂ ਧਨ ਪ੍ਰਾਪਤੀਆਂ ਅਤੇ ਅਦਾਇਗੀਆਂ ਅਤੇ ਸਮੁੱਚੀ ਵਿੱਤੀ ਸਥਿਤੀ ਦੇ ਵੇਰਵੇ ਮੁਹੱਈਆ ਕਰਵਾਉਂਦੀ ਹੈ।

ਸਾਲ 2019-20 ਦੌਰਾਨ ਰਾਜ ਦੇ ਸੰਚਿਤ ਫੰਡ ਵਿੱਚ ਸਾਧਨਾਂ ਦੀ ਰਚਨਾ ਅਤੇ ਵਰਤੋਂ ਨੂੰ ਚਾਰਟ 2.1 ਅਤੇ ਚਾਰਟ 2.2 ਵਿੱਚ ਦਿੱਤਾ ਗਿਆ ਹੈ।

**ਚਾਰਟ 2.1: ਸਾਧਨਾਂ ਦੀ ਰਚਨਾ**
(*ਪ੍ਰਤੀਸ਼ਤ* ਵਿੱਚ)




**ਚਾਰਟ 2.2: ਸਾਧਨਾਂ ਦੀ ਵਰਤੋਂ**
(*ਪ੍ਰਤੀਸ਼ਤ* ਵਿੱਚ )




*ਸ੍ਰੋਤ: ਵਿੱਤ ਲੇਖੇ*

## 2.3 ਰਾਜ ਦੇ ਸਾਧਨ

ਰਾਜ ਦੇ ਸਾਧਨ ਹੇਠਾਂ ਵਰਣਨ ਕੀਤੇ ਗਏ ਹਨ:

1. **ਰੈਵੀਨਿਊ ਪ੍ਰਾਪਤੀਆਂ** ਵਿੱਚ ਕਰ ਰੈਵੀਨਿਊ, ਗੈਰ-ਕਰ ਰੈਵੀਨਿਊ, ਕੇਂਦਰੀ ਕਰਾਂ ਤੇ ਡਿਊਟੀਆਂ ਵਿੱਚ ਰਾਜ ਦਾ ਹਿੱਸਾ ਅਤੇ ਭਾਰਤ ਸਰਕਾਰ (ਜੀ ਓ ਆਈ) ਤੋਂ ਸਹਾਇਤਾ ਗ੍ਰਾਂਟਾਂ ਸ਼ਾਮਲ ਹਨ।

2. **ਪੂੰਜੀਗਤ ਪ੍ਰਾਪਤੀਆਂ** ਵਿੱਚ ਫੁਟਕਲ ਪੂੰਜੀਗਤ ਪ੍ਰਾਪਤੀਆਂ ਜਿਵੇਂ ਕਿ ਵਿਨਿਵੇਸ਼ ਤੋਂ ਆਮਦਨ, ਕਰਜ਼ਿਆਂ ਅਤੇ ਪੇਸ਼ਗੀਆਂ ਦੀਆਂ ਵਸੂਲੀਆਂ, ਅੰਦਰੂਨੀ ਸਰੋਤਾਂ (ਮਾਰਕੀਟ ਕਰਜ਼ੇ, ਵਿੱਤੀ ਸੰਸਥਾਵਾਂ/ਕਮਰਸ਼ੀਅਲ ਬੈਂਕਾਂ ਤੋਂ ਉਧਾਰ) ਤੋਂ ਕਰਜ਼ਾ ਪ੍ਰਾਪਤੀਆਂ ਅਤੇ ਭਾਰਤ ਸਰਕਾਰ ਤੋਂ ਕਰਜ਼ੇ ਅਤੇ ਪੇਸ਼ਗੀਆਂ ਸ਼ਾਮਲ ਹਨ।

   ਰੈਵੀਨਿਊ ਅਤੇ ਪੂੰਜੀਗਤ ਪ੍ਰਾਪਤੀਆਂ ਦੋਵੇਂ ਰਾਜ ਦੇ ਸੰਚਿਤ ਫੰਡ ਦਾ ਹਿੱਸਾ ਬਣਦੀਆਂ ਹਨ।

3. **ਨਿਰੋਲ ਲੋਕ ਲੇਖਾ ਪ੍ਰਾਪਤੀਆਂ**: ਕੁੱਝ ਵਿੱਤੀ ਕਾਰਵਿਹਾਰਾਂ, ਜਿਵੇਂ ਕਿ ਛੋਟੀਆਂ ਬੱਚਤਾਂ, ਪ੍ਰਾਵੀਡੈਂਟ ਫੰਡ, ਰਾਖਵੇਂ ਫੰਡ, ਡਿਪਾਜ਼ਿਟਸ, ਸਸਪੈਂਸ, ਰੈਮੀਟੈਂਸਜ਼ ਆਦਿ ਨਾਲ ਸਬੰਧਤ ਅਜਿਹੀਆਂ ਧਨ ਪ੍ਰਾਪਤੀਆਂ ਅਤੇ ਅਦਾਇਗੀਆਂ ਹਨ ਜੋਕਿ ਸੰਚਿਤ ਫੰਡ ਦਾ ਹਿੱਸਾ ਨਹੀਂ ਬਣਦੀਆਂ।

   ਇਨ੍ਹਾਂ ਨੂੰ ਸੰਵਿਧਾਨ ਦੇ ਅਨੁਛੇਦ 266(2) ਅਧੀਨ ਸਥਾਪਤ ਕੀਤੇ ਗਏ ਲੋਕ ਲੇਖੇ ਵਿੱਚ ਰੱਖਿਆ ਜਾਂਦਾ ਹੈ ਅਤੇ ਇਹ ਰਾਜ ਵਿਧਾਨਪਾਲਿਕਾ ਦੀ ਵੋਟ ਅਧੀਨ ਨਹੀਂ ਹੁੰਦੀਆਂ। ਇੱਥੇ, ਸਰਕਾਰ ਇੱਕ ਬੈਂਕਰ ਵੱਜੋਂ ਕੰਮ ਕਰਦੀ ਹੈ। ਅਦਾਇਗੀਆਂ ਤੋਂ ਬਾਅਦ ਬਕਾਇਆ ਸਰਕਾਰ ਕੋਲ ਵਰਤੋਂ ਲਈ ਉਪਲੱਬਧ ਫੰਡ ਹੈ।

### 2.3.1 ਰਾਜ ਦੀਆਂ ਪ੍ਰਾਪਤੀਆਂ

ਇਹ ਪੈਰ੍ਹਾ ਸਮੁੱਚੀਆਂ ਪ੍ਰਾਪਤੀਆਂ ਦੀ ਰਚਨਾ ਬਾਰੇ ਦਸਦਾ ਹੈ। ਰੈਵੀਨਿਊ ਅਤੇ ਪੂੰਜੀਗਤ ਪ੍ਰਾਪਤੀਆਂ ਤੋਂ ਇਲਾਵਾ, ਲੋਕ ਲੇਖੇ (ਇਸ ਵਿੱਚੋਂ ਕੀਤੀ ਗਈ ਅਦਾਇਗੀ ਉਪਰੰਤ ਨਿਰੋਲ) ਵਿੱਚ ਉਪਲੱਬਧ ਫੰਡ ਵੀ ਸਰਕਾਰ ਵੱਲੋਂ ਆਪਣੇ ਘਾਟੇ ਨੂੰ ਫਾਈਨਾਂਸ ਕਰਨ ਲਈ ਵਰਤੇ ਜਾਂਦੇ ਹਨ। ਰਾਜ ਦੀਆਂ ਕੁੱਲ ਪ੍ਰਾਪਤੀਆਂ ਦੀ ਰਚਨਾ ਨੂੰ ਚਾਰਟ 2.3 ਵਿੱਚ ਦਰਸਾਇਆ ਗਿਆ ਹੈ।

## ਚਾਰਟ 2.3: ਸਾਲ 2019-20 ਦੌਰਾਨ ਰਾਜ ਦੀਆਂ ਧਨ-ਪ੍ਰਾਪਤੀਆਂ ਦੀ ਰਚਨਾ




*ਸ੍ਰੋਤ: ਵਿੱਤ ਲੇਖੇ*

## 2.3.2 ਰਾਜ ਦੀਆਂ ਰੈਵੀਨਿਊ ਪ੍ਰਾਪਤੀਆਂ

### *2.3.2.1 ਰੈਵੀਨਿਊ ਪ੍ਰਾਪਤੀਆਂ ਦਾ ਰੁਝਾਨ ਅਤੇ ਵਾਧਾ*

ਪੰਜ ਸਾਲਾਂ (2015-2020) ਦੇ ਸਮੇਂ ਦੌਰਾਨ ਸਕਲ ਰਾਜ ਘਰੇਲੂ ਉਤਪਾਦ (ਜੀ ਐਸ ਡੀ ਪੀ) ਦੇ ਸਬੰਧ ਵਿੱਚ ਰੈਵੀਨਿਊ ਪ੍ਰਾਪਤੀਆਂ ਦੇ ਨਾਲ-ਨਾਲ ਰੈਵੀਨਿਊ ਬਾਇਅੰਸੀ ਦੇ ਰੁਝਾਨ ਅਤੇ ਵਾਧੇ ਨੂੰ **ਸਾਰਣੀ** 2.3 ਵਿੱਚ ਦਰਸਾਇਆ ਗਿਆ ਹੈ। ਇਸੇ ਸਮੇਂ ਦੌਰਾਨ ਰੈਵੀਨਿਊ ਪ੍ਰਾਪਤੀਆਂ ਦੇ ਰੁਝਾਨ ਅਤੇ ਰਚਨਾ ਨੂੰ ***ਅੰਤਿਕਾ** 2.2* ਵਿੱਚ ਪੇਸ਼ ਕੀਤਾ ਗਿਆ ਹੈ।

**ਸਾਰਣੀ 2.3: ਰੈਵੀਨਿਊ ਪ੍ਰਾਪਤੀਆਂ ਵਿੱਚ ਰੁਝਾਨ**

*(₹ ਕਰੋੜ ਵਿੱਚ)*

| ਮਾਪਦੰਡ | 2015-16 | 2016-17 | 2017-18 | 2018-19 | 2019-20 |
|---|---|---|---|---|---|
| ਰੈਵੀਨਿਊ ਪ੍ਰਾਪਤੀਆਂ (ਆਰ ਆਰ) | 41,523 | 47,985 | 53,010 | 62,269 | 61,575 |
| ਆਰ ਆਰ ਦੇ ਵਾਧੇ ਦੀ ਦਰ (*ਪ੍ਰਤੀਸ਼ਤ*) | 6.41 | 15.56 | 10.47 | 17.47 | (-)1.11 |
| ਆਪਣਾ ਕਰ ਰੈਵੀਨਿਊ | 26,690 | 27,747 | 30,423 | 31,574 | 29,995 |
| ਗੈਰ-ਕਰ ਰੈਵੀਨਿਊ | 2,650 | 5,863 | 4,319 | 7,582 | 6,654 |
| ਆਪਣਾ ਰੈਵੀਨਿਊ | 29,340 | 33,610 | 34,742 | 39,156 | 36,649 |
| ਆਪਣੇ ਰੈਵੀਨਿਊ ਦੇ ਵਾਧੇ ਦੀ ਦਰ (ਆਪਣਾ ਕਰ ਅਤੇ ਗੈਰ-ਕਰ ਰੈਵੀਨਿਊ) (*ਪ੍ਰਤੀਸ਼ਤ*) | 3.13 | 14.55 | 3.37 | 12.71 | (-)6.40 |
| ਜੀ ਐਸ ਡੀ ਪੀ (2011-12 ਲੜੀ) | 3,90,087 | 4,26,988 | 4,70,834 | 5,26,376 (ਕਿਊ) | 5,74,760 (ਏ) |
| ਜੀ ਐਸ ਡੀ ਪੀ ਦੇ ਵਾਧੇ ਦੀ ਦਰ (*ਪ੍ਰਤੀਸ਼ਤ*) | 9.85 | 9.46 | 10.27 | 11.80 | 9.19 |
| ਆਰ ਆਰ /ਜੀ ਐਸ ਡੀ ਪੀ (*ਪ੍ਰਤੀਸ਼ਤ*) | 10.64 | 11.24 | 11.26 | 11.83 | 10.71 |
| ਬਾਇਅੰਸੀ ਰੇਸ਼ੋ[1] | | | | | |
| ਜੀ ਐਸ ਡੀ ਪੀ ਦੇ ਸਬੰਧ ਵਿੱਚ ਰੈਵੀਨਿਊ ਬਾਇਅੰਸੀ | 0.65 | 1.64 | 1.02 | 1.48 | (-) 0.12 |
| ਜੀ ਐਸ ਡੀ ਪੀ ਦੇ ਸਬੰਧ ਵਿੱਚ ਰਾਜ ਦੀ ਆਪਣੀ ਰੈਵੀਨਿਊ ਬਾਇਅੰਸੀ | 0.32 | 1.54 | 0.33 | 1.08 | (-) 0.70 |

*ਸ੍ਰੋਤ: ਰੈਵੀਨਿਊ ਪ੍ਰਾਪਤੀਆਂ ਲਈ ਵਿੱਤ ਲੇਖੇ ਅਤੇ ਜੀ ਐਸ ਡੀ ਪੀ ਅੰਕੜਿਆਂ ਲਈ ਆਰਥਿਕ ਅਤੇ ਅੰਕੜਾ ਸੰਗਠਨ, ਪੰਜਾਬ ਸਰਕਾਰ*
*ਕਿਊ-ਕਵਿੱਕ ਅਨੁਮਾਨ ਅਤੇ ਏ-ਅਡਵਾਂਸ ਅਨੁਮਾਨ*

**ਸਾਰਣੀ** 2.3 ਦਰਸਾਉਂਦੀ ਹੈ ਕਿ:

- ਰੈਵੀਨਿਊ ਪ੍ਰਾਪਤੀਆਂ 2015-16 ਵਿੱਚ ₹ 41,523 ਕਰੋੜ ਤੋਂ 48.29 *ਪ੍ਰਤੀਸ਼ਤ* ਨਾਲ ਵਧ ਕੇ 2019-20 ਵਿੱਚ ₹ 61,575 ਕਰੋੜ ਹੋ ਗਈਆਂ ਭਾਵੇਂ ਕਿ ਇਹ ਪਿਛਲੇ ਸਾਲ ਨਾਲੋਂ 2019-20 ਦੌਰਾਨ 1.11 *ਪ੍ਰਤੀਸ਼ਤ* ਨਾਲ ਮਾਮੂਲੀ ਜਿਹੀਆਂ ਘੱਟ ਗਈਆਂ।

[1] ਬਾਇਅੰਸੀ ਰੇਸ਼ੋ ਦਿੱਤੇ ਹੋਏ ਮੁਢਲੇ ਵੇਰੀਏਬਲ ਦੇ ਬਦਲਾਅ ਕਾਰਨ ਵਿੱਤੀ ਵੇਰੀਏਬਲ ਦੇ ਅਸਰ ਦੀ ਲਚਕਤਾ ਜਾਂ ਡਿਗਰੀ ਦਾ ਸੰਕੇਤ ਦਿੰਦੀ ਹੈ। ਉਦਾਹਰਣ ਦੇ ਤੌਰ ਤੇ ਜੀ ਐਸ ਡੀ ਪੀ ਨਾਲ ਸਬੰਧਤ 1.85 ਦੀ ਰੈਵੀਨਿਊ ਬਾਇਅੰਸੀ ਦਾ ਭਾਵ ਹੈ ਕਿ ਜੇਕਰ ਜੀ ਐਸ ਡੀ ਪੀ ਇੱਕ *ਪ੍ਰਤੀਸ਼ਤ* ਨਾਲ ਵਧਦੀ ਹੈ ਤਾਂ ਰੈਵੀਨਿਊ ਪ੍ਰਾਪਤੀਆਂ ਵਿੱਚ 1.85 ਪ੍ਰਤੀਸ਼ਤਤਾ ਬਿੰਦੂਆਂ ਨਾਲ ਵਾਧੇ ਦਾ ਝੁਕਾਅ ਹੈ।

ਪੰਜ ਸਾਲ ਦੇ ਸਮੇਂ ਦੌਰਾਨ ਇਹ 9.76 *ਪ੍ਰਤੀਸ਼ਤ* ਦੀ ਸਾਲਾਨਾ ਔਸਤ ਵਾਧਾ ਦਰ ਨਾਲ ਵਧੀਆਂ। ਸਰਕਾਰ ਨੇ ਕਿਹਾ (ਜੂਨ 2021) ਕਿ ਰਾਜ ਦੀਆਂ ਧਨ ਪ੍ਰਾਪਤੀਆਂ ਆਪਣੇ ਸਰਵੋਤਮ ਪੱਧਰ ਤੇ ਪਹੁੰਚ ਚੁੱਕੀਆ ਸਨ ਅਤੇ ਵਧੇਰੇ ਵਚਨਬੱਧ ਦੇਣਦਾਰੀਆਂ ਕਰਕੇ ਰਾਜ ਨੂੰ ਭਾਰਤ ਸਰਕਾਰ ਦੇ ਯੋਗਦਾਨਾਂ ਤੇ ਨਿਰਭਰ ਹੋਣਾ ਪਿਆ ਸੀ।

- ਜੀ ਐਸ ਡੀ ਪੀ ਦੇ ਸਬੰਧ ਵਿੱਚ ਰੈਵੀਨਿਊ ਬਾਇਅੰਸੀ 2015-20 ਦੌਰਾਨ (-) 0.12 ਅਤੇ 1.64 ਪ੍ਰਤੀਸ਼ਤਤਾ ਬਿੰਦੂਆਂ ਵਿਚਕਾਰ ਘਟਦੀ ਵਧਦੀ ਰਹੀ। ਪਿਛਲੇ ਸਾਲ ਦੀ ਤੁਲਨਾ ਵਿੱਚ, 2019-20 ਵਿੱਚ ਜੀ ਐਸ ਡੀ ਪੀ ਦੇ ਸਬੰਧ ਵਿੱਚ ਰੈਵੀਨਿਊ ਬਾਇਅੰਸੀ ਵਿੱਚ ਗਿਰਾਵਟ ਮੁੱਖ ਤੌਰ ਤੇ ਆਪਣੇ ਕਰ ਰੈਵੀਨਿਊ (5.00 *ਪ੍ਰਤੀਸ਼ਤ*), ਗੈਰ-ਕਰ ਰੈਵੀਨਿਊ (12.24 *ਪ੍ਰਤੀਸ਼ਤ*) ਅਤੇ ਕੇਂਦਰੀ ਕਰਾਂ ਅਤੇ ਡਿਊਟੀਆਂ ਵਿੱਚ ਰਾਜ ਦੇ ਹਿੱਸੇ (13.82 *ਪ੍ਰਤੀਸ਼ਤ*) ਵਿੱਚ ਗਿਰਾਵਟ ਹੋਣ ਕਰਕੇ ਸੀ।

- ਜੀ ਐਸ ਡੀ ਪੀ ਦੇ ਸਬੰਧ ਵਿੱਚ ਰਾਜ ਦੀ ਆਪਣੀ ਰੈਵੀਨਿਊ ਬਾਇਅੰਸੀ, ਆਪਣੇ ਕਰ ਰੈਵੀਨਿਊ ਅਤੇ ਗੈਰ-ਕਰ ਰੈਵੀਨਿਊ ਦੋਨਾਂ ਵਿੱਚ ਕਮੀ ਕਾਰਣ, 2018-19 ਵਿੱਚ 1.08 ਪ੍ਰਤੀਸ਼ਤਤਾ ਬਿੰਦੂਆਂ ਦੀ ਤੁਲਨਾ ਵਿੱਚ ਘਟ ਕੇ (-) 0.70 ਪ੍ਰਤੀਸ਼ਤਤਾ ਬਿੰਦੂਆਂ ਤੱਕ ਆ ਗਈ। ਆਪਣੀ ਕਰ ਰੈਵੀਨਿਊ ਅਤੇ ਗੈਰ-ਕਰ ਰੈਵੀਨਿਊ ਦੇ ਭਾਗਾਂ ਵਿੱਚ ਰੁਝਾਨਾਂ ਦੀ ਚਰਚਾ ਕ੍ਰਮਵਾਰ ਪੈਰ੍ਹਾ 2.3.2.2(i) ਅਤੇ 2.3.2.2 (ii) ਵਿੱਚ ਕੀਤੀ ਗਈ ਹੈ।

ਰੈਵੀਨਿਊ ਪ੍ਰਾਪਤੀਆਂ ਦੇ ਰੁਝਾਨ ਚਾਰਟ 2.4 ਵਿੱਚ ਦਰਸਾਏ ਗਏ ਹਨ।

**ਚਾਰਟ 2.4: ਰੈਵੀਨਿਊ ਪ੍ਰਾਪਤੀਆਂ ਦੇ ਰੁਝਾਨ**




*ਸ੍ਰੋਤ: ਵਿੱਤ ਲੇਖੇ*

ਰੈਵੀਨਿਊ ਪ੍ਰਾਪਤੀਆਂ ਦੀ ਰਚਨਾ ਦੇ ਰੁਝਾਨ ਚਾਰਟ 2.5 ਵਿੱਚ ਦਿੱਤੇ ਗਏ ਹਨ।

**ਚਾਰਟ 2.5: ਰੈਵੀਨਿਊ ਪ੍ਰਾਪਤੀਆ ਦੇ ਭਾਗਾਂ ਦੇ ਰੁਝਾਨ**




*ਸ੍ਰੋਤ: ਵਿੱਤ ਲੇਖੇ*

### *2.3.2.2 ਰਾਜ ਦੇ ਆਪਣੇ ਸਾਧਨ*

#### *(i) ਆਪਣਾ ਕਰ ਰੈਵੀਨਿਊ*

ਰਾਜ ਦੇ ਆਪਣੇ ਕਰ ਰੈਵੀਨਿਊ ਵਿੱਚ ਰਾਜ ਵਸਤਾਂ ਅਤੇ ਸੇਵਾਵਾਂ ਕਰ (ਐਸ ਜੀ ਐਸ ਟੀ), ਰਾਜ ਆਬਕਾਰੀ, ਵਾਹਨਾਂ ਤੇ ਕਰ, ਸਟੈਂਪ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ, ਭੌਂ ਮਾਲੀਆ, ਵਸਤਾਂ ਅਤੇ ਯਾਤਰੀਆਂ ਆਦਿ 'ਤੇ ਕਰ ਸ਼ਾਮਲ ਹਨ।

ਸਾਲ 2015-20 ਦੇ ਸਮੇਂ ਦੌਰਾਨ ਆਪਣੇ ਕਰ ਰੈਵੀਨਿਊ ਵਿੱਚ ਵਾਧੇ ਦੇ ਰੁਝਾਨ ਅਤੇ ਇਸਦੇ ਭਾਗਾਂ ਦੇ ਵਿਸ਼ਲੇਸ਼ਣ ਕ੍ਰਮਵਾਰ **ਚਾਰਟ** 2.6 ਅਤੇ **ਸਾਰਣੀ** 2.4 ਵਿੱਚ ਦਰਸਾਏ ਗਏ ਹਨ।

**ਚਾਰਟ 2.6: ਸਾਲ 2015-20 ਦੌਰਾਨ ਆਪਣੇ ਕਰ ਰੈਵੀਨਿਊ ਦਾ ਵਾਧਾ**




*ਸ੍ਰੋਤ: ਵਿੱਤ ਲੇਖੇ*

## ਸਾਰਣੀ 2.4: ਰਾਜ ਦੇ ਆਪਣੇ ਕਰ ਰੈਵੀਨਿਊ ਦੇ ਭਾਗ

*(₹ ਕਰੋੜ ਵਿੱਚ)*

| ਰੈਵੀਨਿਊ ਮੱਦ | 2015-16 | 2016-17 | 2017-18 | 2018-19 | 2019-20 | ਸਪਾਰਕਲਾਈਨ |
|---|---|---|---|---|---|---|
| ਵਿਕਰੀ, ਵਪਾਰ ਆਦਿ ਤੇ ਕਰ | 15,857 | 17,587 | 11,160 | 6,572 | 5,223 | |
| ਐਸ ਜੀ ਐਸ ਟੀ | 0 | 0 | 7,901 | 13,273 | 12,751 | |
| ਰਾਜ ਆਬਕਾਰੀ | 4,796 | 4,406 | 5,136 | 5,072 | 4,865 | |
| ਵਾਹਨਾਂ 'ਤੇ ਕਰ | 1,475 | 1,548 | 1,911 | 1,861 | 1,994 | |
| ਸਟੈਂਪ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ | 2,449 | 2,044 | 2,135 | 2,298 | 2,258 | |
| ਭੌਂ ਮਾਲੀਆ | 55 | 68 | 91 | 69 | 66 | |
| ਵਸਤਾਂ ਅਤੇ ਯਾਤਰੀਆਂ ਤੇ ਕਰ | 7 | 1 | 0 | 0 | 0 | |
| ਹੋਰ ਕਰ | 2,051 | 2,093 | 2,089 | 2,429 | 2,838 | |
| **ਜੋੜ** | **26,690** | **27,747** | **30,423** | **31,574** | **29,995** | |

*ਸ੍ਰੋਤ: ਵਿੱਤ ਲੇਖੇ*

ਕੁੱਲ ਆਪਣੇ ਕਰ ਰੈਵੀਨਿਊ ਵਿੱਚ ਪਿਛਲੇ ਸਾਲ ਨਾਲੋਂ ਚਾਲੂ ਸਾਲ ਦੌਰਾਨ ₹ 1,579 ਕਰੋੜ (5 *ਪ੍ਰਤੀਸ਼ਤ*) ਦੀ ਗਿਰਾਵਟ ਆਈ। ਇਹ ਗਿਰਾਵਟ ਮੁੱਖ ਤੌਰ ਤੇ ਵਿਕਰੀ ਕਰ (₹ 1,349 ਕਰੋੜ), ਐਸ ਜੀ ਐਸ ਟੀ (₹ 522 ਕਰੋੜ) ਅਤੇ ਰਾਜ ਆਬਕਾਰੀ (₹ 207 ਕਰੋੜ) ਅਧੀਨ ਪਹਿਲਾਂ ਤੋਂ ਘੱਟ ਪ੍ਰਾਪਤੀਆਂ ਕਰਕੇ ਸੀ। ਵਿਕਰੀ ਕਰ ਵਿੱਚ ਗਿਰਾਵਟ ਡੀਜ਼ਲ ਅਤੇ ਪਟਰੋਲ 'ਤੇ ਵੈਟ ਦੀ ਦਰ ਘੱਟ ਕਰਨ ਕਰਕੇ ਸੀ। ਐਸ ਜੀ ਐਸ ਟੀ ਵਿੱਚ ਗਿਰਾਵਟ ਜੀ ਐਸ ਟੀ ਅਧੀਨ ਵੱਖਰੇ-ਵੱਖਰੇ ਕਰਾਂ ਲਈ ਇਨਪੁਟ ਟੈਕਸ ਕਰੈਡਿਟ ਦੀ ਕਰਾਸ ਵਰਤੋਂ ਸਬੰਧੀ ਨਾਕਾਫੀ ਡਾਟੇ ਦੇ ਕਾਰਨ ਕਰਦਾਤਾਵਾਂ ਵੱਲੋਂ ਰਿਟਰਨਾਂ ਭੇਜਣ ਵਿੱਚ ਆਈਆਂ ਸਮੱਸਿਆਵਾਂ ਦੇ ਕਾਰਨ 2019-20 ਦੌਰਾਨ ਆਈ ਜੀ ਐਸ ਟੀ ਦੀ ਘੱਟ ਹੋਈ ਐਡਹਾਕ ਸੈਟਲਮੈਂਟ ਕਾਰਣ ਸੀ। ਰਾਜ ਸਰਕਾਰ ਨੇ ਅੱਗੇ ਐਸ ਜੀ ਐਸ ਟੀ ਦੀਆਂ ਧਨ ਪ੍ਰਾਪਤੀਆਂ ਵਿੱਚ ਕਮੀ ਹੋਣ ਦਾ ਕਾਰਣ ਕੇਂਦਰ ਅਤੇ ਰਾਜ ਵਿਚਕਾਰ ਜੀ ਐਸ ਟੀ ਦੀ ਵਿਵਸਥਾ ਦੀ ਪ੍ਰਕ੍ਰਿਤੀ/ਅਧਿਕਾਰ ਖੇਤਰ ਵਿੱਚ, ਓਵਰਲੈਪਿੰਗ ਨੂੰ ਦੱਸਿਆ (ਮਈ 2021)। ਰਾਜ ਆਬਕਾਰੀ ਵਿੱਚ ਗਿਰਾਵਟ ਦਾ ਕਾਰਣ, ਗਰੁੱਪਾਂ/ਜ਼ੋਨਾਂ ਦੀ ਅਲਾਟਮੈਂਟ ਮੁਲਤਵੀ ਹੋਣ ਕਰਕੇ ਨਿਰਧਾਰਤ ਲਾਈਸੈਂਸ ਫੀਸਾਂ ਅਤੇ ਵਧੀਕ ਨਿਰਧਾਰਤ ਲਾਈਸੈਂਸ ਫੀਸਾਂ ਦੀ ਪ੍ਰਾਪਤੀ ਨਾ ਹੋਣਾ; ਅਤੇ ਮਾਰਚ 2020 ਦੇ ਮਹੀਨੇ ਵਿੱਚ ਬਾਰ ਲਾਈਸੈਂਸ ਫੀਸਾਂ ਦੀ ਪ੍ਰਾਪਤੀ ਨਾ ਹੋਣਾ ਦੱਸਿਆ ਗਿਆ ਸੀ।

### *(ੳ) ਰਾਜ ਵਸਤਾਂ ਅਤੇ ਸੇਵਾਵਾਂ ਕਰ (ਐਸ ਜੀ ਐਸ ਟੀ )*

ਜੀ ਐਸ ਟੀ (ਰਾਜਾਂ ਨੂੰ ਮੁਆਵਜ਼ਾ) ਐਕਟ 2017 ਅਨੁਸਾਰ, ਵਸਤਾਂ ਅਤੇ ਸੇਵਾਵਾਂ ਕਰ ਨੂੰ ਲਾਗੂ ਕਰਨ ਕਰਕੇ ਰੈਵੀਨਿਊ ਵਿੱਚ ਹੋਈ ਕਮੀ ਲਈ ਰਾਜਾਂ ਨੂੰ ਪੰਜ ਸਾਲਾਂ ਦੇ ਸਮੇਂ ਲਈ ਅਧਾਰ ਸਾਲ ਤੋਂ 14 *ਪ੍ਰਤੀਸ਼ਤ* ਦੀ ਸਲਾਨਾ ਵਾਧਾ ਦਰ ਮੰਨਦੇ ਹੋਏ ਮੁਆਵਜ਼ਾ ਦਿੱਤਾ ਜਾਵੇਗਾ। ਪੰਜਾਬ ਦੇ ਮਾਮਲੇ ਵਿੱਚ 2015-16 ਦੇ ਅਧਾਰ ਸਾਲ ਦੌਰਾਨ ਫਾਈਨਲ ਕੀਤੀ ਗਈ ਰੈਵੀਨਿਊ ਦੀ ਰਾਸ਼ੀ ₹ 14,975.46 ਕਰੋੜ ਸੀ।

2017-18 ਤੋਂ 2019-20 ਦੇ ਸਮੇਂ ਦੌਰਾਨ ਅਧਾਰ ਸਾਲ ਦੇ ਅੰਕੜੇ ਅਨੁਸਾਰ ਪ੍ਰੋਜੈਕਟਿਡ ਰੈਵੀਨਿਊ, ਅਸਲ ਪ੍ਰਾਪਤ ਹੋਈ ਰੈਵੀਨਿਊ ਅਤੇ ਭਾਰਤ ਸਰਕਾਰ ਤੋਂ ਬਣਦੇ ਅਤੇ ਪ੍ਰਾਪਤ ਕੀਤੇ ਮੁਆਵਜ਼ੇ ਨੂੰ **ਸਾਰਣੀ 2.5** ਵਿੱਚ ਦਿੱਤਾ ਗਿਆ ਹੈ।

**ਸਾਰਣੀ 2.5: ਜੀ ਐਸ ਟੀ ਦੀ ਉਗਰਾਹੀ ਅਤੇ ਭਾਰਤ ਸਰਕਾਰ ਤੋਂ ਮੁਆਵਜ਼ੇ ਦਾ ਵੇਰਵਾ**

*(₹ ਕਰੋੜ ਵਿੱਚ)*

| ਸਾਲ | ਪ੍ਰੋਜੈਕਟਿਡ ਰੈਵੀਨਿਊ ਦੀ ਰਾਸ਼ੀ | ਉਗਰਾਹੀ ਗਈ ਰੈਵੀਨਿਊ ਰਾਸ਼ੀ# | ਬਣਦੀ ਮੁਆਵਜ਼ਾ ਰਾਸ਼ੀ | ਪ੍ਰਾਪਤ ਹੋਈ ਮੁਆਵਜ਼ੇ ਦੀ ਰਾਸ਼ੀ | ਕਮੀ |
|---|---|---|---|---|---|
| | **1** | **2** | **3=1-2** | **4** | **5=3-4** |
| 2017-18[2] | 14,596.58 | 9,486.15 | 5,110.43 | 4,037.00 | 1,073.43 |
| 2018-19 | 22,186.80 | 12,482.76 | 9,704.04 | 7,129.00 | 2,575.04 |
| 2019-20 | 25,292.96 | 12,676.00 | 12,616.96 | 8,804.54 | 3,812.42 |
| **ਜੋੜ** | **62,076.34** | **34,644.91** | **27,431.43** | **19,970.54** | **7,460.89** |

*ਸ੍ਰੋਤ : ਸਬੰਧਤ ਸਾਲਾਂ ਦੇ ਵਿੱਤ ਲੇਖੇ, ਪੀ ਏ ਜੀ (ਲੇਖਾ ਤੇ ਹੱਕਦਾਰੀ) ਅਤੇ ਆਬਕਾਰੀ ਤੇ ਕਰ ਵਿਭਾਗ ਤੋਂ ਪ੍ਰਾਪਤ ਕੀਤੀ ਗਈ ਸੂਚਨਾ*

*# ਇਸ ਵਿੱਚ ਪਟ੍ਰੋਲੀਅਮ ਉਤਪਾਦਾਂ ਅਤੇ ਸ਼ਰਾਬ 'ਤੇ ਵੈਟ ਅਤੇ ਜੀ ਐਸ ਟੀ ਨੂੰ ਛੱਡਕੇ, ਵੈਟ ਅਤੇ ਸੀ ਐਸ ਟੀ (ਰਿਫੰਡਾਂ ਉਪਰੰਤ ਨਿਰੋਲ) ਦੀਆਂ ਪ੍ਰੀ ਜੀ ਐਸ ਟੀ ਰਾਸ਼ੀਆਂ ਅਤੇ ਜੀ ਐਸ ਟੀ ਵਿੱਚ ਮਿਲਾ ਦਿੱਤੇ ਗਏ ਕਰਾਂ ਦੀ ਰੈਵੀਨਿਊ ਸ਼ਾਮਲ ਹੈ।*

ਰਾਜ ਵਿੱਚ ਜੀ ਐਸ ਟੀ ਦੀ ਉਗਰਾਹੀ ਵਿੱਚ ਵਾਧਾ ਪ੍ਰੋਜੈਕਟਿਡ ਵਾਧੇ ਨਾਲੋਂ ਘੱਟ ਸੀ ਅਤੇ ₹ 62,076 ਕਰੋੜ ਦੀ ਪ੍ਰੋਜੈਕਟਿਡ ਜੀ ਐਸ ਟੀ ਪ੍ਰਾਪਤੀ ਦੇ ਟਾਕਰੇ ਵਿੱਚ 2017-20 ਦੌਰਾਨ ਕੁੱਲ ₹ 27,431 ਕਰੋੜ ਦੀ ਕਮੀ ਸੀ। ਭਾਰਤ ਸਰਕਾਰ ਨੇ ਮਾਰਚ 2020 ਤੱਕ ਮੁਆਵਜ਼ੇ ਵਜੋਂ ₹ 19,971 ਕਰੋੜ ਜਾਰੀ ਕੀਤੇ।

ਰਾਜ ਸਰਕਾਰ ਨੇ ਕਿਹਾ (ਜੂਨ 2021) ਕਿ ₹ 7,460.89 ਕਰੋੜ ਦੀ ਕੁੱਲ ਕਮੀ ਦੇ ਟਾਕਰੇ ਵਿੱਚ 2020-21 ਦੌਰਾਨ ₹ 6,310.46 ਕਰੋੜ ਪ੍ਰਾਪਤ ਕੀਤੇ ਗਏ ਸਨ। ਜਦੋਂਕਿ ਲੇਖਾ ਪ੍ਰੀਖਿਆ ਦਾ ਵਿਚਾਰ ਹੈ ਕਿ ਸਾਲ 2020-21 ਦੌਰਾਨ ਜੀ ਐਸ ਟੀ ਦੇ ਮੁਆਵਜ਼ੇ ਵਜੋਂ ਹੋਈਆਂ ਪ੍ਰਾਪਤੀਆਂ ਨੂੰ ਇਸੇ ਸਾਲ ਵਿੱਚ ਡਿਊ ਬਣਦੀ ਰਾਸ਼ੀ ਨੂੰ ਧਿਆਨ ਵਿੱਚ ਰੱਖ ਕੇ ਵੇਖਿਆ ਜਾਣਾ ਪਵੇਗਾ।

### *(ਅ) ਜੀ ਐਸ ਟੀ ਪ੍ਰਾਪਤੀਆਂ ਦੀ ਲੇਖਾ ਪ੍ਰੀਖਿਆ*

ਭਾਰਤ ਸਰਕਾਰ ਦੇ ਜੀ ਐਸ ਟੀ ਐਨ ਪਰਿਸਰ ਵਿਖੇ ਪੈਨ-ਇੰਡੀਆ ਡਾਟਾ ਨੂੰ ਪਹੁੰਚ ਮੁਹੱਈਆ ਕਰਵਾਉਣ ਲਈ ਫੈਸਲੇ ਬਾਰੇ 22 ਜੂਨ 2020 ਨੂੰ ਸੂਚਨਾ ਦਿੱਤੀ ਗਈ ਸੀ। ਪੰਜਾਬ ਜੋਕਿ ਮਾਡਲ-II ਰਾਜ ਹੈ, ਦੇ ਮਾਮਲੇ ਵਿੱਚ ਦਸੰਬਰ 2020 ਵਿੱਚ ਪ੍ਰਧਾਨ ਮਹਾਂਲੇਖਾਕਾਰ (ਲੇਖਾ ਪ੍ਰੀਖਿਆ) ਪੰਜਾਬ ਦੇ ਦਫਤਰ ਨੂੰ ਬੈਕ ਐਂਡ ਐਪਲੀਕੇਸ਼ਨ ਤੱਕ ਰੋਲ ਅਧਾਰਤ ਪਹੁੰਚ ਮੁਹੱਈਆ ਕਰਵਾਈ ਗਈ ਸੀ। ਪ੍ਰੰਤੂ, ਇਹ ਪਹੁੰਚ ਸਿਰਫ ਉਨ੍ਹਾਂ ਦੇ ਪਰਿਸਰ ਤੱਕ ਹੀ ਸੀਮਤ ਸੀ ਅਤੇ ਰਿਮੋਟ ਐਕਸੈਸ ਮੁਹੱਈਆ ਕਰਵਾਉਣ ਦਾ ਮਾਮਲਾ ਵਿਚਾਰ ਅਧੀਨ ਸੀ। ਇਸ ਲਈ ਜੀ ਐਸ ਟੀ ਐਨ ਡਾਟਾ ਤੱਕ ਲੇਖਾ

---

[2] ਸਾਲ 2017-18 ਦੀ ਰਾਸ਼ੀ ਨੌਂ ਮਹੀਨੇ ਦੇ ਸਮੇਂ ਭਾਵ ਕਿ ਜੁਲਾਈ 2017 ਤੋਂ ਮਾਰਚ 2018, ਨਾਲ ਸਬੰਧਤ ਹੈ।

ਪ੍ਰੀਖਿਆ ਦੀ ਪਹੁੰਚ ਮੁਹੱਈਆ ਕਰਵਾਉਣ ਦੇ ਭਾਰਤ ਸਰਕਾਰ ਦੇ ਫੈਸਲੇ ਦੇ ਪੂਰੀ ਤਰ੍ਹਾ ਲਾਗੂਕਰਣ ਨੂੰ ਪੈਂਡਿੰਗ ਰਖਦੇ ਹੋਏ, ਸਾਲ 2019-20 ਦੇ ਲੇਖੇ, ਨਮੂਨਾ ਲੇਖਾ ਪ੍ਰੀਖਿਆ ਦੇ ਅਧਾਰ ਤੇ ਪ੍ਰਮਾਣਿਤ ਕੀਤੇ ਗਏ ਹਨ, ਜਿਵੇਂ ਕਿ ਉਸ ਸਮੇਂ ਕੀਤਾ ਜਾਂਦਾ ਸੀ, ਜਦੋਂ ਰਿਕਾਰਡ ਮੈਨੂਅਲੀ ਤਿਆਰ ਕੀਤੇ ਜਾਂਦੇ ਸਨ।

### *(ੲ) ਰੈਵੀਨਿਊ ਦੇ ਬਕਾਇਆਂ ਅਤੇ ਅਸੈਸਮੈਂਟ ਦੇ ਬਕਾਇਆਂ ਦਾ ਵਿਸ਼ਲੇਸ਼ਣ*

ਰੈਵੀਨਿਊ ਦੇ ਬਕਾਏ, ਸਰਕਾਰ ਨੂੰ ਬਣਦੀ ਰੈਵੀਨਿਊ ਦੀ ਪ੍ਰਾਪਤੀ ਵਿੱਚ ਦੇਰੀ ਦਾ ਸੰਕੇਤ ਦਿੰਦੇ ਹਨ। ਇਸੇ ਤਰ੍ਹਾਂ, ਅਸੈਸਮੈਂਟ ਦੇ ਬਕਾਏ ਉਸ ਸੰਭਾਵਿਤ ਰੈਵੀਨਿਊ ਦਾ ਸੰਕੇਤ ਦਿੰਦੇ ਹਨ ਜੋ ਦੇਰੀ ਨਾਲ ਕੀਤੀ ਗਈ ਅਸੈਸਮੈਂਟ ਕਾਰਨ ਬਲਾਕ ਹੋ ਜਾਂਦੀ ਹੈ। ਦੋਵੇਂ ਤਰਾਂ ਦੇ ਮਾਮਲੇ ਰਾਜ ਨੂੰ ਸੰਭਾਵੀ ਰੈਵੀਨਿਊ ਪ੍ਰਾਪਤੀਆਂ ਤੋਂ ਵਾਂਝਾ ਕਰਦੇ ਹਨ ਅਤੇ ਅੰਤ ਵਿੱਚ ਰੈਵੀਨਿਊ ਘਾਟੇ ਤੇ ਅਸਰ ਪਾਉਂਦੇ ਹਨ।

### *ਰੈਵੀਨਿਊ ਦੇ ਬਕਾਏ*

31 ਮਾਰਚ 2020 ਨੂੰ ਰੈਵੀਨਿਊ ਦੀਆਂ ਪ੍ਰਮੁੱਖ ਮੱਦਾਂ ਦੇ ਸਬੰਧ ਵਿੱਚ ਰੈਵੀਨਿਊ ਦੇ ਬਕਾਏ ₹ 10,261.51 ਕਰੋੜ ਸਨ, ਜਿਸਦੇ ਵਿੱਚੋਂ ₹ 2,239.77 ਕਰੋੜ ਪੰਜ ਸਾਲਾਂ ਤੋਂ ਵੱਧ ਸਮੇਂ ਲਈ ਬਕਾਇਆ ਸਨ, ਜਿਵੇਂ ਕਿ **ਸਾਰਣੀ** 2.6 ਵਿੱਚ ਦਰਸਾਇਆ ਗਿਆ ਹੈ।

**ਸਾਰਣੀ 2.6: ਰੈਵੀਨਿਊ ਦੇ ਬਕਾਏ**

*(₹ ਕਰੋੜ ਵਿੱਚ)*

| ਲੜੀ ਨੰ. | ਰੈਵੀਨਿਊ ਦੀ ਮੱਦ | 31 ਮਾਰਚ 2020 ਨੂੰ ਬਕਾਇਆ ਰਾਸ਼ੀ | 31 ਮਾਰਚ 2020 ਨੂੰ ਪੰਜ ਸਾਲਾਂ ਤੋਂ ਵੱਧ ਸਮੇਂ ਲਈ ਬਕਾਇਆ ਰਾਸ਼ੀ |
|---|---|---|---|
| 1. | ਵਿਕਰੀ, ਵਪਾਰ, ਆਦਿ ਤੇ ਕਰ | 9,344.17 | 2,087.95 |
| 2. | ਵਸਤਾਂ ਅਤੇ ਸੇਵਾਵਾਂ ਕਰ | 182.18 | -- |
| 3. | ਜੰਗਲਾਤ ਅਤੇ ਜੰਗਲੀ ਜੀਵ | 34.81 | 22.65 |
| 4. | ਰਾਜ ਆਬਕਾਰੀ | 369.58 | 13.98 |
| 5. | ਵਾਹਨਾਂ ਤੇ ਕਰ | 209.88 | 114.97 |
| 6. | ਭੌਂ ਮਾਲੀਆ | 120.89 | 0.22 |
| **ਜੋੜ** | | **10,261.51** | **2,239.77** |

*ਸ੍ਰੋਤ: ਵਿਭਾਗੀ ਸੂਚਨਾ*

### *ਅਸੈਸਮੈਂਟ ਵਿੱਚ ਬਕਾਏ*

ਸਾਲ ਦੇ ਆਰੰਭ ਵਿੱਚ ਵਿਕਰੀ ਕਰ/ਵੈਟ ਨਾਲ ਸਬੰਧਤ ਬਕਾਇਆ ਮਾਮਲਿਆਂ, ਸਾਲ ਦੌਰਾਨ ਅਸੈਸਮੈਂਟ ਲਈ ਡਿਊ ਹੋਏ ਮਾਮਲਿਆਂ, ਨਿਪਟਾਏ ਗਏ ਮਾਮਲਿਆਂ ਅਤੇ ਸਾਲ ਦੇ ਅੰਤ ਤੇ ਅੰਤਿਮ ਰੂਪ ਦੇਣ ਲਈ ਬਕਾਇਆ ਮਾਮਲਿਆਂ ਦੀ ਗਿਣਤੀ ਬਾਰੇ ਸੂਚਨਾ, ਜਿਵੇਂ ਕਿ ਆਬਕਾਰੀ ਅਤੇ ਕਰ ਵਿਭਾਗ ਵੱਲੋਂ ਭੇਜੀ ਗਈ ਹੈ, **ਸਾਰਣੀ** 2.7 ਵਿੱਚ ਦਰਸਾਈ ਗਈ ਹੈ।

**ਸਾਰਣੀ 2.7: ਅਸੈਸਮੈਂਟ ਦੇ ਬਕਾਏ**

| ਲੜੀ ਨੰ. | ਰੈਵੀਨਿਊ ਦੀ ਮੱਦ | 2019-20 ਦੇ ਆਰੰਭ ਵਿੱਚ ਬਕਾਇਆ ਮਾਮਲੇ | 2019-20 ਦੌਰਾਨ ਅਸੈਸਮੈਂਟ ਲਈ ਡਿਊ ਹੋਏ ਨਵੇਂ ਮਾਮਲੇ | ਅਸੈਸਮੈਂਟ ਲਈ ਡਿਊ ਕੁੱਲ ਮਾਮਲੇ | 2019-20 ਦੌਰਾਨ ਨਿਪਟਾਏ ਗਏ ਮਾਮਲੇ | ਸਾਲ ਦੇ ਅੰਤ ਤੇ ਬਕਾਇਆ | ਨਿਪਟਾਰੇ ਦੀ ਪ੍ਰਤੀਸ਼ਤਤਾ |
|---|---|---|---|---|---|---|---|
| 1. | ਵਿਕਰੀ, ਵਪਾਰ, ਆਦਿ 'ਤੇ ਕਰ/ਵੈਟ | 94,069 | 11,151 | 1,05,220 | 20,993 | 84,227 | 19.95 |

*ਸ੍ਰੋਤ: ਵਿਭਾਗੀ ਸੂਚਨਾ*

ਸਾਲ 2019-20 ਦੇ ਅੰਤ ਤੇ 84,227 ਮਾਮਲਿਆਂ ਦੀ ਤੁਲਨਾ ਵਿੱਚ, 2015-19 ਦੌਰਾਨ ਸਬੰਧਤ ਸਾਲਾਂ ਦੇ ਅੰਤ ਤੇ ਬਕਾਇਆ ਮਾਮਲਿਆਂ ਦੀ ਸੰਖਿਆ 80,569 (2015-16); 85,151 (2016-17); 1,06,781 (2017-18); ਅਤੇ 94,605 (2018-19) ਸੀ। ਇਸ ਸਮੇਂ ਦੌਰਾਨ ਨਿਪਟਾਰਾ ਕੀਤੇ ਗਏ ਮਾਮਲੇ 19.47 *ਪ੍ਰਤੀਸ਼ਤ* ਅਤੇ 25.90 *ਪ੍ਰਤੀਸ਼ਤ* ਦੀ ਰੇਂਜ ਦੇ ਵਿਚਕਾਰ ਸਨ, ਜਦੋਂਕਿ ਚਾਲੂ ਸਾਲ ਦੌਰਾਨ ਇਹ 19.95 *ਪ੍ਰਤੀਸ਼ਤ* ਸੀ।

### *(ਸ) ਵਿਭਾਗ ਵੱਲੋਂ ਪਕੜੀ ਗਈ ਕਰ ਚੋਰੀ, ਰਿਫੰਡ ਮਾਮਲਿਆਂ, ਆਦਿ ਦੇ ਵੇਰਵੇ*

ਕਰ ਚੋਰੀ ਦੇ ਪਕੜੇ ਗਏ ਮਾਮਲੇ, ਨਿਪਟਾਏ ਗਏ ਮਾਮਲੇ ਅਤੇ ਵਧੀਕ ਕਰ ਲਈ ਕੀਤੀਆਂ ਗਈਆਂ ਮੰਗਾਂ, ਰਾਜ ਸਰਕਾਰ ਦੇ ਰੈਵੀਨਿਊ ਇਕੱਠੇ ਕਰਨ ਦੇ ਯਤਨਾਂ ਦਾ ਮਹੱਤਵਪੂਰਣ ਸੂਚਕ ਹਨ। ਰਿਫੰਡ ਮਾਮਲਿਆਂ ਦਾ ਤੁਰੰਤ ਨਿਪਟਾਰਾ ਕਰਨਾ, ਸਬੰਧਤ ਵਿਭਾਗ ਦੀ ਕਾਰਗੁਜ਼ਾਰੀ ਦਾ ਮਹਤੱਵਪੂਰਣ ਸੂਚਕ ਹੈ। ਰਿਫੰਡ ਮਾਮਲਿਆਂ ਦੇ ਬਕਾਇਆਂ ਦਾ ਵੱਧ ਹੋਣਾ, ਲਾਲ ਫੀਤਾ ਸ਼ਾਹੀ, ਸਵਾਰਥੀ ਰੁਚੀ, ਸਪੀਡ ਮਨੀ ਦੀ ਮੌਜੂਦਗੀ ਆਦਿ ਦਾ ਸੂਚਕ ਹੋ ਸਕਦਾ ਹੈ।

ਸਾਲ 2019-20 ਦੌਰਾਨ ਆਬਕਾਰੀ ਅਤੇ ਕਰ ਵਿਭਾਗ ਅਤੇ ਟਰਾਂਸਪੋਰਟ ਵਿਭਾਗ ਵੱਲੋਂ ਕਰ ਚੋਰੀ ਦੇ ਪਕੜੇ ਗਏ ਮਾਮਲੇ, ਨਿਪਟਾਏ ਗਏ ਮਾਮਲੇ ਅਤੇ ਵਧੀਕ ਕਰ ਲਈ ਕੀਤੀ ਗਈ ਮੰਗ ਦੇ ਵੇਰਵੇ; ਅਤੇ ਸਬੰਧਤ ਵਿਭਾਗਾਂ ਵੱਲੋਂ ਰਿਪੋਰਟ ਕੀਤੇ ਗਏ ਰਿਫੰਡ ਮਾਮਲਿਆਂ ਦੇ ਵੇਰਵੇ ਕ੍ਰਮਵਾਰ **ਸਾਰਣੀ** 2.8 **ਅਤੇ ਸਾਰਣੀ** 2.9 ਵਿੱਚ ਦਰਸਾਏ ਗਏ ਹਨ।

## ਸਾਰਣੀ 2.8: ਪਕੜੀ ਗਈ ਕਰ ਚੋਰੀ

| ਲੜੀ ਨੰ. | ਰੈਵੀਨਿਊ ਦੀ ਮੱਦ | 31 ਮਾਰਚ 2019 ਨੂੰ ਬਕਾਇਆ ਮਾਮਲੇ | 2019-20 ਦੌਰਾਨ ਪਕੜੇ ਗਏ ਮਾਮਲੇ | ਜੋੜ | ਮਾਮਲਿਆਂ ਦੀ ਗਿਣਤੀ ਜਿਨ੍ਹਾਂ ਵਿੱਚ ਅਸੈਸਮੈਂਟ /ਜਾਂਚ ਮੁਕੰਮਲ ਹੋਈ ਅਤੇ ਦੰਡ ਆਦਿ ਸਮੇਤ ਵਧੀਕ ਮੰਗ ਕੀਤੀ ਗਈ | | 31 ਮਾਰਚ 2020 ਨੂੰ ਅੰਤਿਮ ਨਿਪਟਾਰਾ ਹੋਣ ਨੂੰ ਰਹਿੰਦੇ ਮਾਮਲਿਆਂ ਦੀ ਗਿਣਤੀ |
|---|---|---|---|---|---|---|---|
| | | | | | ਮਾਮਲਿਆਂ ਦੀ ਗਿਣਤੀ | ਮੰਗ ਦੀ ਰਾਸ਼ੀ (₹ ਕਰੋੜ ਵਿੱਚ) | |
| 1. | ਵਿਕਰੀ, ਵਪਾਰ, ਆਦਿ ਤੇ ਕਰ/ ਵੈਟ | 383 | 0 | 383 | 121 | 2.96 | 262 |
| 2. | ਵਸਤਾਂ ਅਤੇ ਸੇਵਾਵਾਂ ਕਰ | 41 | 2,432 | 2,473 | 2,441 | 124.14 | 32 |
| 3. | ਵਾਹਨਾਂ ਤੇ ਕਰ | 6 | 0 | 6 | 0 | 0.00 | 6 |
| | ਜੋੜ | **430** | **2,432** | **2,862** | **2,562** | **127.10** | **300** |

*ਸ੍ਰੋਤ: ਵਿਭਾਗੀ ਸੂਚਨਾ*

## ਸਾਰਣੀ 2.9: ਰਿਫੰਡ ਮਾਮਲਿਆਂ ਦੇ ਵੇਰਵੇ

*(₹ ਕਰੋੜ ਵਿੱਚ)*

| ਲੜੀ ਨੰ. | ਵੇਰਵੇ | ਜੀ ਐਸ ਟੀ | | ਵਿਕਰੀ ਕਰ/ਵੈਟ | | ਰਾਜ ਆਬਕਾਰੀ | |
|---|---|---|---|---|---|---|---|
| | | ਮਾਮਲਿਆਂ ਦੀ ਗਿਣਤੀ | ਰਾਸ਼ੀ | ਮਾਮਲਿਆਂ ਦੀ ਗਿਣਤੀ | ਰਾਸ਼ੀ | ਮਾਮਲਿਆਂ ਦੀ ਗਿਣਤੀ | ਰਾਸ਼ੀ |
| 1. | ਸਾਲ ਦੇ ਸ਼ੁਰੂ ਵਿੱਚ ਬਕਾਇਆ ਪਏ ਕਲੇਮ | 1,402 | 161.92 | 3,126 | 293.86 | 215 | 3.90 |
| 2. | ਸਾਲ ਦੌਰਾਨ ਪ੍ਰਾਪਤ ਹੋਏ ਕਲੇਮ | 6,387 | 890.84 | 3,525 | 298.07 | 5 | 23.57 |
| 3. | ਸਾਲ ਦੌਰਾਨ ਕੀਤੇ ਗਏ ਰਿਫੰਡ | 6,140 | 779.89 | 3,508 | 298.03 | 10 | 0.07 |
| 4. | ਸਾਲ ਦੌਰਾਨ ਰੱਦ ਕੀਤੇ ਗਏ ਰਿਫੰਡ | 389 | 111.67 | 577 | 69.46 | 0 | 0.00 |
| 5. | ਸਾਲ ਦੇ ਅੰਤ ਵਿੱਚ ਬਕਾਇਆ | 1,260 | 161.20 | 2,566 | 224.44 | 210 | 27.40 |

*ਸ੍ਰੋਤ: ਵਿਭਾਗੀ ਸੂਚਨਾ*

## *(ii) ਗੈਰ-ਕਰ ਰੈਵੀਨਿਊ*

ਗੈਰ-ਕਰ ਰੈਵੀਨਿਊ ਵਿੱਚ ਵਿਆਜ ਪ੍ਰਾਪਤੀਆਂ, ਲਾਭਅੰਸ਼ ਤੇ ਲਾਭ, ਖਣਨ ਪ੍ਰਾਪਤੀਆਂ, ਵਿਭਾਗੀ ਪ੍ਰਾਪਤੀਆਂ, ਆਦਿ ਸ਼ਾਮਲ ਹਨ। ਰਾਜ ਦੀ ਗੈਰ-ਕਰ ਰੈਵੀਨਿਊ ਦੇ ਭਾਗਾਂ ਵਿੱਚ 2015-20 ਦੌਰਾਨ ਰੁਝਾਨਾਂ ਨੂੰ **ਸਾਰਣੀ 2.10** ਵਿੱਚ ਦਰਸਾਇਆ ਗਿਆ ਹੈ।

**ਸਾਰਣੀ 2.10: ਰਾਜ ਦੀ ਗੈਰ-ਕਰ ਰੈਵੀਨਿਊ ਦੇ ਭਾਗ**

*(₹ ਕਰੋੜ ਵਿੱਚ)*

| ਰੈਵੀਨਿਊ ਮੱਦ | 2015-16 | 2016-17 | 2017-18 | 2018-19 | 2019-20 | ਸਪਾਰਕਲਾਈਨ |
|---|---|---|---|---|---|---|
| ਵਿਆਜ ਪ੍ਰਾਪਤੀਆਂ | 225.28 | 1,293.80 | 1,404.94 | 1,455.26 | 2,105.51 | |
| ਲਾਭਅੰਸ਼ ਅਤੇ ਲਾਭ | 1.46 | 3.88 | 4.45 | 4.24 | 4.24 | |
| ਹੋਰ ਗੈਰ-ਕਰ ਪ੍ਰਾਪਤੀਆਂ | 2,423.53 | 4,565.52 | 2,909.00 | 6,122.79 | 4,544.33 | |
| ੳ) ਵੱਡੀ ਅਤੇ ਦਰਮਿਆਨੀ ਸਿੰਜਾਈ | 142.66 | 93.61 | 71.37 | 24.22 | 92.49 | |
| ਅ) ਸੜ੍ਹਕ ਟਰਾਂਸਪੋਰਟ | 148.49 | 213.89 | 158.69 | 208.99 | 176.35 | |
| ੲ) ਸ਼ਹਿਰੀ ਵਿਕਾਸ | 81.04 | 95.89 | 72.43 | 65.31 | 44.53 | |
| ਸ) ਸਿੱਖਿਆ, ਖੇਡਾਂ, ਕਲਾ ਅਤੇ ਸੱਭਿਆਚਾਰ | 88.68 | 95.89 | 41.87 | 56.75 | 196.22 | |
| ਹ) ਗੈਰ-ਲੋਹ ਖਣਨ | 56.64 | 42.08 | 122.40 | 36.13 | 90.88 | |
| ਕ) ਪੈਨਸ਼ਨ ਅਤੇ ਹੋਰ ਰਿਟਾਇਰਮੈਂਟ ਲਾਭ | 19.07 | 26.32 | 32.14 | 26.03 | 121.88 | |
| ਖ) ਫੁਟਕਲ ਆਮ ਸੇਵਾਵਾਂ | 999.84 | 3,028.08 | 1,478.97 | 4,851.58 | 2,743.87 | |
| ਗ) ਹੋਰ ਜਾਂ ਫੁਟਕਲ | 887.11 | 969.76 | 931.13 | 853.78 | 1,078.11 | |
| **ਜੋੜ** | **2,650.27** | **5,863.20** | **4,318.39** | **7,582.29** | **6,654.08** | |

*ਸ੍ਰੋਤ: ਵਿੱਤ ਲੇਖੇ*

2016-17 ਦੌਰਾਨ ਗੈਰ-ਕਰ ਰੈਵੀਨਿਊ ਵਿੱਚ ₹ 3,212.93 ਕਰੋੜ ਦਾ ਵਾਧਾ ਮੁੱਖ ਤੌਰ ਤੇ ਫੁਟਕਲ ਆਮ ਸੇਵਾਵਾਂ ਵਿੱਚ ₹ 2,028.24 ਕਰੋੜ ਅਤੇ ਵਿਆਜ ਪ੍ਰਾਪਤੀਆਂ ਵਿੱਚ ₹ 1,068.52 ਕਰੋੜ ਦੇ ਵਾਧੇ ਕਾਰਨ ਸੀ। ਇਹ ਵਾਧਾ ਮੁੱਖ ਤੌਰ ਤੇ ਉਜਵਲ ਡਿਸਕਾਮ ਐਸ਼ੋਰੈਂਸ ਯੋਜਨਾ (ਯੂ ਡੀ ਏ ਵਾਈ) ਨੂੰ ਲਾਗੂ ਕਰਨ ਲਈ 2015-16 ਦੌਰਾਨ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ ਐਸ ਪੀ ਸੀ ਐਲ) ਨੂੰ ਦਿੱਤੇ ਕਰਜੇ ਦੇ ਵਿਰੁੱਧ ₹ 1,072.79 ਕਰੋੜ ਦੀਆਂ ਵਿਆਜ ਪ੍ਰਾਪਤੀਆਂ ਕਰਕੇ ਸੀ। ਪਿਛਲੇ ਸਾਲ ਨਾਲੋਂ ਫੁਟਕਲ ਆਮ ਸੇਵਾਵਾਂ ਵਿੱਚ ₹ 2,028.24 ਕਰੋੜ ਦਾ ਵਾਧਾ ਮੁੱਖ ਤੌਰ ਤੇ 800 -ਹੋਰ ਪ੍ਰਾਪਤੀਆ ਵਿੱਚ ₹ 2,182.33 ਕਰੋੜ ਦੇ ਵਾਧੇ ਕਰਕੇ ਸੀ ਜਿਸ ਵਿੱਚ ਪ੍ਰਾਪਤੀਆਂ ਦੇ ਲੋੜੀਂਦੇ ਵੇਰਵਿਆਂ ਤੋਂ ਬਗੈਰ ਮੁੱਖ ਮੱਦ 8342 ਤੋਂ ਟਰਾਂਸਫਰ ਹੋਏ ₹ 1,425 ਕਰੋੜ ਸ਼ਾਮਲ ਸਨ।

ਪਿਛਲੇ ਸਾਲ ਨਾਲੋਂ ਸਾਲ 2019-20 ਦੌਰਾਨ ਕੁੱਲ ਗੈਰ-ਕਰ ਰੈਵੀਨਿਊ ਵਿੱਚ ₹ 928.21 ਕਰੋੜ ਦੀ ਗਿਰਾਵਟ ਮੁੱਖ ਤੌਰ ਤੇ ਹੋਰ ਗੈਰ-ਕਰ ਪ੍ਰਾਪਤੀਆਂ ਵਿੱਚ ₹ 1,578.46 ਕਰੋੜ ਦੀ ਕਮੀ ਕਰਕੇ ਸੀ, ਜਿਸਦੀ ਕਿ ਵਿਆਜ ਪ੍ਰਾਪਤੀਆਂ ਅਧੀਨ ₹ 650.25 ਕਰੋੜ ਦੇ ਵਾਧੇ ਨਾਲ ਅੰਸ਼ਿਕ ਤੌਰ ਤੇ ਭਰਪੂਰਤੀ ਹੋ ਗਈ ਸੀ। ਹੋਰ ਗੈਰ- ਕਰ ਪ੍ਰਾਪਤੀਆਂ ਵਿੱਚ ਵੱਡੀ ਗਿਰਾਵਟ, ਫੁਟਕਲ ਆਮ ਸੇਵਾਵਾਂ

(₹ 2,107.71 ਕਰੋੜ) ਅਧੀਨ ਸੀ, ਜੋਕਿ ਸਿੱਖਿਆ, ਖੇਡਾਂ, ਕਲਾ ਅਤੇ ਸਭਿਆਚਾਰ (₹ 139.47 ਕਰੋੜ), ਪੈਨਸ਼ਨ ਅਤੇ ਹੋਰ ਰਿਟਾਇਰਮੈਂਟ ਲਾਭਾਂ ਲਈ ਯੋਗਦਾਨ ਅਤੇ ਵਸੂਲੀਆਂ (₹ 95.85 ਕਰੋੜ), ਮੁੱਖ ਅਤੇ ਦਰਮਿਆਨੀ ਸਿੰਜਾਈ (₹ 68.27 ਕਰੋੜ) ਅਤੇ ਗੈਰ ਲੋਹ ਖਣਨ (₹ 54.75 ਕਰੋੜ) ਅਧੀਨ ਵਾਧੇ ਨਾਲ ਆਫਸੈਟ ਹੋ ਗਈ ਸੀ।

ਚਾਲੂ ਸਾਲ ਦੌਰਾਨ ₹ 2,105.51 ਕਰੋੜ ਦੀਆਂ ਵਿਆਜ ਪ੍ਰਾਪਤੀਆਂ, ਵਿਚੋਂ ₹ 1,307.22 ਕਰੋੜ ਦੀ ਰਾਸ਼ੀ, ਸਰਕਾਰੀ ਕਮਰਸ਼ੀਅਲ ਵਿਭਾਗਾਂ/ਅਦਾਰਿਆਂ (₹ 0.27 ਕਰੋੜ) ਤੋਂ ਲੈਣੇ ਬਣਦੇ ਵਿਆਜ ਲਈ ਬੁੱਕ ਐਡਜੈਸਟਮੈਂਟ ਅਤੇ ਰਾਜ ਸਰਕਾਰ ਵੱਲੋਂ ਪੀ ਐਸ ਪੀ ਸੀ ਐਲ ਨੂੰ (₹ 1,306.95 ਕਰੋੜ) ਖੇਤੀਬਾੜੀ ਸਬਸਿਡੀ ਅਤੇ ਵੱਖ-ਵੱਖ ਉਦਯੋਗਿਕ ਨੀਤੀਆਂ ਅਧੀਨ ਅਦਾਇਗੀਯੋਗ ਪ੍ਰੋਤਸਾਹਨ ਦੇ ਵਿਰੁੱਧ, ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ ਐਸ ਪੀ ਸੀ ਐਲ) ਦੁਆਰਾ ਅਦਾਇਗੀਯੋਗ ਯੂ ਡੀ ਏ ਵਾਈ ਬਾਂਡਜ਼ ਤੇ ਵਿਆਜ ਅਤੇ ਗਰੰਟੀ ਫੀਸ ਦੀ ਐਡਜੈਸਟਮੈਂਟ ਕਰਕੇ ਸੀ।

### *2.3.2.3 ਕੇਂਦਰ ਤੋਂ ਟਰਾਂਸਫਰਾਂ*

ਕੇਂਦਰ ਤੋਂ ਪਿਛਲੇ ਦਸ ਸਾਲਾਂ ਲਈ ਟਰਾਂਸਫਰਾਂ ਵਿੱਚ ਰੁਝਾਨਾਂ ਨੂੰ ਚਾਰਟ 2.7 ਵਿੱਚ ਦਰਸਾਇਆ ਗਿਆ ਹੈ।

**ਚਾਰਟ 2.7: ਕੇਂਦਰ ਤੋਂ ਟਰਾਂਸਫਰਾਂ ਵਿੱਚ ਰੁਝਾਨ**




*ਸ੍ਰੋਤ: ਵਿੱਤ ਲੇਖੇ*

### *(i) ਕੇਂਦਰੀ ਕਰ ਟਰਾਂਸਫਰ*

ਤੇਰ੍ਹਵੇਂ ਵਿੱਤ ਕਮਿਸ਼ਨ (ਟੀ ਐਫ ਸੀ) ਅਤੇ ਚੌਦਵੇਂ ਵਿੱਤ ਕਮਿਸ਼ਨ (ਐਫ ਐਫ ਸੀ) ਦੀਆਂ ਪ੍ਰੋਜੈਕਸ਼ਨਾਂ ਦੀ ਤੁਲਨਾ ਵਿੱਚ ਸਾਲ 2010-11 ਤੋਂ 2019-20 ਦੇ ਸਮੇਂ ਦੌਰਾਨ ਰਾਜ ਸਰਕਾਰ ਨੂੰ

ਕੇਂਦਰੀ ਕਰਾਂ ਅਤੇ ਡਿਊਟੀਆਂ ਵਿੱਚੋਂ ਜਾਰੀ ਹੋਏ ਅਸਲ ਹਿੱਸੇ ਨੂੰ **ਸਾਰਣੀ** 2.11 ਵਿੱਚ ਸਾਰਣੀਬੱਧ ਕੀਤਾ ਗਿਆ ਹੈ।

**ਸਾਰਣੀ 2.11: ਕੇਂਦਰੀ ਕਰਾਂ ਅਤੇ ਡਿਊਟੀਆਂ ਵਿੱਚ ਰਾਜ ਦਾ ਹਿੱਸਾ: ਵਿੱਤ ਕਮਿਸ਼ਨ ਦੀਆਂ ਪ੍ਰੋਜੈਕਸ਼ਨਾਂ ਦੀ ਤੁਲਨਾ ਵਿੱਚ ਅਸਲ ਵੰਡ**

*(₹ ਕਰੋੜ ਵਿੱਚ)*

| ਸਾਲ | ਵਿੱਤ ਕਮਿਸ਼ਨ ਦੀਆਂ ਪ੍ਰੋਜੈਕਸ਼ਨਾਂ | ਐਫ ਸੀ ਆਰ ਵਿੱਚ ਪ੍ਰੋਜੈਕਸ਼ਨਾਂ | ਅਸਲ ਕਰ ਵੰਡ | ਅੰਤਰ |
|---|---|---|---|---|
| **1** | **2** | **3** | **4** | **5 (4-3)** |
| 2010-11 | ਸੇਵਾ ਕਰ ਨੂੰ ਛੱਡ ਕੇ ਸਾਰੇ ਵੰਡਣਯੋਗ ਕਰਾਂ ਦੀਆਂ ਨਿਰੋਲ ਪ੍ਰਾਪਤੀਆਂ ਦਾ 1.389 *ਪ੍ਰਤੀਸ਼ਤ* ਅਤੇ ਵੰਡਣਯੋਗ ਸੇਵਾ ਕਰ ਦੀਆਂ ਨਿਰੋਲ ਪ੍ਰਾਪਤੀਆਂ ਦਾ 1.411 *ਪ੍ਰਤੀਸ਼ਤ* (ਟੀ ਐਫ ਸੀ ਦੀਆਂ ਸਿਫਾਰਸ਼ਾਂ ਅਨੁਸਾਰ) | 3,207 | 3,051 | (-)156 |
| 2011-12 | | 3,665 | 3,554 | (-)111 |
| 2012-13 | | 4,398 | 4,059 | (-)339 |
| 2013-14 | | 5,278 | 4,432 | (-)846 |
| 2014-15 | | 6,333 | 4,703 | (-)1,630 |
| 2015-16 | ਸੇਵਾ ਕਰ ਨੂੰ ਛੱਡ ਕੇ ਸਾਰੇ ਵੰਡਣ ਯੋਗ ਕਰਾਂ ਦੀਆਂ ਨਿਰੋਲ ਪ੍ਰਾਪਤੀਆਂ ਦਾ 1.577 *ਪ੍ਰਤੀਸ਼ਤ* ਅਤੇ ਵੰਡਣਯੋਗ ਸੇਵਾ ਕਰ ਦੀਆਂ ਨਿਰੋਲ ਪ੍ਰਾਪਤੀਆਂ ਦਾ 1.589 *ਪ੍ਰਤੀਸ਼ਤ* (ਐਫ ਐਫ ਸੀ ਦੀਆਂ ਸਿਫਾਰਸ਼ਾਂ ਅਨੁਸਾਰ) | 8,009* | 8,009 | -- |
| 2016-17 | | 9,600* | 9,600 | -- |
| 2017-18 | ਰਾਜ ਸਰਕਾਰ ਦੇ ਵਿੱਤੀ ਮਜਬੂਤੀਕਰਣ ਰੋਡ ਮੈਪ ਅਨੁਸਾਰ | 10,617 | 10,617 | -- |
| 2018-19 | | 12,009 | 12,005 | (-)4 |
| 2019-20 | | 13,319 | 10,346 | (-)2,973 |

*ਸ੍ਰੋਤ: ਟੀ ਐਫ ਸੀ ਅਤੇ ਐਫ ਐਫ ਸੀ ਦੀਆਂ ਰਿਪੋਰਟਾਂ, ਵਿੱਤ ਲੇਖੇ ਅਤੇ ਸਲਾਨਾ ਵਿੱਤੀ ਵਿਵਰਣੀ*

* *ਰਾਜ ਸਰਕਾਰ ਵਲੋਂ ਸਾਲ 2015-16 ਤੋਂ 2019-20 ਲਈ ਵਿੱਤੀ ਮਜ਼ਬੂਤੀਕਰਨ ਰੋਡਮੈਪ (ਐਫ ਸੀ ਆਰ) 2017-18 ਵਿੱਚ ਬਣਾਇਆ ਗਿਆ ਸੀ ਅਤੇ ਸਾਲ 2015-16 ਅਤੇ 2016-17 ਲਈ ਵੰਡੇ ਗਏ ਕਰ ਦੀਆਂ ਅਸਲ ਰਾਸ਼ੀਆਂ ਨੂੰ ਸਬੰਧਤ ਸਾਲਾਂ ਲਈ ਪ੍ਰੋਜੈਕਟਿਡ ਰਾਸ਼ੀਆਂ ਵਜੋਂ ਲਿਆ ਗਿਆ ਸੀ।*

ਪਿਛਲੇ ਸਾਲ ਦੀ ਤੁਲਨਾ ਵਿੱਚ ਸਾਲ 2019-20 ਦੌਰਾਨ ਕੇਂਦਰੀ ਕਰਾਂ ਅਤੇ ਡਿਊਟੀਆਂ ਵਿੱਚ ਰਾਜ ਸਰਕਾਰ ਦਾ ਹਿੱਸਾ ₹ 1,659 ਕਰੋੜ (13.82 *ਪ੍ਰਤੀਸ਼ਤ*) ਨਾਲ ਘਟ ਗਿਆ।

ਚੌਦਵੇਂ ਵਿੱਤ ਕਮਿਸ਼ਨ ਦੇ ਸਮੇਂ ਭਾਵ 2015-20 ਦੌਰਾਨ ਕੇਂਦਰੀ ਕਰਾਂ ਅਤੇ ਡਿਊਟੀਆਂ ਵਿੱਚ ਰਾਜ ਦਾ ਹਿੱਸਾ, ਤੇਰਵ੍ਹੇਂ ਵਿੱਤ ਕਮਿਸ਼ਨ ਦੇ ਸਮੇਂ ਭਾਵ 2010-15 ਨਾਲੋਂ ₹ 30,778 ਕਰੋੜ (155.45 *ਪ੍ਰਤੀਸ਼ਤ*) ਨਾਲ ਵਧਿਆ। ਕੇਂਦਰੀ ਕਰ ਟਰਾਂਸਫਰਾਂ ਦੇ ਭਾਗਾਂ ਵਿੱਚ ਰੁਝਾਨਾਂ ਨੂੰ **ਸਾਰਣੀ 2.12** ਵਿੱਚ ਦਰਸਾਇਆ ਗਿਆ ਹੈ।

**ਸਾਰਣੀ 2.12: ਕੇਂਦਰੀ ਕਰ ਟਰਾਂਸਫਰਾਂ**

*(₹ ਕਰੋੜ ਵਿੱਚ)*

| ਮੱਦ | 2015-16 | 2016-17 | 2017-18 | 2018-19 | 2019-20 |
|---|---|---|---|---|---|
| ਕੇਂਦਰੀ ਵਸਤਾਂ ਅਤੇ ਸੇਵਾਵਾਂ ਕਰ (ਸੀ ਜੀ ਐਸ ਟੀ) | -- | -- | 151.60 | 2,964.16 | 2,935.85 |
| ਏਕੀਕ੍ਰਿਤ ਵਸਤਾਂ ਅਤੇ ਸੇਵਾਵਾਂ ਕਰ (ਆਈ ਜੀ ਐਸ ਟੀ) | -- | -- | 1,072.32 | 236.60 | --[3] |
| ਕਾਰਪੋਰੇਸ਼ਨ ਕਰ | 2,528.38 | 3,082.07 | 3,252.81 | 4,176.53 | 3,527.47 |
| ਕਾਰਪੋਰੇਸ਼ਨ ਕਰ ਤੋਂ ਇਲਾਵਾ ਆਮਦਨ ਤੇ ਕਰ | 1,761.21 | 2,142.05 | 2,746.76 | 3,075.85 | 2,764.01 |
| ਕਸਟਮਜ਼ | 1,281.78 | 1,325.80 | 1,072.00 | 851.31 | 655.78 |
| ਕੇਂਦਰੀ ਆਬਕਾਰੀ ਡਿਊਟੀਆਂ | 1,063.07 | 1,513.94 | 1,120.50 | 565.74 | 455.97 |
| ਸੇਵਾ ਕਰ | 1,368.73 | 1,528.78 | 1,201.05 | 109.29 | -- |
| ਹੋਰ ਕਰ[4] | 5.73 | 7.09 | (-)0.10 | 25.66 | 6.77 |
| ਕੇਂਦਰੀ ਕਰ ਟਰਾਂਸਫਰਾਂ | 8,008.90 | 9,599.73 | 10,616.94 | 12,005.14 | 10,345.85 |
| ਪਿਛਲੇ ਸਾਲ ਨਾਲੋਂ ਵਾਧੇ ਦੀ ਪ੍ਰਤੀਸ਼ਤਤਾ | 70.29 | 19.86 | 10.60 | 13.08 | -13.82 |
| ਕੇਂਦਰੀ ਕਰ ਟਰਾਂਸਫਰਾਂ ਦੀ ਰੈਵੀਨਿਊ ਪ੍ਰਾਪਤੀਆਂ ਨੂੰ ਪ੍ਰਤੀਸ਼ਤਤਾ | 19.29 | 20.01 | 20.03 | 19.28 | 16.80 |

*ਸ੍ਰੋਤ: ਵਿੱਤ ਲੇਖੇ*

### *(ii) ਭਾਰਤ ਸਰਕਾਰ ਤੋਂ ਸਹਾਇਤਾ ਗ੍ਰਾਂਟਾਂ*

ਭਾਰਤ ਸਰਕਾਰ ਤੋਂ ਸਹਾਇਤਾ ਗ੍ਰਾਂਟਾਂ (ਜੀ ਆਈ ਏ) ਅਤੇ ਇਨ੍ਹਾਂ ਦੇ ਭਾਗਾਂ ਵਿੱਚ ਰੁਝਾਨ ਨੂੰ **ਸਾਰਣੀ 2.13** ਵਿੱਚ ਦਰਸਾਇਆ ਗਿਆ ਹੈ।

**ਸਾਰਣੀ 2.13: ਭਾਰਤ ਸਰਕਾਰ ਤੋਂ ਸਹਾਇਤਾ ਗ੍ਰਾਂਟਾਂ**

*(₹ ਕਰੋੜ ਵਿੱਚ)*

| ਮੱਦ | 2015-16 | 2016-17 | 2017-18 | 2018-19 | 2019-20 |
|---|---|---|---|---|---|
| ਨਾਨ ਪਲਾਨ ਗ੍ਰਾਂਟਾਂ * | 1,274.64 | 1,610.35 | -- | -- | -- |
| ਰਾਜ ਪਲਾਨ ਸਕੀਮਾਂ* ਲਈ ਗ੍ਰਾਂਟਾਂ | 2,320.12 | 2,523.14 | -- | -- | -- |
| ਕੇਂਦਰੀ ਪ੍ਰਯੋਜਿਤ ਪਲਾਨ ਸਕੀਮਾਂ* ਲਈ ਗ੍ਰਾਂਟਾਂ | 237.20 | 563.69 | (-)0.63 | (-)74.21 | (-)68.84 |

---

3 ਭਾਰਤ ਸਰਕਾਰ ਤੋਂ 2019-20 ਦੌਰਾਨ ਪ੍ਰਾਪਤ ₹ 7,166.64 ਕਰੋੜ ਦੀ ਰਾਸ਼ੀ ਨੂੰ ਮੁੱਖ ਮੱਦ 0006-ਐਸ ਜੀ ਐਸ ਟੀ ਅਧੀਨ ਲੇਖਾਬੱਧ ਕੀਤਾ ਗਿਆ ਹੈ।

4 ਇਸ ਵਿੱਚ ਵੈਲਥ 'ਤੇ ਕਰ, ਆਮਦਨ ਅਤੇ ਖਰਚੇ 'ਤੇ ਹੋਰ ਕਰ, ਵਸਤਾਂ ਅਤੇ ਸੇਵਾਵਾਂ 'ਤੇ ਹੋਰ ਕਰ ਅਤੇ ਡਿਊਟੀਆਂ ਸ਼ਾਮਲ ਹਨ।

| ਮੱਦ | 2015-16 | 2016-17 | 2017-18 | 2018-19 | 2019-20 |
|---|---|---|---|---|---|
| ਕੇਂਦਰੀ ਪ੍ਰਯੋਜਿਤ ਸਕੀਮਾਂ ਲਈ ਗ੍ਰਾਂਟਾਂ | 341.76 | 78.65 | 3,096.13 | 3,091.70 | 2,864.31 |
| ਵਿੱਤ ਕਮਿਸ਼ਨ ਦੀਆਂ ਗ੍ਰਾਂਟਾਂ | -- | -- | 355.69 | 719.54 | 2,710.13 |
| ਰਾਜਾਂ/ ਵਿਧਾਨ ਪਾਲਿਕਾ ਵਾਲੇ ਸੰਘੀ ਖੇਤਰਾਂ ਨੂੰ ਹੋਰ ਟਰਾਂਸਫਰਾਂ/ਗ੍ਰਾਂਟਾਂ | -- | -- | 4,199.81 | 7,370.34 | 9,074.43 |
| **ਜੋੜ** | **4,173.72** | **4,775.83** | **7,651.00** | **11,107.37** | **14,580.03** |
| ਪਿਛਲੇ ਸਾਲ ਨਾਲੋਂ ਵਾਧੇ ਦੀ ਪ੍ਰਤੀਸ਼ਤਤਾ | (-) 28.90 | 14.43 | 60.20 | 45.18 | 31.26 |
| ਰੈਵੀਨਿਊ ਪ੍ਰਾਪਤੀਆਂ ਨੂੰ ਸਹਾਇਤਾ ਗ੍ਰਾਂਟਾਂ ਦੀ ਪ੍ਰਤੀਸ਼ਤਤਾ | 10.05 | 9.95 | 14.43 | 17.84 | 23.68 |

*ਸ੍ਰੋਤ : ਵਿੱਤ ਲੇਖੇ*

**01 ਅਪ੍ਰੈਲ 2017 ਤੋਂ ਨਾਨ ਪਲਾਨ ਅਤੇ ਪਲਾਨ ਗ੍ਰਾਂਟਾਂ ਨੂੰ ਮਿਲਾ ਦਿੱਤਾ ਗਿਆ ਹੈ।*

**ਸਾਰਣੀ** 2.13 ਦਰਸਾਉਂਦੀ ਹੈ ਕਿ ਸਾਲ 2015-16 ਤੋਂ 2019-20 ਦੇ ਸਮੇਂ ਦੌਰਾਨ ਭਾਰਤ ਸਰਕਾਰ ਤੋਂ ਸਹਾਇਤਾ ਗ੍ਰਾਂਟਾਂ ਵਿੱਚ 24.43 *ਪ੍ਰਤੀਸ਼ਤ* ਦੀ ਸਲਾਨਾ ਔਸਤ ਦਰ ਨਾਲ ਵਾਧਾ ਹੋਇਆ। ਰਾਜ ਨੂੰ ਹੋਰ ਟਰਾਂਸਫਰਾਂ ਵਿੱਚ ਜੀ ਐਸ ਟੀ ਮੁਆਵਜ਼ੇ ਦਾ ₹ 8,805 ਕਰੋੜ ਸ਼ਾਮਲ ਹੈ। ਪਿਛਲੇ ਸਾਲ ਨਾਲੋਂ ਚਾਲੂ ਸਾਲ ਦੌਰਾਨ ਸਹਾਇਤਾ ਗ੍ਰਾਂਟਾਂ ਵਿੱਚ ਵਾਧਾ, ਜੀ ਐਸ ਟੀ ਮੁਆਵਜ਼ੇ ਵਿੱਚ ₹ 1,676 ਕਰੋੜ (23.51 *ਪ੍ਰਤੀਸ਼ਤ*); ਅਤੇ ਵਿੱਤ ਕਮਿਸ਼ਨ ਗ੍ਰਾਂਟਾਂ ਵਿੱਚ ₹ 1,991 ਕਰੋੜ (276.65 *ਪ੍ਰਤੀਸ਼ਤ*) ਦੇ ਵੱਡੇ ਵਾਧੇ ਕਾਰਣ ਸੀ। ਇਸ ਤੋਂ ਇਲਾਵਾ, ਰੈਵੀਨਿਊ ਪ੍ਰਾਪਤੀਆਂ ਵਿੱਚ ਸਹਾਇਤਾ ਗ੍ਰਾਂਟਾਂ ਦਾ ਯੋਗਦਾਨ 2015-16 ਵਿੱਚ 10.05 *ਪ੍ਰਤੀਸ਼ਤ* ਤੋਂ ਵਧ ਕੇ 2019-20 ਵਿੱਚ 23.68 *ਪ੍ਰਤੀਸ਼ਤ* ਹੋ ਗਿਆ ।

### *(iii) ਚੌਦਵੇਂ ਵਿੱਤ ਕਮਿਸ਼ਨ ਦੀਆਂ ਗ੍ਰਾਂਟਾਂ*

ਚੌਦਵੇਂ ਵਿੱਤ ਕਮਿਸ਼ਨ (ਐਫ ਐਫ ਸੀ) ਦੀਆਂ ਗ੍ਰਾਂਟਾਂ ਰਾਜਾਂ ਨੂੰ ਸਥਾਨਕ ਸੰਸਥਾਵਾਂ ਅਤੇ ਰਾਜ ਆਫਤ ਰਿਸਪਾਂਸ ਫੰਡ (ਐਸ ਡੀ ਆਰ ਐਫ) ਲਈ ਦਿੱਤੀਆਂ ਗਈਆਂ ਸਨ। ਭਾਰਤ ਸਰਕਾਰ ਦੁਆਰਾ ਦਿੱਤੀਆਂ ਗ੍ਰਾਂਟਾਂ ਦੇ ਵੇਰਵੇ **ਸਾਰਣੀ 2.14** ਵਿੱਚ ਦਿੱਤੇ ਗਏ ਹਨ।

**ਸਾਰਣੀ 2.14: ਸਹਾਇਤਾ ਗ੍ਰਾਂਟਾਂ ਦੀ ਸਿਫਾਰਸ਼ ਕੀਤੀ ਗਈ ਰਾਸ਼ੀ, ਅਸਲ ਰਲੀਜ਼ ਅਤੇ ਟਰਾਂਸਫਰਾਂ**

*(₹ ਕਰੋੜ ਵਿੱਚ)*

| ਟਰਾਂਸਫਰਾਂ | ਐਫ ਐਫ ਸੀ ਦੀ ਸਿਫਾਰਸ਼ | | | ਭਾਰਤ ਸਰਕਾਰ ਵਲੋਂ ਅਸਲ ਰਲੀਜ਼ | | | ਰਾਜ ਸਰਕਾਰ ਵਲੋਂ ਰਲੀਜ਼ | | |
|---|---|---|---|---|---|---|---|---|---|
| | 2015-16 ਤੋਂ 2018-19 | 2019-20 | ਜੋੜ | 2015-16 ਤੋਂ 2018-19 | 2019-20 | ਜੋੜ | 2015-16 ਤੋਂ 2018-19 | 2019-20 | ਜੋੜ (ਭਾਰਤ ਸਰਕਾਰ ਤੋਂ ਰਲੀਜ਼ ਦੀ *ਪ੍ਰਤੀਸ਼ਤਤਾ*) |
| **(i) ਪੀ ਆਰ ਆਈਜ਼ ਨੂੰ ਗ੍ਰਾਂਟਾਂ** | **2,851.55** | **1,239.60** | **4,091.15** | **827.74** | **1,394.61** | **2,222.35** | **747.51** | **659.13** | **1,406.64 (63)** |
| (ੳ) ਜਨਰਲ ਬੇਸਿਕ ਗ੍ਰਾਂਟ | 2,577.43 | 1,104.60 | 3,682.03 | 747.51 | 1,394.61 | 2,142.12 | 747.51 | 659.13 | 1,406.64 (66) |

| ਟਰਾਂਸਫਰਾਂ | ਐਫ ਐਫ ਸੀ ਦੀ ਸਿਫਾਰਸ਼ | | | ਭਾਰਤ ਸਰਕਾਰ ਵਲੋਂ ਅਸਲ ਰਲੀਜ਼ | | | ਰਾਜ ਸਰਕਾਰ ਵਲੋਂ ਰਲੀਜ਼ | | |
|---|---|---|---|---|---|---|---|---|---|
| | 2015-16 ਤੋਂ 2018-19 | 2019-20 | ਜੋੜ | 2015-16 ਤੋਂ 2018-19 | 2019-20 | ਜੋੜ | 2015-16 ਤੋਂ 2018-19 | 2019-20 | ਜੋੜ (ਭਾਰਤ ਸਰਕਾਰ ਤੋਂ ਰਲੀਜ਼ ਦੀ ਪ੍ਰਤੀਸ਼ਤਤਾ) |
| (ਅ) ਜਨਰਲ ਕਾਰਗੁਜ਼ਾਰੀ ਗ੍ਰਾਂਟਾਂ | 274.12 | 135.00 | 409.12 | 80.23 | 0.00 | 80.23 | 0.00 | 0.00 | 0.00 |
| **(ii) ਯੂ ਐਲ ਬੀਜ਼ ਨੂੰ ਗ੍ਰਾਂਟਾਂ** | **1,702.37** | **750.58** | **2,452.95** | **1,521.18** | **581.64** | **2,102.82** | **1,521.18** | **581.64** | **2,102.82 (100)** |
| (ੳ) ਜਨਰਲ ਬੇਸਿਕ ਗ੍ਰਾਂਟ | 1,373.67 | 588.69 | 1,962.36 | 1,321.03 | 581.64 | 1,902.67 | 1,321.03 | 581.64 | 1,902.67 (100) |
| (ਅ) ਜਨਰਲ ਕਾਰਗੁਜ਼ਾਰੀ ਗ੍ਰਾਂਟਾਂ | 328.70 | 161.89 | 490.59 | 200.15 | 0.00 | 200.15 | 200.15 | 0.00 | 200.15 (100) |
| **ਸਥਾਨਕ ਸੰਸਥਾਵਾਂ ਲਈ ਜੋੜ** | **4,553.92** | **1,990.18** | **6,544.10** | **2,348.92** | **1,976.25** | **4,325.17** | **2,268.69** | **1,240.77** | **3,509.46 (81)** |
| **ਐਸ ਡੀ ਆਰ ਐਫ** ਕੇਂਦਰ ਦਾ ਹਿੱਸਾ | 1,260.00 | 355.50 | 1,615.50 | 1,124.70 | 313.05 | 1,437.75 | 1,124.70 | 313.05 | 1,437.75 (100) |
| ਰਾਜ ਦਾ ਹਿੱਸਾ | 420.00 | 118.50 | 538.50 | | | | 363.62 | 115.63 | 479.25 |
| **ਐਸ ਡੀ ਆਰ ਐਫ ਲਈ ਜੋੜ** | **1,680.00** | **474.00** | **2,154.00** | **1,124.70** | **313.05** | **1,437.75** | **1,488.32** | **428.68** | **1,917.00** |
| **ਕੁੱਲ ਜੋੜ** | **6,233.92** | **2,464.18** | **8,698.10** | **3,473.62** | **2,289.30** | **5,762.92** | **3,757.01** | **1,669.45** | **5,426.46** |

*ਸ੍ਰੋਤ: ਐਫ ਐਫ ਸੀ ਰਿਪੋਰਟ ਅਤੇ ਵਿਭਾਗੀ ਸੂਚਨਾ* *ਪੀ ਆਰ ਆਈਜ਼-ਪੰਚਾਇਤੀ ਰਾਜ ਸੰਸਥਾਵਾਂ ਅਤੇ ਯੂ ਐਲ ਬੀਜ਼-ਸ਼ਹਿਰੀ ਸਥਾਨਕ ਸੰਸਥਾਵਾਂ*

2019-20 ਦੌਰਾਨ ਭਾਰਤ ਸਰਕਾਰ ਦੁਆਰਾ ਜਾਰੀ ਐਫ ਐਫ ਸੀ ਗ੍ਰਾਂਟ ਦੀ ਰਾਸ਼ੀ ਜਿਵੇਂ ਕਿ ਵਿੱਤ ਲੇਖਿਆਂ ਵਿੱਚ ਇੰਦਰਾਜ ਕੀਤੀ ਗਈ ਸੀ (₹ 2,710.13 ਕਰੋੜ -**ਸਾਰਣੀ** 2.13), ਅਤੇ ਜਿਹੜੀ ਸੂਚਨਾ ਸਬੰਧਤ ਵਿਭਾਗਾਂ ਦੁਆਰਾ ਦਿੱਤੀ ਗਈ ਸੀ (₹ 2,289.30 ਕਰੋੜ - **ਸਾਰਣੀ** 2.14) ਵਿੱਚ ₹ 420.83 ਕਰੋੜ ਦਾ ਫਰਕ ਸੀ। ਸਥਾਨਕ ਸਰਕਾਰ ਵਿਭਾਗ, ਪੰਜਾਬ ਨੇ ਦੱਸਿਆ (ਅਪ੍ਰੈਲ 2021) ਕਿ ਭਾਰਤ ਸਰਕਾਰ ਦੁਆਰਾ ਜਿਸ ਕਿਸੇ ਸਾਲ ਲਈ ਗ੍ਰਾਂਟਾਂ ਜਾਰੀ ਕੀਤੀਆਂ ਗਈਆਂ ਸਨ, ਉਹ ਰਾਜ ਵਿੱਤ ਵਿਭਾਗ ਦੁਆਰਾ ਯੂ ਐਲ ਬੀਜ਼ ਨੂੰ ਦੇਰੀ ਨਾਲ ਜਾਰੀ ਕੀਤੀਆਂ ਗਈਆਂ ਸਨ, ਜਿਸ ਕਾਰਨ ਐਫ ਐਫ ਸੀ ਦੁਆਰਾ ਉਸ ਸਾਲ ਲਈ ਜਾਰੀ ਗ੍ਰਾਂਟਾਂ ਵਿਭਾਗ ਦੁਆਰਾ ਅਗਲੇ ਸਾਲ ਦੌਰਾਨ ਦਰਸਾਈਆਂ ਗਈਆਂ ਸਨ। ਇਹ ਵੀ ਕਿਹਾ ਗਿਆ ਕਿ ਐਫ ਐਫ ਸੀ ਗ੍ਰਾਂਟ ਦੀਆਂ ਰਾਸ਼ੀਆਂ, ਮਹਾਂਲੇਖਾਕਾਰ (ਲੇਖਾ ਤੇ ਹੱਕਦਾਰੀ), ਪੰਜਾਬ ਦੇ ਦਫਤਰ ਨਾਲ ਮਿਲਾਨ ਕੀਤੇ ਜਾਣ ਦੀ ਸ਼ਰਤ ਦੇ ਅਧੀਨ ਸਨ।

ਐਸ ਡੀ ਆਰ ਐਫ ਦੇ ਸਬੰਧ ਵਿੱਚ ਭਾਰਤ ਸਰਕਾਰ ਵੱਲੋਂ ₹ 177.75 ਕਰੋੜ ਅਤੇ ਰਾਜ ਸਰਕਾਰ ਵੱਲੋਂ ₹ 59.25 ਕਰੋੜ ਦਾ ਬਾਕੀ ਰਹਿੰਦਾ ਹਿੱਸਾ ਸਾਲ 2020-21 ਵਿੱਚ ਜਾਰੀ ਕੀਤਾ ਗਿਆ ਸੀ। ਐਫ ਐਫ ਸੀ ਨੇ ਕੇਂਦਰ ਅਤੇ ਰਾਜ ਦਾ ਹਿੱਸਾ 75:25 ਦੇ ਅਨੁਪਾਤ ਵਿੱਚ ਸਿਫਾਰਸ਼ ਕੀਤਾ ਸੀ।

ਇੱਕ ਅਪ੍ਰੈਲ 2018 ਤੋਂ ਪ੍ਰਭਾਵੀ ਚੌਦਵੇਂ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾ ਨੂੰ ਲਾਗੂ ਕਰਨ ਲਈ ਭਾਰਤ ਸਰਕਾਰ ਵੱਲੋਂ ਲਏ ਗਏ ਫੈਸਲੇ ਅਨੁਸਾਰ, ਕੇਂਦਰ ਅਤੇ ਰਾਜ ਸਰਕਾਰ ਦੁਆਰਾ ਫੰਡ ਵਿੱਚ 2018-19 ਅਤੇ 2019-20 ਦੌਰਾਨ 90:10 ਦੇ ਅਨੁਪਾਤ ਵਿੱਚ ਯੋਗਦਾਨ ਕਰਨਾ ਲੋੜੀਂਦਾ ਸੀ। ਪ੍ਰੰਤੂ, ਕੇਂਦਰ ਸਰਕਾਰ ਵੱਲੋਂ 2018-19 ਅਤੇ 2019-20 ਦੇ ਸਾਲ ਲਈ ਜਾਰੀ ਕੀਤੀ ਮਨਜ਼ੂਰੀ ਅਨੁਸਾਰ ਫੰਡ ਵਿੱਚ ਕੇਂਦਰ ਸਰਕਾਰ ਦਾ ਹਿੱਸਾ ਮੌਜੂਦਾ ਰੇਸ਼ੋ 75:25 ਅਨੁਸਾਰ ਜਾਰੀ ਕੀਤਾ ਗਿਆ ਹੈ।

### 2.3.3 ਪੂੰਜੀਗਤ ਪ੍ਰਾਪਤੀਆਂ

ਪੂੰਜੀਗਤ ਪ੍ਰਾਪਤੀਆਂ ਵਿੱਚ ਫੁੱਟਕਲ ਪੂੰਜੀਗਤ ਪ੍ਰਾਪਤੀਆਂ ਜਿਵੇਂ ਕਿ ਅਪਨਿਵੇਸ਼ ਤੋਂ ਵਟਕ, ਕਰਜ਼ੇ ਅਤੇ ਪੇਸ਼ਗੀਆਂ ਦੀਆਂ ਵਸੂਲੀਆਂ, ਅੰਦਰੂਨੀ ਸ੍ਰੋਤਾਂ (ਮਾਰਕੀਟ ਕਰਜ਼ੇ, ਵਿੱਤੀ ਸੰਸਥਾਵਾਂ/ਕਮਰਸ਼ੀਅਲ ਬੈਂਕਾਂ ਤੋਂ ਉਧਾਰ) ਤੋਂ ਕਰਜ਼ਾ ਪ੍ਰਾਪਤੀਆਂ ਅਤੇ ਭਾਰਤ ਸਰਕਾਰ ਕੋਲੋਂ ਕਰਜ਼ੇ ਅਤੇ ਪੇਸ਼ਗੀਆਂ ਸ਼ਾਮਲ ਹਨ।

ਸਾਲ 2015-16 ਤੋਂ 2019-20 ਦੌਰਾਨ ਪੂੰਜੀਗਤ ਪ੍ਰਾਪਤੀਆਂ ਅਤੇ ਇਨ੍ਹਾਂ ਦੇ ਹਿੱਸਿਆ ਦੇ ਰੁਝਾਨਾਂ ਨੂੰ **ਸਾਰਣੀ** 2.15 ਵਿੱਚ ਦਰਸਾਇਆ ਗਿਆ ਹੈ।

**ਸਾਰਣੀ 2.15: ਪੂੰਜੀਗਤ ਪ੍ਰਾਪਤੀਆਂ ਦੇ ਵਾਧੇ ਅਤੇ ਰਚਨਾ ਵਿੱਚ ਰੁਝਾਨ**

*(₹ ਕਰੋੜ ਵਿੱਚ)*

| ਰਾਜ ਦੀਆਂ ਪ੍ਰਾਪਤੀਆਂ ਦੇ ਸ੍ਰੋਤ | 2015-16 | 2016-17 | 2017-18 | 2018-19 | 2019-20 |
|---|---|---|---|---|---|
| **ਪੂੰਜੀਗਤ ਪ੍ਰਾਪਤੀਆਂ** | **20,425** | **55,415** | **18,590** | **23,788** | **43,891** |
| ਫੁਟਕਲ ਪੂੰਜੀਗਤ ਪ੍ਰਾਪਤੀਆਂ | 0 | 0 | 0 | 0 | 0 |
| ਕਰਜ਼ਿਆਂ ਅਤੇ ਪੇਸ਼ਗੀਆਂ ਦੀ ਵਸੂਲੀ | 218 | 181 | 73 | 849 | 16,070 |
| ਜਨਤਕ ਕਰਜਾ ਪ੍ਰਾਪਤੀਆਂ | 20,207 | 55,234 | 18,517 | 22,939 | 27,821 |
| *ਅੰਦਰੂਨੀ ਕਰਜ਼ਾ* * | 19,942 | 54,579 | 18,057 | 21,621 | 27,676 |
| *ਵਾਧਾ ਦਰ (ਪ੍ਰਤੀਸ਼ਤ)* | 84.72 | 173.69 | (-)66.92 | 19.74 | *28.01* |
| *ਭਾਰਤ ਸਰਕਾਰ ਤੋਂ ਕਰਜ਼ੇ ਅਤੇ ਪੇਸ਼ਗੀਆਂ* | 265 | 655 | 460 | 1,318 | 145 |
| *ਵਾਧਾ ਦਰ (ਪ੍ਰਤੀਸ਼ਤ)* | (-)53.26 | 147.17 | (-)29.77 | 186.52 | (-)89.00 |
| ਕਰਜ਼ਾ ਪੂੰਜੀਗਤ ਪ੍ਰਾਪਤੀਆਂ ਦੇ ਵਾਧੇ ਦੀ ਦਰ*(ਪ੍ਰਤੀਸ਼ਤ)* | 77.83 | 173.34 | (-)66.48 | 23.88 | 21.28 |
| ਗੈਰ-ਕਰਜ਼ਾ ਪੂੰਜੀਗਤ ਪ੍ਰਾਪਤੀਆਂ ਦੇ ਵਾਧੇ ਦੀ ਦਰ*(ਪ੍ਰਤੀਸ਼ਤ)* | 57.97 | (-)16.97 | (-)59.67 | 1,063.01 | 1,792.82 |
| ਜੀ ਐਸ ਡੀ ਪੀ ਦੇ ਵਾਧੇ ਦੀ ਦਰ*(ਪ੍ਰਤੀਸ਼ਤ)* | 9.85 | 9.46 | 10.27 | 11.80 | 9.19 |
| ਪੂੰਜੀਗਤ ਪ੍ਰਾਪਤੀਆਂ ਦੇ ਵਾਧੇ ਦੀ ਦਰ *(ਪ੍ਰਤੀਸ਼ਤ)* | 77.59 | 171.31 | (-)66.45 | 27.96 | 84.51 |

*ਸ੍ਰੋਤ: ਵਿੱਤ ਲੇਖੇ*

** ਵੇਅਜ਼ ਅਤੇ ਮੀਨਜ਼ ਪੇਸ਼ਗੀਆਂ ਅਧੀਨ ਨਿਰੋਲ ਰਾਸ਼ੀ ਸਮੇਤ,ਜਿਹੜੀ ਕਿ 2019-20 ਦੌਰਾਨ ₹ 1.64 ਕਰੋੜ ਸੀ।*

ਸਾਲ 2016-17 ਦੌਰਾਨ, ਰਾਜ ਸਰਕਾਰ ਦੁਆਰਾ ਅਨਾਜ ਖਰੀਦ ਆਪ੍ਰੇਸ਼ਨਾਂ ਲਈ ਵਿਰਾਸਤੀ ਕੈਸ਼ ਕਰੈਡਿਟ ਲੇਖੇ ਦੇ ਯੱਕਮੁਸ਼ਤ ਨਿਪਟਾਰੇ ਲਈ ਲਏ ਗਏ ਦੀਰਘਕਾਲੀਨ ਕਰਜ਼ਿਆਂ (₹ 29,919.96 ਕਰੋੜ) ਕਾਰਣ, ਅਤੇ ਯੂ ਡੀ ਏ ਵਾਈ ਨੂੰ ਲਾਗੂ ਕਰਨ ਲਈ, ਪੀ ਐਸ ਪੀ ਸੀ ਐਲ ਨੂੰ ਉਨ੍ਹਾਂ ਦੇ ਉਧਾਰਾਂ ਨੂੰ ਚੁਕਤਾ ਕਰਨ ਲਈ ਕਰਜ਼ੇ ਦੇਣ ਲਈ ਬਾਂਡ ਜਾਰੀ (₹ 10,031.19 ਕਰੋੜ) ਕਰਨ ਕਰਕੇ, ਪਿਛਲੇ ਸਾਲ ਦੀ ਤੁਲਨਾ ਵਿੱਚ ਜਨਤਕ ਕਰਜ਼ਾ ਪ੍ਰਾਪਤੀਆਂ

ਵਿੱਚ ਹੋਏ ₹ 35,027 ਕਰੋੜ (173.34 *ਪ੍ਰਤੀਸ਼ਤ*) ਦੇ ਚੋਖੇ ਵਾਧੇ ਕਾਰਣ, ਪੂੰਜੀਗਤ ਪ੍ਰਾਪਤੀਆਂ ਵਿੱਚ 171.31 *ਪ੍ਰਤੀਸ਼ਤ* ਦਾ ਵਾਧਾ ਹੋਇਆ।

ਪਿਛਲੇ ਸਾਲ ਨਾਲੋਂ ਚਾਲੂ ਸਾਲ ਦੌਰਾਨ, ਜਨਤਕ ਕਰਜ਼ਾ ਪ੍ਰਾਪਤੀਆਂ ₹ 4,882 ਕਰੋੜ (21.28 *ਪ੍ਰਤੀਸ਼ਤ*) ਨਾਲ ਵਧੀਆਂ। ਪਿਛਲੇ ਸਾਲ ਨਾਲੋਂ ਕਰਜ਼ੇ ਅਤੇ ਪੇਸ਼ਗੀਆਂ ਦੀ ਵਸੂਲੀ ਵਿੱਚ ₹ 15,221 ਕਰੋੜ (1,792.82 *ਪ੍ਰਤੀਸ਼ਤ*) ਦਾ ਵਾਧਾ ਹੋਇਆ। ਚਾਲੂ ਸਾਲ ਦੌਰਾਨ ਵਸੂਲੀ ਵਿੱਚ ਵੱਡਾ ਵਾਧਾ, ਮੁੱਖ ਤੌਰ ਤੇ ਯੂ ਡੀ ਏ ਵਾਈ ਦੇ ਕਰਜ਼ਿਆਂ ਨੂੰ ਇਕਿਊਟੀ ਵਿੱਚ ਤਬਦੀਲ ਕਰਨ ਕਰਕੇ ਪੰਜਾਬ ਰਾਜ ਪਾਵਰ ਸਪਲਾਈ ਕਾਰਪੋਰੇਸ਼ਨ (ਪੀ ਐਸ ਪੀ ਸੀ ਐਲ) ਤੋਂ ₹ 15,628 ਕਰੋੜ ਦੀ ਵਸੂਲੀ ਕਾਰਣ ਸੀ, ਜਿਵੇਂ ਕਿ, ਪੈਰ੍ਹਾ 2.4.2.2 (v) ਵਿੱਚ ਚਰਚਾ ਕੀਤੀ ਗਈ ਹੈ।

### 2.3.4 ਸਾਧਨ ਜੁਟਾਉਣ ਵਿੱਚ ਰਾਜ ਦੀ ਕਾਰਗੁਜ਼ਾਰੀ

ਸਾਧਨ ਜੁਟਾਉਣ ਦੀ ਰਾਜ ਦੀ ਕਾਰਗੁਜ਼ਾਰੀ ਦਾ ਮੁਲਾਂਕਣ, ਇਸ ਦੇ ਆਪਣੇ ਸਾਧਨਾਂ, ਜਿਸ ਵਿੱਚ ਇਸ ਦੇ ਆਪਣੇ ਕਰ ਅਤੇ ਗੈਰ-ਕਰ ਸਾਧਨ ਸ਼ਾਮਲ ਹਨ, ਦੇ ਅਧਾਰ ਤੇ ਕੀਤਾ ਜਾਂਦਾ ਹੈ।

ਚੌਦਵੇਂ ਵਿੱਤ ਕਮਿਸ਼ਨ (ਐਫ ਐਫ ਸੀ) ਦੀ ਅਸੈਸਮੈਂਟ ਅਤੇ ਬਜਟ ਅਨੁਮਾਨਾਂ ਦੀ ਤੁਲਨਾ ਵਿੱਚ ਸਾਲ 2019-20 ਲਈ ਰਾਜ ਦੀਆਂ ਆਪਣੀਆਂ ਅਸਲ ਕਰ ਅਤੇ ਗੈਰ-ਕਰ ਪ੍ਰਾਪਤੀਆਂ ਨੂੰ ਸਾਰਣੀ 2.16 ਵਿੱਚ ਦਿੱਤਾ ਗਿਆ।

**ਸਾਰਣੀ 2.16: ਪ੍ਰੋਜੈਕਸ਼ਨਾਂ ਦੀ ਤੁਲਨਾ ਵਿੱਚ ਕਰ ਅਤੇ ਗੈਰ-ਕਰ ਰੈਵੀਨਿਊ**

*(₹ ਕਰੋੜ ਵਿੱਚ)*

| | ਐਫ ਐਫ ਸੀ ਦੀਆਂ ਪ੍ਰੋਜੈਕਸ਼ਨਾਂ | ਬਜਟ ਅਨੁਮਾਨ | ਅਸਲ | ਅਸਲ ਦੀ ਹੇਠ ਲਿਖਿਆਂ ਨਾਲੋਂ ਅੰਤਰ ਦੀ ਪ੍ਰਤੀਸ਼ਤਤਾ | |
|---|---|---|---|---|---|
| | | | | ਐਫ ਐਫ ਸੀ ਦੀਆਂ ਪ੍ਰੋਜੈਕਸ਼ਨਾਂ | ਬਜਟ ਅਨੁਮਾਨ |
| **ਆਪਣਾ ਕਰ ਰੈਵੀਨਿਊ** | 55,656 | 37,674 | 29,995 | (-)46.11 | (-)20.38 |
| **ਗੈਰ-ਕਰ ਰੈਵੀਨਿਊ** | 4,502 | 9,477 | 6,654 | 47.80 | (-)29.79 |

*ਸ੍ਰੋਤ: ਐਫ ਐਫ ਸੀ ਦੀ ਰਿਪੋਰਟ, ਸਲਾਨਾ ਵਿੱਤੀ ਵਿਵਰਣੀ ਅਤੇ ਵਿੱਤ ਲੇਖੇ*

ਰਾਜ ਸਰਕਾਰ ਦੀ ਆਪਣੀ ਕਰ ਰੈਵੀਨਿਊ, ਐਫ ਐਫ ਸੀ ਦੁਆਰਾ ਬਣਾਈਆਂ ਪ੍ਰੋਜੈਕਸ਼ਨਾਂ ਅਤੇ ਬਜਟ ਅਨੁਮਾਨਾਂ ਨਾਲੋਂ ਕ੍ਰਮਵਾਰ 46.11 *ਪ੍ਰਤੀਸ਼ਤ* ਅਤੇ 20.38 *ਪ੍ਰਤੀਸ਼ਤ* ਨਾਲ ਘੱਟ ਸੀ। ਜਦੋਂਕਿ, ਗੈਰ-ਕਰ ਰੈਵੀਨਿਊ, ਐਫ ਐਫ ਸੀ ਦੁਆਰਾ ਬਣਾਈਆਂ ਪ੍ਰੋਜੈਕਸ਼ਨਾਂ ਨਾਲੋਂ 47.80 *ਪ੍ਰਤੀਸ਼ਤ* ਨਾਲ ਵੱਧ ਸੀ ਅਤੇ ਬਜਟ ਅਨੁਮਾਨਾਂ ਤੋਂ 29.79 *ਪ੍ਰਤੀਸ਼ਤ* ਘੱਟ ਸੀ।

## 2.4 ਸਾਧਨਾਂ ਦੀ ਵਰਤੋਂ

ਰਾਜ ਸਰਕਾਰ ਨੂੰ ਵਿੱਤੀ ਜ਼ਿੰਮੇਵਾਰੀ ਕਾਨੂੰਨਾਂ ਦੇ ਢਾਂਚੇ ਦੇ ਅੰਦਰ ਰਹਿ ਕੇ ਖਰਚਾ ਕਰਨ ਦੀ ਅਤੇ ਇਸ ਦੇ ਨਾਲ ਨਾਲ ਇਹ ਯਕੀਨੀ ਬਣਾਉਣ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ ਕਿ ਰਾਜ ਵਿੱਚ ਚਲ ਰਹੀ ਵਿੱਤੀ ਸੁਧਾਰ ਅਤੇ ਮਜ਼ਬੂਤੀਕਰਣ ਦੀ ਪ੍ਰਕ੍ਰਿਆ, ਪੂੰਜੀਗਤ ਬੁਨਿਆਦੀ ਢਾਂਚੇ ਅਤੇ ਸਮਾਜਿਕ ਸੈਕਟਰ ਦੇ ਵਿਕਾਸ ਵੱਲ ਸੇਧਿਤ ਖਰਚੇ ਦੀ ਕੀਮਤ ਤੇ ਨਾ ਹੋਵੇ। ਰਾਜ ਵਿੱਚ ਖਰਚੇ ਦੀ ਵੰਡ ਦਾ ਵਿਸ਼ਲੇਸ਼ਣ ਅਗਲੇ ਪੈਰ੍ਹਿਆਂ ਵਿੱਚ ਦਿੱਤਾ ਗਿਆ ਹੈ।

**ਵਿਕਾਸ ਅਤੇ ਖਰਚੇ ਦੀ ਰਚਨਾ**

**ਰੈਵੀਨਿਊ ਖਰਚਾ:** ਰੱਖ-ਰਖਾਅ, ਮੁਰੰਮਤ, ਦੇਖ-ਰੇਖ ਅਤੇ ਕੰਮਕਾਜ ਦੇ ਅਜਿਹੇ ਖਰਚੇ, ਜਿਹੜੇ ਕਿ ਜਾਇਦਾਦਾਂ ਨੂੰ ਕਾਰਜਸ਼ੀਲ ਹਾਲਤ ਵਿੱਚ ਰੱਖਣ ਲਈ ਲੋੜੀਂਦੇ ਹਨ ਅਤੇ ਅਮਲਾ ਤੇ ਪ੍ਰਬੰਧਕੀ ਖਰਚਿਆਂ ਸਮੇਤ ਹੋਰ ਸਾਰੇ ਅਜਿਹੇ ਖਰਚਿਆਂ ਨੂੰ ਜਿਹੜੇ ਕਿ ਸੰਗਠਨ ਨੂੰ ਨਿੱਤ ਪ੍ਰਤੀ ਦਿਨ ਚਲਾਉਣ ਲਈ ਕੀਤੇ ਜਾਂਦੇ ਹਨ, ਰੈਵੀਨਿਊ ਖਰਚੇ ਵਜੋਂ ਵਰਗੀਕ੍ਰਿਤ ਕੀਤਾ ਜਾਵੇਗਾ।

**ਪੂੰਜੀਗਤ ਖਰਚਾ:** ਕਿਸੇ ਪ੍ਰੋਜੈਕਟ ਦੀ ਆਰੰਭਿਕ ਉਸਾਰੀ ਲਈ ਕੀਤੇ ਸਾਰੇ ਖਰਚਿਆਂ ਨੂੰ ਅਤੇ ਇਸ ਦੇ ਨਾਲ ਨਾਲ ਸੇਵਾ ਲਈ ਖੋਲ੍ਹਣ ਤੋਂ ਪਹਿਲਾਂ ਵਿਚਕਾਰਲੇ ਸਮੇ ਦੌਰਾਨ ਕੰਮ ਦੇ ਰੱਖ-ਰਖਾਅ ਲਈ ਕੀਤੇ ਜਾਂਦੇ ਖਰਚੇ ਅਤੇ ਸਮੱਰਥ ਅਥਾਰਟੀ ਦੁਆਰਾ ਨਿਯਮਾਂ ਅਧੀਨ ਮਨਜ਼ੂਰ ਕੀਤੇ ਹੋਰ ਵਾਧੇ ਅਤੇ ਸੁਧਾਰ ਦੇ ਖਰਚਿਆਂ ਨੂੰ, ਪੂੰਜੀਗਤ ਖਰਚੇ ਵਜੋਂ ਵਰਗੀਕ੍ਰਿਤ ਕੀਤਾ ਜਾਵੇਗਾ।

ਸਮੁੱਚੇ ਖਰਚੇ ਅਤੇ ਇਸ ਦੇ ਭਾਗਾਂ ਦਾ ਰੁਝਾਨ **ਸਾਰਣੀ** 2.17 ਅਤੇ **ਚਾਰਟ** 2.8 ਵਿੱਚ ਦਰਸਾਇਆ ਗਿਆ ਹੈ।

**ਸਾਰਣੀ 2.17: ਕੁੱਲ ਖਰਚਾ ਅਤੇ ਇਸ ਦੀ ਰਚਨਾ**

*(₹ ਕਰੋੜ ਵਿੱਚ)*

| ਮਾਪਦੰਡ | 2015-16 | 2016-17 | 2017-18 | 2018-19 | 2019-20 |
|---|---|---|---|---|---|
| ਕੁੱਲ ਖਰਚਾ (ਟੀ ਈ ) | 59,101 | 1,01,006 | 65,577 | 79,177 | 94,471 |
| ਰੈਵੀਨਿਊ ਖਰਚਾ (ਆਰ ਈ) | 50,073 | 55,296 | 62,465 | 75,404 | 75,860 |
| ਪੂੰਜੀਗਤ ਆਊਟਲੇਅ ( ਸੀ ਓ) | 3,059 | 4,346 | 2,352 | 2,412 | 17,828 |
| ਕਰਜ਼ੇ ਅਤੇ ਪੇਸ਼ਗੀਆਂ | 5,969 | 41,364 | 760 | 1,361 | 783 |
| **ਜੀ ਐਸ ਡੀ ਪੀ ਦੀ ਪ੍ਰਤੀਸ਼ਤਤਾ ਵਜੋਂ** | | | | | |
| ਟੀ ਈ /ਜੀ ਐਸ ਡੀ ਪੀ | 15.15 | 23.66 | 13.93 | 15.04 | 16.44 |
| ਆਰ ਈ/ਜੀ ਐਸ ਡੀ ਪੀ | 12.84 | 12.95 | 13.27 | 14.33 | 13.20 |
| ਸੀ ਓ /ਜੀ ਐਸ ਡੀ ਪੀ | 0.78 | 1.02 | 0.50 | 0.46 | 3.10 |
| ਕਰਜ਼ੇ ਅਤੇ ਪੇਸ਼ਗੀਆਂ/ਜੀ ਐਸ ਡੀ ਪੀ | 1.53 | 9.69 | 0.16 | 0.26 | 0.14 |

*ਸ੍ਰੋਤ: ਵਿੱਤ ਲੇਖੇ*

**ਚਾਰਟ 2.8: ਕੁੱਲ ਖਰਚਾ: ਇਸ ਦੇ ਭਾਗਾਂ ਦੇ ਹਿੱਸਿਆਂ ਵਿੱਚ ਰੁਝਾਨ**




*ਸ੍ਰੋਤ: ਵਿੱਤ ਲੇਖੇ*

**ਸਾਰਣੀ** 2.17 ਦਰਸਾਉਂਦੀ ਹੈ ਕਿ ਕੁੱਲ ਖਰਚਾ 2015-16 ਵਿੱਚ ₹ 59,101 ਕਰੋੜ ਤੋਂ ₹ 35,370 ਕਰੋੜ (59.85 *ਪ੍ਰਤੀਸ਼ਤ*) ਨਾਲ ਵਧਕੇ 2019-20 ਵਿੱਚ ₹ 94,471 ਕਰੋੜ ਹੋ ਗਿਆ, ਜਿਹੜਾ ਕਿ ਪੰਜ ਸਾਲਾਂ ਦੇ ਸਮੇ ਦੌਰਾਨ ਜੀ ਐਸ ਡੀ ਪੀ ਦਾ 13.93 *ਪ੍ਰਤੀਸ਼ਤ* ਤੋਂ 23.66 *ਪ੍ਰਤੀਸ਼ਤ* ਤੱਕ ਸੀ। **ਚਾਰਟ** 2.8 ਦਰਸਾਉਂਦਾ ਹੈ ਕਿ ਰੈਵੀਨਿਊ ਖਰਚਾ 2015-20 ਦੌਰਾਨ ਕੁੱਲ ਖਰਚੇ ਦਾ ਪ੍ਰਮੁੱਖ ਹਿੱਸਾ (80 ਤੋਂ 95 *ਪ੍ਰਤੀਸ਼ਤ)* ਬਣਿਆ ਰਿਹਾ ਸਿਵਾਏ ਸਾਲ 2016-17 ਦੇ, ਜਦੋਂ ਇਹ ਕੁੱਲ ਖਰਚੇ ਦਾ 55 *ਪ੍ਰਤੀਸ਼ਤ* ਸੀ। ਦੂਜੇ ਪਾਸੇ ਪੂੰਜੀਗਤ ਆਊਟਲੇਅ ਤਿੰਨ ਅਤੇ ਪੰਜ *ਪ੍ਰਤੀਸ਼ਤ* ਵਿਚਕਾਰ ਰਿਹਾ, ਸਿਵਾਏ ਸਾਲ 2019-20 ਤੋਂ ਜਦੋਂ ਇਹ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਿਟਡ (ਪੀ ਐਸ ਪੀ ਸੀ ਐਲ) ਵਿੱਚ ਯੂ ਡੀ ਏ ਵਾਈ ਦੇ ₹ 15,628 ਕਰੋੜ ਦੇ ਕਰਜ਼ਿਆਂ ਨੂੰ ਇਕਿਊਟੀ ਵਿੱਚ ਤਬਦੀਲ ਕਰਨ ਕਰਕੇ 19 *ਪ੍ਰਤੀਸ਼ਤ* ਸੀ, ਜਿਵੇਂ ਕਿ ਪੈਰ੍ਹਾ 2.4.2.2 (v) ਵਿੱਚ ਚਰਚਾ ਕੀਤੀ ਗਈ ਹੈ। ਰਾਜ ਸਰਕਾਰ ਨੇ ਰੈਵੀਨਿਊ ਖਰਚੇ ਦੇ ਉਚੇਰੇ ਅਨੁਪਾਤ ਦਾ ਕਾਰਣ ਰਾਜ ਦੀਆਂ ਰੈਵੀਨਿਊ ਪ੍ਰਾਪਤੀਆਂ ਦੀ ਤੁਲਨਾ ਵਿੱਚ ਵੱਧ ਵਚਨਬੱਧ ਦੇਣਦਾਰੀਆਂ ਭਾਵ ਕਿ ਤਨਖਾਹਾਂ,ਉਜਰਤਾਂ, ਪੈਨਸ਼ਨ, ਵਿਆਜ ਆਦਿ ਨੂੰ ਦੱਸਿਆ (ਜੂਨ 2021)। ਐਗਜ਼ਿਟ ਕਾਨਫਰੰਸ ਦੌਰਾਨ ਪਮੁੱਖ ਸਕੱਤਰ (ਵਿੱਤ) ਨੇ ਪੂੰਜੀਗਤ ਆਊਟਲੇਅ ਤੇ ਮਾਮੂਲੀ ਖਰਚੇ ਤੇ ਚਿੰਤਾ ਪ੍ਰਗਟ ਕਰਦੇ ਹੋਏ ਕਿਹਾ (ਮਈ 2021) ਕਿ ਸਾਲ 2021-22 ਲਈ ਕੈਪੈਕਸ ਲਈ ₹ 14,400 ਕਰੋੜ ਦਾ ਬਜਟ ਉਪਬੰਧ ਕਰ ਲਿਆ ਗਿਆ ਸੀ।

2015-20 ਦੌਰਾਨ ਖਰਚੇ ਦੇ ਵੱਖ ਵੱਖ ਸੈਕਟਰਾਂ ਦੇ ਤੁਲਨਾਤਮਕ ਹਿੱਸੇ ਨੂੰ **ਸਾਰਣੀ** 2.18 ਅਤੇ **ਚਾਰਟ** 2.9 ਵਿੱਚ ਦਰਸਾਇਆ ਗਿਆ ਹੈ।

## ਸਾਰਣੀ 2.18: ਖਰਚੇ ਦੇ ਵੱਖ ਵੱਖ ਸੈਕਟਰਾਂ ਦਾ ਤੁਲਨਾਤਮਕ ਹਿੱਸਾ

*(₹ ਕਰੋੜ ਵਿੱਚ)*

| ਮਾਪਦੰਡ | 2015-16 | 2016-17 | 2017-18 | 2018-19 | 2019-20 |
|---|---|---|---|---|---|
| ਆਮ ਸੇਵਾਵਾਂ | 24,966 | 28,737 | 34,680 | 37,100 | 38,769 |
| ਸਮਾਜਿਕ ਸੇਵਾਵਾਂ | 15,726 | 16,759 | 16,386 | 19,367 | 20,449 |
| ਆਰਥਿਕ ਸੇਵਾਵਾਂ | 11,734 | 13,228 | 12,450 | 19,084 | 31,260 |
| ਹੋਰ (ਸਥਾਨਕ ਸੰਸਥਾਵਾਂ ਨੂੰ ਗ੍ਰਾਂਟਾਂ ਅਤੇ ਕਰਜ਼ੇ ਅਤੇ ਪੇਸ਼ਗੀਆਂ) | 6,675 | 42,282 | 2,061 | 3,626 | 3,993 |

*ਸ੍ਰੋਤ: ਵਿੱਤ ਲੇਖੇ*

### ਚਾਰਟ 2.9: ਕੁੱਲ ਖਰਚਾ– ਗਤੀਵਿਧੀਆਂ ਅਨੁਸਾਰ ਖਰਚਾ




*ਸ੍ਰੋਤ: ਵਿੱਤ ਲੇਖੇ*

ਚਾਰਟ 2.9 ਦਰਸਾਉਂਦਾ ਹੈ ਕਿ ਸਾਲ 2015-20 ਦੌਰਾਨ ਕੁੱਲ ਖਰਚੇ ਵਿੱਚ ਵੱਖ-ਵੱਖ ਭਾਗਾਂ ਦੀ ਤੁਲਨਾਤਮਕ ਹਿੱਸੇਦਾਰੀ ਘਟਦੀ-ਵਧਦੀ ਰਹੀ। ਕੁੱਲ ਖਰਚੇ ਵਿੱਚ ਆਮ ਸੇਵਾਵਾਂ ਅਤੇ ਸਮਾਜਿਕ ਸੇਵਾਵਾਂ ਦੀ ਹਿੱਸੇਦਾਰੀ 2015-16 ਵਿੱਚ 42.24 *ਪ੍ਰਤੀਸ਼ਤ* ਅਤੇ 26.61 *ਪ੍ਰਤੀਸ਼ਤ* ਤੋਂ ਘਟ ਕੇ 2019-20 ਵਿੱਚ ਕ੍ਰਮਵਾਰ 41.04 *ਪ੍ਰਤੀਸ਼ਤ* ਅਤੇ 21.64 *ਪ੍ਰਤੀਸ਼ਤ* ਰਹਿ ਗਈ ਜਦੋਂਕਿ ਇਸੇ ਸਮੇ ਦੌਰਾਨ ਆਰਥਿਕ ਸੇਵਾਵਾਂ ਦੀ ਹਿੱਸੇਦਾਰੀ 19.86 *ਪ੍ਰਤੀਸ਼ਤ* ਤੋਂ ਵਧ ਕੇ 33.09 *ਪ੍ਰਤੀਸ਼ਤ* ਹੋ ਗਈ। ਚਾਰਟ 2.10 ਕਾਰਜ ਅਨੁਸਾਰ ਖਰਚੇ ਦੀ ਰਚਨਾ ਨੂੰ ਦਰਸਾਉਂਦਾ ਹੈ।

**ਚਾਰਟ 2.10: 2019-20 ਦੌਰਾਨ ਕਾਰਜ ਅਨੁਸਾਰ ਖਰਚੇ ਦੀ ਰਚਨਾ**




*ਸ੍ਰੋਤ: ਵਿੱਤ ਲੇਖੇ*

## 2.4.1 ਰੈਵੀਨਿਊ ਖਰਚਾ

ਰੈਵੀਨਿਊ ਖਰਚਾ ਸੇਵਾਵਾਂ ਦੇ ਮੌਜੂਦਾ ਪੱਧਰ ਨੂੰ ਬਰਕਰਾਰ ਰੱਖਣ ਲਈ ਅਤੇ ਪਹਿਲੀਆਂ ਦੇਣਦਾਰੀਆਂ ਦੇ ਭੁਗਤਾਨ ਕਰਨ ਲਈ ਕੀਤਾ ਜਾਂਦਾ ਹੈ। ਇਸ ਤਰ੍ਹਾਂ, ਇਹ ਰਾਜ ਦੇ ਬੁਨਿਆਦੀ ਢਾਂਚੇ ਅਤੇ ਸੇਵਾਵਾਂ ਦੇ ਨੈਟਵਰਕ ਵਿੱਚ ਕੋਈ ਵਾਧਾ ਨਹੀਂ ਕਰਦਾ। ਰੈਵੀਨਿਊ ਖਰਚੇ ਵਿੱਚ ਵਾਧਾ, ਇਸ ਦੀ ਕੁੱਲ ਖਰਚੇ ਨੂੰ ਰੇਸ਼ੋ ਅਤੇ ਜੀ ਐਸ ਡੀ ਪੀ ਦੀ ਤੁਲਨਾ ਵਿੱਚ ਬਾਇਅੰਸੀ ਅਤੇ ਰੈਵੀਨਿਊ ਪ੍ਰਾਪਤੀਆਂ ਨੂੰ **ਸਾਰਣੀ** 2.19 ਵਿੱਚ ਅਤੇ ਰੈਵੀਨਿਊ ਖਰਚੇ ਦੀ ਸੈਕਟਰ ਵਾਰ ਵੰਡ ਨੂੰ **ਚਾਰਟ** 2.11 ਵਿੱਚ ਦਰਸਾਇਆ ਗਿਆ ਹੈ।

**ਸਾਰਣੀ 2.19: ਰੈਵੀਨਿਊ ਖਰਚਾ–ਮੁਢਲੇ ਮਾਪਦੰਡ**

*(₹ ਕਰੋੜ ਵਿੱਚ)*

| ਮਾਪਦੰਡ | 2015-16 | 2016-17 | 2017-18 | 2018-19 | 2019-20 |
|---|---|---|---|---|---|
| ਕੁੱਲ ਖਰਚਾ (ਟੀ ਈ) | 59,101 | 1,01,006 | 65,577 | 79,177 | 94,471 |
| ਰੈਵੀਨਿਊ ਖਰਚਾ (ਆਰ ਈ) | 50,073 | 55,296 | 62,465 | 75,404 | 75,860 |
| ਆਰ ਈ ਦੇ ਵਾਧੇ ਦੀ ਦਰ (*ਪ੍ਰਤੀਸ਼ਤ*) | 7.42 | 10.43 | 12.96 | 20.71 | 0.60 |
| ਟੀ ਈ ਦੀ ਪ੍ਰਤੀਸ਼ਤਤਾ ਵਜੋਂ ਰੈਵੀਨਿਊ ਖਰਚਾ | 84.72 | 54.75 | 95.25 | 95.23 | 80.30 |
| ਆਰ ਈ/ਜੀ ਐਸ ਡੀ ਪੀ (*ਪ੍ਰਤੀਸ਼ਤ*) | 12.84 | 12.95 | 13.27 | 14.33 | 13.20 |
| ਰੈਵੀਨਿਊ ਪ੍ਰਾਪਤੀਆਂ | 41,523 | 47,985 | 53,010 | 62,269 | 61,575 |
| ਆਰ ਆਰ ਦੀ ਪ੍ਰਤੀਸ਼ਤਤਾ ਵਜੋਂ ਆਰ ਈ | 120.59 | 115.24 | 117.84 | 121.09 | 123.20 |
| ਰੈਵੀਨਿਊ ਖਰਚੇ ਦੀ ਹੇਠ ਲਿਖਿਆਂ ਨਾਲ ਬਾਇਅੰਸੀ | | | | | |
| ਜੀ ਐਸ ਡੀ ਪੀ (ਰੇਸ਼ੋ) | 0.75 | 1.10 | 1.26 | 1.76 | 0.07 |
| ਰੈਵੀਨਿਊ ਪ੍ਰਾਪਤੀਆਂ (ਰੇਸ਼ੋ) | 1.16 | 0.67 | 1.24 | 1.19 | (-)0.54 |

*ਸ੍ਰੋਤ: ਵਿੱਤ ਲੇਖੇ*

ਰੈਵੀਨਿਊ ਖਰਚਾ 2015-16 ਵਿੱਚ ₹ 50,073 ਕਰੋੜ ਤੋਂ ₹ 25,787 ਕਰੋੜ (51.50 *ਪ੍ਰਤੀਸ਼ਤ*) ਨਾਲ ਵਧ ਕੇ 2019-20 ਵਿੱਚ ₹ 75,860 ਕਰੋੜ ਹੋ ਗਿਆ। ਇਹ 10.42 *ਪ੍ਰਤੀਸ਼ਤ* ਦੀ ਸਾਲਾਨਾ ਔਸਤ ਵਾਧਾ ਦਰ ਨਾਲ ਵਧਿਆ, ਜਦੋਂਕਿ ਜੀ ਐਸ ਡੀ ਪੀ ਦੀ ਪ੍ਰਤੀਸ਼ਤਤਾ ਵਜੋਂ 2015-20 ਦੇ ਸਮੇਂ ਦੌਰਾਨ ਇਹ 12.84 *ਪ੍ਰਤੀਸ਼ਤ* ਅਤੇ 14.33 *ਪ੍ਰਤੀਸ਼ਤ* ਦੀ ਰੇਂਜ ਵਿਚਕਾਰ ਰਿਹਾ।

**ਚਾਰਟ 2.11: ਰੈਵੀਨਿਊ ਖਰਚੇ ਦੀ ਸੈਕਟਰ ਵਾਰ ਵੰਡ**




*ਸ੍ਰੋਤ: ਵਿੱਤ ਲੇਖੇ*

### *2.4.1.1 ਰੈਵੀਨਿਊ ਖਰਚੇ ਵਿੱਚ ਮੁੱਖ ਬਦਲਾਅ*

ਰੈਵੀਨਿਊ ਖਰਚਾ 2018-19 ਵਿੱਚ ₹ 75,404 ਕਰੋੜ ਤੋਂ ਮਾਮੂਲੀ ਜਿਹਾ ₹ 456 ਕਰੋੜ (₹ 0.60 *ਪ੍ਰਤੀਸ਼ਤ*) ਨਾਲ ਵਧ ਕੇ 2019-20 ਵਿੱਚ ₹ 75,860 ਕਰੋੜ ਹੋ ਗਿਆ। ਪਿਛਲੇ ਸਾਲ ਦੀ ਤੁਲਨਾ ਵਿੱਚ ਰਾਜ ਦੇ ਰੈਵੀਨਿਊ ਖਰਚੇ ਦੇ ਸਬੰਧ ਵਿੱਚ ਚਾਲੂ ਸਾਲ ਦੌਰਾਨ ਲੇਖੇ ਦੀਆਂ ਵੱਖ ਵੱਖ ਮੱਦਾਂ ਅਧੀਨ ਹੋਏ ਮੱਹਤਵਪੂਰਣ ਬਦਲਾਅ **ਸਾਰਣੀ** 2.20 ਵਿੱਚ ਦਰਸਾਏ ਗਏ ਹਨ।

**ਸਾਰਣੀ 2.20:** 2018-19 ਦੀ ਤੁਲਨਾ ਵਿੱਚ 2019-20 ਦੌਰਾਨ ਰੈਵੀਨਿਊ ਖਰਚੇ ਵਿੱਚ ਬਦਲਾਅ

*(₹ ਕਰੋੜ ਵਿੱਚ)*

| ਲੇਖੇ ਦੀਆਂ ਮੁੱਖ ਮੱਦਾਂ | 2018-19 | 2019-20 | ਵਾਧਾ (+)/ਗਿਰਾਵਟ (-) |
|---|---|---|---|
| 2049- ਵਿਆਜ ਪ੍ਰਾਪਤੀਆਂ | 16,305.89 | 17,567.17 | (+)1,261.28 |
| 2852- ਉਦਯੋਗ | 623.67 | 1,757.49 | (+)1,133.82 |
| 3604-ਸਥਾਨਕ ਸੰਸਥਾਵਾਂ ਅਤੇ ਪੰਚਾਇਤੀ ਰਾਜ ਸੰਸਥਾਵਾਂ ਨੂੰ ਮੁਆਵਜ਼ਾ ਅਤੇ ਸਪੁਰਦਗੀਆਂ | 2,264.66 | 3,210.31 | (+)945.65 |
| 2202- ਆਮ ਸਿੱਖਿਆ | 9,759.34 | 10,465.34 | (+)706.00 |
| 2235-ਸਮਾਜਿਕ ਸੁਰੱਖਿਆ ਅਤੇ ਭਲਾਈ | 2,638.40 | 3,035.66 | (+)397.26 |
| 2401- ਫਸਲ ਪਾਲਣ | 11,091.51 | 7,103.86 | (-)3,987.65 |

*ਸ੍ਰੋਤ: ਵਿੱਤ ਲੇਖੇ*

**ਸਾਰਣੀ** 2.20 'ਵਿਆਜ ਅਦਾਇਗੀਆਂ' ਅਧੀਨ ₹ 1,261 ਕਰੋੜ ਦਾ ਵਾਧਾ ਦਰਸਾਉਂਦੀ ਹੈ ਜਿਹੜਾ ਕਿ ਮੁੱਖ ਤੌਰ ਤੇ ਹੋਰ ਅੰਦਰੂਨੀ ਕਰਜ਼ੇ ਤੇ ਵਿਆਜ ਦੀ ਅਦਾਇਗੀ ਵਿੱਚ ₹ 1,184 ਕਰੋੜ ਦੇ ਵਾਧੇ ਕਾਰਣ ਸੀ। 'ਉਦਯੋਗਾਂ' ਅਧੀਨ ₹ 1,134 ਕਰੋੜ ਦਾ ਵਾਧਾ ਮੁੱਖ ਤੌਰ ਤੇ ਹੋਰ ਖਰਚੇ - ਵੱਖ-ਵੱਖ ਉਦਯੋਗਿਕ ਨੀਤੀਆਂ ਅਧੀਨ ਪ੍ਰੋਤਸਾਹਨ' ਅਧੀਨ ₹ 995 ਕਰੋੜ ਦੇ ਵਾਧੇ ਕਰਕੇ ਸੀ। 'ਸਥਾਨਕ ਸੰਸਥਾਵਾਂ ਅਤੇ ਪੰਚਾਇਤੀ ਰਾਜ ਸੰਸਥਾਵਾਂ ਨੂੰ ਮੁਆਵਜ਼ਾ ਅਤੇ ਸਪੁਰਦਗੀਆਂ' ਅਧੀਨ ₹ 946 ਕਰੋੜ ਦਾ ਵਾਧਾ ਮੁੱਖ ਤੌਰ ਤੇ ਨਗਰ ਪਾਲਿਕਾਵਾਂ/ਨਗਰ ਕੌਂਸਲਾਂ ਵਿੱਚ ₹ 488 ਕਰੋੜ ਅਤੇ ਗ੍ਰਾਮ ਪੰਚਾਇਤਾਂ ਵਿੱਚ ₹ 354 ਕਰੋੜ ਦੇ ਵਾਧੇ ਕਾਰਣ ਸੀ। 'ਆਮ ਸਿੱਖਿਆ' ਅਧੀਨ ₹ 706 ਕਰੋੜ ਦਾ ਵਾਧਾ ਮੁੱਖ ਤੌਰ ਤੇ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ₹ 419 ਕਰੋੜ ਅਤੇ ਸਰਕਾਰੀ ਸੈਕੰਡਰੀ ਸਕੂਲਾਂ ਵਿੱਚ ₹ 335 ਕਰੋੜ ਦੇ ਵਾਧੇ ਕਾਰਣ ਸੀ। 'ਫਸਲ ਪਾਲਣ' ਅਧੀਨ ₹ 3,988 ਕਰੋੜ ਦੀ ਗਿਰਾਵਟ ਮੁੱਖ ਤੌਰ ਤੇ ਕਿਸਾਨਾਂ ਨੂੰ ਕਰਜ਼ਾ ਰਾਹਤ ਵਿੱਚ ₹ 3,683 ਕਰੋੜ ਦੀ ਗਿਰਾਵਟ ਕਰਕੇ ਸੀ।

### *2.4.1.2 ਵਚਨਬੱਧ ਖਰਚਾ*

ਰੈਵੀਨਿਊ ਲੇਖੇ ਵਿੱਚ ਰਾਜ ਸਰਕਾਰ ਦੇ ਵਚਨਬੱਧ ਖਰਚੇ ਵਿੱਚ ਵਿਆਜ ਅਦਾਇਗੀਆਂ; ਤਨਖਾਹਾਂ ਤੇ ਉਜਰਤਾਂ 'ਤੇ ਖਰਚਾ; ਅਤੇ ਪੈਨਸ਼ਨਾਂ ਸ਼ਾਮਲ ਹਨ। ਇਸ ਨੂੰ ਸਰਕਾਰੀ ਸਾਧਨਾਂ ਵਿੱਚੋਂ ਸਭ ਤੋਂ ਪਹਿਲਾਂ ਚਾਰਜ ਕੀਤਾ ਜਾਂਦਾ ਹੈ। ਵਚਨਬੱਧ ਖਰਚੇ ਦੇ ਵਧਣ ਦੇ ਰੁਝਾਨ ਨਾਲ ਸਰਕਾਰ ਕੋਲ ਵਿਕਾਸ ਖੇਤਰ ਲਈ ਘੱਟ ਲਚਕਤਾ ਰਹਿ ਜਾਂਦੀ ਹੈ। ਵਚਨਬੱਧ ਖਰਚੇ ਅਤੇ ਇਸਦੇ ਭਾਗਾਂ ਦੇ ਰੁਝਾਨ ਦਾ ਵਿਸ਼ਲੇਸ਼ਣ **ਸਾਰਣੀ** 2.21 ਵਿੱਚ ਦਰਸਾਇਆ ਹੈ ਅਤੇ ਰੈਵੀਨਿਊ ਖਰਚੇ ਵਿੱਚ ਵਚਨਬੱਧ ਖਰਚੇ ਦਾ ਹਿੱਸਾ **ਚਾਰਟ** 2.12 ਵਿੱਚ ਦਰਸਾਇਆ ਗਿਆ ਹੈ।

**ਸਾਰਣੀ 2.21: ਵਚਨਬੱਧ ਖਰਚੇ ਦੇ ਭਾਗ**

*(₹ ਕਰੋੜ ਵਿੱਚ)*

| ਵਚਨਬੱਧ ਖਰਚੇ ਦੇ ਭਾਗ | 2015-16 | 2016-17 | 2017-18 | 2018-19 | 2019-20 |
|---|---|---|---|---|---|
| ਤਨਖਾਹਾਂ ਅਤੇ ਉਜਰਤਾਂ[5] | 20,585 | 21,756 | 23,255 | 24,376 | 24,729 |
| ਪੈਨਸ਼ਨਾਂ 'ਤੇ ਖਰਚਾ | 7,833 | 8,773 | 10,208 | 10,089 | 10,294 |
| ਵਿਆਜ ਅਦਾਇਗੀਆਂ | 9,782 | 11,642 | 15,334 | 16,306 | 17,567 |
| **ਜੋੜ** | **38,200** | **42,171** | **48,797** | **50,771** | **52,590** |
| ਰੈਵੀਨਿਊ ਪ੍ਰਾਪਤੀਆਂ (ਆਰ ਆਰ) ਦੀ ਪ੍ਰਤੀਸ਼ਤਤਾ ਵਜੋਂ | | | | | |
| ਤਨਖਾਹਾਂ ਅਤੇ ਉਜਰਤਾਂ | 49.57 | 45.34 | 43.87 | 39.15 | 40.16 |
| ਪੈਨਸ਼ਨਾਂ 'ਤੇ ਖਰਚਾ | 18.86 | 18.28 | 19.26 | 16.20 | 16.72 |
| ਵਿਆਜ ਅਦਾਇਗੀਆਂ | 23.56 | 24.26 | 28.93 | 26.19 | 28.53 |
| **ਜੋੜ** | **92.00** | **87.88** | **92.06** | **81.54** | **85.41** |

[5] ਇਸ ਵਿੱਚ ਸਹਾਇਤਾ ਗ੍ਰਾਂਟਾਂ (ਤਨਖਾਹ) 2015-16 (₹ 3,113 ਕਰੋੜ); 2016-17 (₹ 3,250 ਕਰੋੜ); 2017-18 (₹ 3,225 ਕਰੋੜ); 2018-19 (₹ 3,491 ਕਰੋੜ); ਅਤੇ 2019-20 (₹ 3,248 ਕਰੋੜ) ਸ਼ਾਮਲ ਹਨ।

| ਵਚਨਬੱਧ ਖਰਚੇ ਦੇ ਭਾਗ | 2015-16 | 2016-17 | 2017-18 | 2018-19 | 2019-20 |
|---|---|---|---|---|---|
| ਰੈਵੀਨਿਊ ਖਰਚੇ (ਆਰ ਈ) ਦੀ ਪ੍ਰਤੀਸ਼ਤਤਾ ਵਜੋਂ | | | | | |
| ਤਨਖਾਹਾਂ ਅਤੇ ਉਜਰਤਾਂ | 41.11 | 39.34 | 37.23 | 32.33 | 32.60 |
| ਪੈਨਸ਼ਨਾਂ 'ਤੇ ਖਰਚਾ | 15.64 | 15.87 | 16.34 | 13.38 | 13.57 |
| ਵਿਆਜ ਅਦਾਇਗੀਆਂ | 19.54 | 21.05 | 24.55 | 21.62 | 23.16 |
| **ਜੋੜ** | **76.29** | **76.26** | **78.12** | **67.33** | **69.33** |
| ਗੈਰ-ਵਚਨਬੱਧ ਆਰ ਈ | 11,873 | 13,125 | 13,668 | 24,633 | 23,270 |
| ਆਰ ਈ ਦੀ ਪ੍ਰਤੀਸ਼ਤਤਾ | 23.71 | 23.74 | 21.88 | 32.67 | 30.67 |
| ਟੀ ਈ ਦੀ ਪ੍ਰਤੀਸ਼ਤਤਾ | 20.09 | 12.99 | 20.84 | 31.11 | 24.63 |
| ਸਬਸਿਡੀਆਂ | 5,080 | 5,823 | 6,982 | 13,361 | 10,161 |
| ਗੈਰ-ਵਚਨਬੱਧ ਖਰਚੇ ਦੀ ਪ੍ਰਤੀਸ਼ਤਤਾ ਵਜੋਂ ਸਬਸਿਡੀਆਂ | 42.79 | 44.37 | 51.08 | 54.24 | 43.67 |

*ਸ੍ਰੋਤ:ਵਿੱਤ ਲੇਖੇ*

**ਸਾਰਣੀ** 2.21 ਦਰਸਾਉਂਦੀ ਹੈ ਕਿ ਗੈਰ ਵਚਨਬੱਧ ਖਰਚੇ ਦੀ ਰੈਵੀਨਿਊ ਖਰਚੇ ਨੂੰ ਪ੍ਰਤੀਸ਼ਤਤਾ 2015-16 ਵਿੱਚ 23.71 *ਪ੍ਰਤੀਸ਼ਤ* ਤੋਂ ਵੱਧ ਕੇ 2019-20 ਵਿੱਚ 30.67 *ਪ੍ਰਤੀਸ਼ਤ* ਹੋ ਗਈ, ਜਿਸ ਵਿੱਚ ਸਬਸਿਡੀਆਂ ਦਾ 43 *ਪ੍ਰਤੀਸ਼ਤ* ਤੋਂ 54 *ਪ੍ਰਤੀਸ਼ਤ* ਵਿਚਕਾਰ ਮੁੱਖ ਹਿੱਸਾ ਸੀ। ਰਾਜ ਸਰਕਾਰ ਨੇ ਗੈਰ ਵਚਨਬੱਧ ਖਰਚੇ ਦੇ ਵੱਧ ਹੋਣ ਦਾ ਕਾਰਣ ਮੁੱਖ ਤੌਰ ਤੇ ਪਾਵਰ ਸਬਸਿਡੀ ਵਿੱਚ ਵਾਧਾ ਅਤੇ ਕਿਸਾਨਾਂ ਦੀ ਭਲਾਈ ਲਈ ਰਾਜ ਸਰਕਾਰ ਦੁਆਰਾ ਲਾਗੂ ਕੀਤੀ ਗਈ ਕਰਜ਼ਾ ਮੁਆਫੀ ਯੋਜਨਾ ਨੂੰ ਦੱਸਿਆ (ਜੂਨ 2021)।

**ਚਾਰਟ 2.12: ਰੈਵੀਨਿਊ ਖਰਚੇ ਵਿੱਚ ਵਚਨਬੱਧ ਖਰਚੇ ਦਾ ਹਿੱਸਾ**




*ਸ੍ਰੋਤ: ਵਿੱਤ ਲੇਖੇ*

### *(i) ਰਾਸ਼ਟਰੀ ਪੈਨਸ਼ਨ ਸਿਸਟਮ ਵਿੱਚ ਭੁਗਤਾਨ ਨਹੀਂ ਕੀਤੀਆਂ ਗਈਆਂ ਦੇਣਦਾਰੀਆਂ*

ਰਾਜ ਸਰਕਾਰ ਨੇ ਡਿਫਾਇੰਡ ਕੰਟਰੀਬਿਊਸ਼ਨ ਪੈਨਸ਼ਨ ਸਕੀਮ (ਡੀ ਸੀ ਪੀ ਐਸ), ਦੇ ਨਾਂ ਹੇਠ 'ਨੈਸ਼ਨਲ ਪੈਨਸ਼ਨ ਸਿਸਟਮ' (ਐਨ ਪੀ ਐਸ) ਦੀ ਸ਼ੁਰੂਆਤ ਕੀਤੀ (ਦਸੰਬਰ 2006) ਜੋ ਕਿ ਪੰਜਾਬ ਸਰਕਾਰ ਦੀ ਸੇਵਾ[6] ਵਿੱਚ 1 ਜਨਵਰੀ 2004 ਜਾਂ ਬਾਅਦ ਵਿੱਚ ਪ੍ਰਵੇਸ਼ ਕਰਨ ਵਾਲੇ ਸਾਰੇ ਕਰਮਚਾਰੀਆਂ ਤੇ ਲਾਗੂ ਸੀ। ਇਸ ਸਿਸਟਮ

6 ਪੰਜਾਬ ਸਿਵਲ ਸੇਵਾ ਨਿਯਮਾਵਲੀ ਦੇ ਜਿਲਦ-1 ਭਾਗ-1 ਦੇ ਨਿਯਮ 1.2 ਵਿੱਚ ਲਿਖਤ ਸ਼੍ਰੇਣੀਆਂ ਲਈ।

ਅਧੀਨ, ਕਰਮਚਾਰੀ ਮੁਢਲੀ ਤਨਖਾਹ ਅਤੇ ਮਹਿੰਗਾਈ ਭੱਤੇ ਦਾ 10 *ਪ੍ਰਤੀਸ਼ਤ* ਦਾ ਯੋਗਦਾਨ ਪਾਉਂਦੇ ਹਨ, ਅਤੇ ਉਸ ਦੇ ਬਰਾਬਰ ਦਾ ਯੋਗਦਾਨ ਰਾਜ ਸਰਕਾਰ ਪਾਉਂਦੀ ਹੈ (1 ਅਪ੍ਰੈਲ 2019 ਤੋਂ ਰਾਜ ਸਰਕਾਰ ਦਾ ਹਿੱਸਾ ਵਧਾ ਕੇ 14 *ਪ੍ਰਤੀਸ਼ਤ* ਕਰ ਦਿੱਤਾ ਗਿਆ ਹੈ)। ਕਰਮਚਾਰੀਆਂ ਦੇ ਯੋਗਦਾਨ ਦਾ ਲੋਕ ਲੇਖੇ ਅਧੀਨ ਮੁੱਖ ਮੱਦ 8342-ਹੋਰ ਡਿਪਾਜ਼ਿਟਸ, 117-ਡਿਫਾਇੰਡ ਕੰਟਰੀਬਿਊਸ਼ਨ ਪੈਨਸ਼ਨ ਸਕੀਮ ਵਿੱਚ ਇੰਦਰਾਜ ਕੀਤਾ ਜਾਂਦਾ ਹੈ ਅਤੇ ਰੁਜ਼ਗਾਰਕਰਤਾ ਦਾ ਯੋਗਦਾਨ ਮੁੱਖ ਮੱਦ 2071-ਪੈਨਸ਼ਨ ਅਤੇ ਹੋਰ ਰਿਟਾਇਰਮੈਂਟ ਲਾਭ,01-ਸਿਵਲ, 117-ਡਿਫਾਇੰਡ ਕੰਟਰੀਬਿਊਸ਼ਨ ਪੈਨਸ਼ਨ ਸਕੀਮ ਨੂੰ ਡੈਬਿਟ ਕਰਕੇ ਮਨੋਨੀਤ ਅਥਾਰਟੀ ਭਾਵ ਕਿ ਨੈਸ਼ਨਲ ਸਕਿਓਰਟੀਜ਼ ਡਿਪੋਜ਼ਿਟਰੀ ਲਿਮਿਟਡ (ਐਨ ਐਸ ਡੀ ਐਲ) ਨੂੰ ਟਰਾਂਸਫਰ ਕਰ ਦਿੱਤਾ ਜਾਂਦਾ ਹੈ। ਐਨ ਪੀ ਐਸ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਰੁਜ਼ਗਾਰਕਰਤਾ ਅਤੇ ਕਰਮਚਾਰੀਆਂ ਦੋਵਾਂ ਦੇ ਯੋਗਦਾਨ ਨੂੰ ਐਨ ਐਸ ਡੀ ਐਲ ਕੋਲ ਅੱਗੇ ਨਿਵੇਸ਼ ਕਰਨ ਲਈ ਜਮ੍ਹਾਂ ਕਰਵਾਉਣ ਦੀ ਜ਼ਿੰਮੇਵਾਰੀ ਰਾਜ ਸਰਕਾਰ ਦੀ ਹੈ।

ਭਾਵੇਂ ਰਾਜ ਸਰਕਾਰ ਨੇ ਡੀ ਸੀ ਪੀ ਐਸ ਨੂੰ ਜਨਵਰੀ 2004 ਤੋਂ ਲਾਗੂ ਕਰ ਦਿੱਤਾ ਸੀ, ਪ੍ਰੰਤੂ ਉਨ੍ਹਾਂ ਨੇ ਕਰਮਚਾਰੀਆਂ ਤੋਂ ਯੋਗਦਾਨ ਦੀ ਕਟੌਤੀ ਮੁੱਖ ਤੌਰ ਤੇ ਅਪ੍ਰੈਲ 2008[7] ਤੋਂ ਸ਼ੁਰੂ ਕੀਤੀ। ਕਰਮਚਾਰੀਆਂ ਦੇ ਹਿੱਸੇ ਦੇ ਜਨਵਰੀ 2004 ਤੋਂ ਮਾਰਚ 2008 ਦੇ ਸਮੇਂ ਦੇ ਬਕਾਏ ਦੀ ਵੀ ਅਪ੍ਰੈਲ 2008 ਤੋਂ ਮਾਰਚ 2011 ਦੌਰਾਨ 36 ਕਿਸ਼ਤਾਂ ਵਿੱਚ ਕਟੌਤੀ ਕੀਤੀ ਗਈ ਸੀ। ਭਾਵੇਂ ਰਾਜ ਸਰਕਾਰ ਨੇ 2008-09 ਤੋਂ ਯੋਗਦਾਨ ਪ੍ਰਾਪਤ ਕਰਨਾ ਸ਼ੁਰੂ ਕਰ ਦਿੱਤਾ ਸੀ ਪ੍ਰੰਤੂ ਉਸ ਦੁਆਰਾ ਇਹ ਅੱਗੇ ਪੈਨਸ਼ਨ ਫੰਡ ਵਿੱਚ ਟਰਾਂਸਫਰ ਕਰਨਾ 2010-11 ਤੋਂ ਬਾਅਦ ਸ਼ੁਰੂ ਕੀਤਾ ਗਿਆ ਸੀ।

ਸਕੀਮ ਦੇ ਉਪਬੰਧਾਂ ਅਨੁਸਾਰ, 2019-20 ਦੌਰਾਨ ਕਰਮਚਾਰੀਆਂ ਦੇ ਯੋਗਦਾਨ ਦੇ ₹ 746.67 ਕਰੋੜ ਦਾ ਲੋਕ ਲੇਖੇ ਵਿੱਚ ਮੁੱਖ ਮੱਦ '8342-ਹੋਰ ਡਿਪਾਜ਼ਿਟਸ, 117-ਸਰਕਾਰੀ ਕਰਮਚਾਰੀਆਂ ਲਈ ਡਿਫਾਇੰਡ ਕੰਟਰੀਬਿਊਸ਼ਨ ਪੈਨਸ਼ਨ ਸਕੀਮ' ਅਧੀਨ ਨਿਰਧਾਰਤ ਕਾਰਜਵਿਧੀ ਅਨੁਸਾਰ ਇੰਦਰਾਜ ਕਰ ਦਿੱਤਾ ਗਿਆ ਸੀ। ਨਵੀਂ ਪੈਨਸ਼ਨ ਸਕੀਮ ਲਈ ਸਰਕਾਰ ਦੇ ਯੋਗਦਾਨ ਦੇ ₹ 707.69 ਕਰੋੜ ਮੁੱਖ ਮੱਦ '2071-ਪੈਨਸ਼ਨ ਅਤੇ ਹੋਰ ਰਿਟਾਰਮੈਂਟ ਲਾਭ 01-ਸਿਵਲ 117-ਡਿਫਾਇੰਡ ਕੰਟਰੀਬਿਊਸ਼ਨ ਪੈਨਸ਼ਨ ਸਕੀਮ' ਨੂੰ ਡੈਬਿਟ ਕਰਕੇ ਐਨ ਐਸ ਡੀ ਐਲ ਨੂੰ ਟਰਾਂਸਫਰ ਕਰ ਦਿੱਤੇ ਗਏ ਸਨ। ਕਰਮਚਾਰੀਆਂ ਦੇ ਯੋਗਦਾਨ ਦੇ ₹ 746.67 ਕਰੋੜ ਦੇ ਅਧਾਰ ਤੇ, 14 *ਪ੍ਰਤੀਸ਼ਤ* ਦੀ ਦਰ ਨਾਲ ਬਣਦੀ ਰਾਸ਼ੀ ਦਾ ਸਰਕਾਰ ਦਾ ਯੋਗਦਾਨ ₹ 1,045.34 ਕਰੋੜ ਆਂਕਿਆ ਗਿਆ ਹੈ। ਇਸ ਤਰਾਂ, ਸਰਕਾਰ ਦਾ ₹ 337.65 ਕਰੋੜ (₹ 1,045.34 ਕਰੋੜ-₹ 707.69 ਕਰੋੜ) ਦਾ ਘੱਟ ਯੋਗਦਾਨ ਸੀ। ਐਨ ਐਸ ਡੀ ਐਲ ਨੂੰ ਸਰਕਾਰ ਦੇ ਯੋਗਦਾਨ ਦੇ ਘੱਟ ਟਰਾਂਸਫਰ ਦੇ ਨਤੀਜੇ ਵਜੋਂ ਰੈਵੀਨਿਊ ਘਾਟੇ ਅਤੇ ਵਿੱਤੀ ਘਾਟੇ ਨੂੰ ਇਸ ਹੱਦ ਤੱਕ ਘੱਟ ਕਰਕੇ ਦਰਸਾਇਆ ਗਿਆ।

ਸਾਲ 2019-20 ਦੌਰਾਨ ਲੋਕ ਲੇਖੇ ਵਿੱਚ ਪਏ ₹ 930.04 ਕਰੋੜ ਦੇ ਬਕਾਏ ਦੇ ਵਿਰੁੱਧ, ਰਾਜ ਸਰਕਾਰ ਨੇ 31 ਮਾਰਚ 2020 ਤੱਕ ਐਨ ਐਸ ਡੀ ਐਲ ਨੂੰ ₹ 728.72 ਕਰੋੜ ਟਰਾਂਸਫਰ ਕੀਤੇ

---

7 ਸਾਲ 2006-08 ਦੌਰਾਨ ₹ 0.59 ਕਰੋੜ ਦੀ ਮਾਮੂਲੀ ਰਾਸ਼ੀ ਇਕੱਤਰ ਕੀਤੀ ਗਈ ਸੀ।

ਅਤੇ ₹ 201.32 ਕਰੋੜ ਦਾ ਬਕਾਇਆ ਛੱਡਿਆ ਜੋਕਿ ਕਰਮਚਾਰੀਆਂ ਦੇ ਮੁਕੰਮਲ ਵੇਰਵੇ ਨਾ ਹੋਣ ਕਰਕੇ ਫੰਡ ਮਨੇਜਰਾਂ ਨੂੰ ਟਰਾਂਸਫਰ ਨਹੀਂ ਕੀਤਾ ਜਾ ਸਕਿਆ ਸੀ। ਇੰਜ, ਰਾਜ ਸਰਕਾਰ ਨੇ 2019-20 ਦੌਰਾਨ ₹ 1,436.41 ਕਰੋੜ ਐਨ ਐਸ ਡੀ ਐਲ ਨੂੰ ਟਰਾਂਸਫਰ ਕੀਤੇ (ਮੁੱਖ ਮੱਦ 8342-117 ਨੂੰ ₹ 728.72 ਕਰੋੜ ਡੈਬਿਟ ਕਰਦੇ ਹੋਏ ਅਤੇ ਮੁੱਖ ਮੱਦ 2071-01-117 ਨੂੰ ₹ 707.69 ਕਰੋੜ ਡੈਬਿਟ ਕਰਦੇ ਹੋਏ)। ਰਾਜ ਸਰਕਾਰ ਐਨ ਪੀ ਐਸ ਦੇ ਬਕਾਇਆਂ ਦੇ ਦੇਰੀ ਨਾਲ ਟਰਾਂਸਫਰ ਕਰਨ ਤੇ, ਜਨਰਲ ਪ੍ਰੋਵੀਡੈਂਟ ਫੰਡ (ਜੀ ਪੀ ਐਫ) ਅੰਸ਼ਦਾਤਿਆਂ ਨੂੰ ਲਾਗੂ ਹੋਣ ਵਾਲੀਆਂ ਦਰਾਂ ਦੇ ਬਰਾਬਰ ਵਿਆਜ ਦੇਣ ਲਈ ਜ਼ਿੰਮੇਵਾਰ ਹੈ। ਇੰਜ, ਰਾਜ ਸਰਕਾਰ ਨੇ ਐਨ ਐਸ ਡੀ ਐਲ ਨੂੰ ਟਰਾਂਸਫਰ ਨਹੀਂ ਕੀਤੀ ਗਈ ਰਾਸ਼ੀ ਤੇ ਵਿਆਜ ਦੀ ਦੇਣਦਾਰੀ ਸਹੇੜ ਲਈ; ਆਪਣੇ ਕਰਮਚਾਰੀਆਂ ਦੇ ਫੰਡਾਂ ਦੀ ਗਲਤ ਵਰਤੋਂ ਕੀਤੀ ਅਤੇ ਇਸ ਨਾਲ ਪ੍ਰਭਾਵਿਤ ਕਰਮਚਾਰੀਆਂ ਨੂੰ ਹੋਣ ਵਾਲੇ ਲਾਭਾਂ ਪ੍ਰਤੀ ਅਨਿਸ਼ਚਤਤਾ ਪੈਦਾ ਕੀਤੀ।

ਕਰਮਚਾਰੀਆਂ ਦੇ ਹਿੱਸੇ ਦੀਆਂ ਪ੍ਰਾਪਤੀਆਂ, ਸਰਕਾਰ ਦਾ ਯੋਗਦਾਨ, ਇਸ ਤੇ ਬਣਦਾ ਵਿਆਜ ਅਤੇ ਪੈਨਸ਼ਨ ਫੰਡ ਵਿੱਚ ਨਿਵੇਸ਼ ਦੇ ਵੇਰਵੇ **ਸਾਰਣੀ** 2.22 ਵਿੱਚ ਦਰਸਾਏ ਗਏ ਹਨ ।

**ਸਾਰਣੀ 2.22: ਡੀ ਸੀ ਪੀ ਐਸ ਅਧੀਨ ਯੋਗਦਾਨ ਅਤੇ ਨਿਵੇਸ਼ ਦੇ ਵੇਰਵੇ**

*(₹ ਕਰੋੜ ਵਿੱਚ)*

| ਸਾਲ | ਪ੍ਰਾਪਤੀਆਂ | | | | ਅਦਾਇਗੀ (ਪੈਨਸ਼ਨ ਫੰਡ ਨੂੰ ਟਰਾਂਸਫਰ ਕੀਤੇ ਗਏ) | ਘੱਟ ਟਰਾਂਸਫਰ ਕੀਤੇ (–) / ਵੱਧ ਟਰਾਂਸਫਰ ਕੀਤੇ (+) |
|---|---|---|---|---|---|---|
| | ਕਰਮਚਾਰੀਆਂ ਦਾ ਹਿੱਸਾ | ਸਰਕਾਰ ਦਾ ਯੋਗਦਾਨ | ਵਿਆਜ | ਜੋੜ | | |
| **1** | **2** | **3** | **4** | **5 (2+3+4)** | **6** | **7 (6-5)** |
| 2008-09 | 38.76* | 33.60 | 0.00 | 72.36 | 0.00 | (-)72.36 |
| 2009-10 | 45.38 | 36.26 | 0.00 | 81.64 | 0.00 | (-)81.64 |
| 2010-11 | 54.19 | 51.90 | 26.86 | 132.95 | 2.33 | (-)130.62 |
| 2011-12 | 79.19 | 85.00 | 22.45 | 186.64 | 26.45 | (-)160.19 |
| 2012-13 | 181.48 | 196.78 | 24.01 | 402.27 | 286.17 | (-)116.10 |
| 2013-14 | 242.81 | 230.00 | 22.78 | 495.59 | 481.53 | (-)14.06 |
| 2014-15 | 282.86 | 290.00 | 21.35 | 594.21 | 804.90 | (+)210.69 |
| 2015-16 | 389.39 | 390.00 | 18.48 | 797.87 | 902.69 | (+)104.82 |
| 2016-17 | 436.28 | 435.81 | 17.19 | 889.28 | 957.69 | (+)68.41 |
| 2017-18 | 532.59 | 520.55 | 15.55 | 1,068.69 | 1,058.51 | (-)10.18 |
| 2018-19 | 585.78 | 584.94 | 14.70 | 1,185.42 | 1,203.28 | (+)17.86 |
| 2019-20 | 746.67 | 707.69 | -- | 1,454.36 | 1,436.41 | (-)17.95 |
| **ਜੋੜ** | **3,615.38** | **3,562.53** | **183.37** | **7,361.28** | **7,159.96** | **(-)201.32** |

*ਸ੍ਰੋਤ: ਵਿੱਤ ਲੇਖੇ*

** ਇਸ ਵਿੱਚ ₹ 0.59 ਕਰੋੜ ਦੀ 2006-08 ਦੌਰਾਨ ਵਸੂਲੀ/ਪ੍ਰਾਪਤ ਕੀਤੀ ਗਈ ਰਾਸ਼ੀ ਸ਼ਾਮਲ ਹੈ ਜਿਸ ਨੂੰ ਕਿ 1 ਅਪ੍ਰੈਲ 2008 ਦੀ ਸਥਿਤੀ ਅਨੁਸਾਰ ਪੈਨਸ਼ਨ ਫੰਡ ਨੂੰ ਟਰਾਂਸਫਰ ਕੀਤਾ ਜਾਣਾ ਅਜੇ ਰਹਿੰਦਾ ਸੀ।*

2008-20 ਦੇ ਸਮੇਂ ਦੌਰਾਨ, ₹ 7,361.28 ਕਰੋੜ ਦੀਆਂ ਕੁੱਲ ਪ੍ਰਾਪਤੀਆਂ (ਕਰਮਚਾਰੀਆਂ ਦਾ ਹਿੱਸਾ: ₹ 3,615.38 ਕਰੋੜ, ਰਾਜ ਸਰਕਾਰ ਦਾ ਯੋਗਦਾਨ: ₹ 3,562.23 ਕਰੋੜ ਅਤੇ ਵਿਆਜ: ₹ 183.37 ਕਰੋੜ) ਦੇ ਵਿਰੁੱਧ, ₹ 7,159.96 ਕਰੋੜ ਦੀ ਰਾਸ਼ੀ ਪੈਨਸ਼ਨ ਫੰਡ ਨੂੰ ਟਰਾਂਸਫਰ ਕੀਤੀ

ਗਈ ਸੀ। ਇੰਜ ₹ 201.32 ਕਰੋੜ ਘੱਟ ਟਰਾਂਸਫਰ ਹੋਏ ਸਨ ਜੋ ਕਿ ਰਾਜ ਸਰਕਾਰ ਦੀ ਅੱਗੇ ਪਾਈ ਗਈ ਦੇਣਦਾਰੀ ਹੈ।

ਐਨ ਐਸ ਡੀ ਐਲ ਨੂੰ ਘੱਟ ਯੋਗਦਾਨ/ਫੰਡਾਂ ਦੀ ਟਰਾਂਸਫਰ ਨੇ ਕਰਮਚਾਰੀਆਂ ਦੇ ਪੈਨਸ਼ਨਰੀ ਲਾਭ ਤੇ ਅਸਰ ਪਵੇਗਾ। ਇਸ ਤੋਂ ਇਲਾਵਾ ਸਰਕਾਰ ਦਾ ਯੋਗਦਾਨ ਜਾਰੀ ਕਰਨ ਵਿੱਚ ਅਤੇ ਪੈਨਸ਼ਨ ਫੰਡ ਨੂੰ ਟਰਾਂਸਫਰ ਕਰਨ ਵਿੱਚ ਹੋਈ ਦੇਰੀ ਕਾਰਣ, ਰਾਜ ਸਰਕਾਰ ਨੂੰ ₹ 183.37 ਕਰੋੜ ਦਾ ਟਾਲਣਯੋਗ ਵਿਆਜ ਸਹਿਣਾ ਪਿਆ।

**ਰਾਜ ਸਰਕਾਰ ਬਕਾਇਆ ਰਾਸ਼ੀ ਨੂੰ ਉਸ ਦਰ ਤੇ ਵਿਆਜ ਸਮੇਤ ਜਮ੍ਹਾਂ ਕਰਵਾ ਸਕਦੀ ਹੈ ਜੋਕਿ ਜੀ ਪੀ ਐਫ ਦੀ ਦਰ ਤੋਂ ਘੱਟ ਨਾ ਹੋਵੇ।**

### *2.4.1.3 ਸਬਸਿਡੀਆਂ*

**ਸਾਰਣੀ** 2.23, 2015-20 ਦੌਰਾਨ ਸਬਸਿਡੀਆਂ ਤੇ ਖਰਚੇ ਨੂੰ ਦਰਸਾਉਂਦੀ ਹੈ। ਸਬਸਿਡੀਆਂ ਪਿਛਲੇ ਸਾਲ ਨਾਲੋ ਚਾਲੂ ਸਾਲ ਦੌਰਾਨ ₹ 3,200 ਕਰੋੜ (₹ 23.95 *ਪ੍ਰਤੀਸ਼ਤ*) ਨਾਲ ਘਟ ਗਈਆਂ। ਇਹ ਗਿਰਾਵਟ ਮੁੱਖ ਤੌਰ ਤੇ ਕਿਸਾਨਾਂ ਨੂੰ ਕਰਜ਼ਾ ਰਾਹਤ ਕਰਕੇ ₹ 3,683 ਕਰੋੜ ਦੀ ਗਿਰਾਵਟ ਕਾਰਣ ਸੀ।

**ਸਾਰਣੀ 2.23:** **2015-20 ਦੌਰਾਨ ਸਬਸਿਡੀਆਂ ਤੇ ਖਰਚਾ**

| | 2015-16 | 2016-17 | 2017-18 | 2018-19 | 2019-20 |
|---|---|---|---|---|---|
| ਸਬਸਿਡੀਆਂ (₹ ਕਰੋੜ ਵਿੱਚ) | 5,080 | 5,823 | 6,982 | 13,361 | 10,161 |
| ਰੈਵੀਨਿਊ ਪ੍ਰਾਪਤੀਆਂ ਦੀ ਪ੍ਰਤੀਸ਼ਤਤਾ ਵਜੋਂ ਸਬਸਿਡੀਆਂ | 12.23 | 12.14 | 13.17 | 21.46 | 16.50 |
| ਰੈਵੀਨਿਊ ਖਰਚੇ ਦੀ ਪ੍ਰਤੀਸ਼ਤਤਾ ਵਜੋਂ ਸਬਸਿਡੀਆਂ | 10.15 | 10.53 | 11.18 | 17.72 | 13.39 |
| ਕੁੱਲ ਖਰਚੇ ਦੀ ਪ੍ਰਤੀਸ਼ਤਤਾ ਵਜੋਂ ਸਬਸਿਡੀਆਂ | 8.60 | 5.77 | 10.65 | 16.87 | 10.76 |
| ਰੈਵੀਨਿਊ ਦੇ ਘਾਟੇ ਦੀ ਪ੍ਰਤੀਸ਼ਤਤਾ ਵਜੋਂ ਸਬਸਿਡੀਆਂ | 59.42 | 79.65 | 73.84 | 101.72 | 71.13 |
| ਕੁੱਲ ਸਬਸਿਡੀ ਦੀ ਪ੍ਰਤੀਸ਼ਤਤਾ ਵਜੋਂ ਪਾਵਰ ਸਬਸਿਡੀ | 95.41 | 96.19 | 94.21 | 63.13 | 76.72 |

*ਸ੍ਰੋਤ: ਵਿੱਤ ਲੇਖੇ*

2015-20 ਦੌਰਾਨ ਪਾਵਰ ਸਬਸਿਡੀ, ਕੁੱਲ ਸਬਸਿਡੀਆਂ ਦਾ 63 *ਪ੍ਰਤੀਸ਼ਤ* ਅਤੇ 96 *ਪ੍ਰਤੀਸ਼ਤ* ਦੀ ਰੇਂਜ ਵਿਚਕਾਰ ਪ੍ਰਮੁੱਖ ਹਿੱਸਾ ਬਣਿਆ ਰਿਹਾ; ਅਤੇ ਸਬਸਿਡੀਆਂ ਨੇ ਰੈਵੀਨਿਊ ਘਾਟੇ ਵਿੱਚ 59 *ਪ੍ਰਤੀਸ਼ਤ* ਤੋਂ 102 *ਪ੍ਰਤੀਸ਼ਤ* ਦਾ ਯੋਗਦਾਨ ਦਿੱਤਾ।

### *(i) ਅਪ੍ਰਤੱਖ ਸਬਸਿਡੀਆਂ*

ਅਪ੍ਰਤੱਖ ਸਬਸਿਡੀਆਂ ਉਸ ਸਮੇਂ ਬਣਦੀਆਂ ਹਨ ਜਦੋਂ ਸਰਕਾਰ ਵਸਤਾਂ ਅਤੇ ਸੇਵਾਵਾਂ ਤੇ ਖਰਚੀ ਲਾਗਤ ਨਾਲੋਂ ਘੱਟ ਕੀਮਤ ਤੇ ਸਮਾਜਿਕ ਅਤੇ ਆਰਥਿਕ ਵਸਤਾਂ/ਸੇਵਾਵਾਂ ਮੁਹੱਈਆਂ ਕਰਵਾਉਂਦੀ ਹੈ। ਇਹ ਅਸਿੱਧੇ ਜਾਂ ਕਿਸੇ ਵਸਤੂ ਜਾਂ ਛੋਟਾਂ ਦੇ ਰੂਪ ਵਿੱਚ ਹੋ ਸਕਦੀ ਹੈ। ਸਾਲ 2019-20 ਦੌਰਾਨ ਦਿੱਤੀਆਂ ਕੁੱਝ ਅਪ੍ਰਤੱਖ ਸਬਸਿਡੀਆਂ ਦੇ ਵੇਰਵੇ **ਸਾਰਣੀ** 2.24 ਵਿੱਚ ਦਿਤੇ ਗਏ ਹਨ।

**ਸਾਰਣੀ 2.24: ਸਾਲ 2019-20 ਦੌਰਾਨ ਅਪ੍ਰੱਤਖ ਸਬਸਿਡੀਆਂ ਦੇ ਵੇਰਵੇ**

*(₹ ਕਰੋੜ ਵਿੱਚ)*

| ਲੜੀ ਨੰ. | ਸਕੀਮ | ਰਾਸ਼ੀ |
|---|---|---|
| 1. | ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਨੂੰ ਮੁਫਤ ਕਿਤਾਬਾਂ (ਪਹਿਲੀ ਤੋਂ Xਵੀਂ ਜਮਾਤ ਤੱਕ) | 25.00 |
| 2. | ਸਰੀਰਕ ਤੌਰ ਤੇ ਅਪਾਹਜ ਅਤੇ ਨੇਤਰਹੀਣ ਵਿਅਕਤੀਆਂ ਨੂੰ ਸਰਕਾਰੀ/ਪੰਜਾਬ ਰੋਡ ਟ੍ਰਾਂਸਪੋਰਟ ਕਾਰਪੋਰੇਸ਼ਨ ਬੱਸਾਂ ਵਿੱਚ ਮੁਫਤ ਟਰਾਂਸਪੋਰਟ ਸਹੂਲਤ ਦੇਣ ਲਈ ਟ੍ਰਾਂਸਪੋਰਟ ਵਿਭਾਗ ਨੂੰ ਪ੍ਰਤੀਪੂਰਤੀ | 7.92 |
| 3. | 60 ਸਾਲ ਤੋ ਵੱਧ ਉਮਰ ਦੀਆ ਔਰਤਾਂ ਨੂੰ ਸਰਕਾਰੀ/ ਪੰਜਾਬ ਰੋਡ ਟ੍ਰਾਂਸਪੋਰਟ ਕਾਰਪੋਰੇਸ਼ਨ ਦੀਆਂ ਬੱਸਾਂ ਵਿੱਚ ਮੁਫਤ ਰਿਆਇਤੀ ਸਫਰ ਦੀ ਸਹੂਲਤ ਦੇਣ ਬਦਲੇ ਟ੍ਰਾਂਸਪੋਰਟ ਵਿਭਾਗ ਨੂੰ ਪ੍ਰਤੀਪੂਰਤੀ | 0.67 |
| 4. | ਅਨੁਸੂਚਿਤ ਜਾਤੀ ਦੀਆਂ ਲੜਕੀਆਂ/ਵਿਧਵਾਵਾਂ/ਤਲਾਕਸ਼ੁਦਾ ਅਤੇ ਵਿਧਵਾਵਾਂ ਦੀਆਂ ਲੜਕੀਆਂ ਨੂੰ ਉਨ੍ਹਾਂ ਦੀ ਸ਼ਾਦੀ ਵੇਲੇ *ਅਸ਼ੀਰਵਾਦ* | 50.75 |
| 5. | ਪਛੜੀ ਸ਼੍ਰੇਣੀ ਅਤੇ ਈਸਾਈ ਲੜਕੀਆਂ/ਵਿਧਵਾਵਾਂ/ਤਲਾਕਸ਼ੁਦਾ ਅਤੇ ਕਿਸੇ ਵੀ ਜਾਤੀ ਦੀਆਂ ਵਿਧਵਾਵਾਂ ਦੀਆਂ ਲੜਕੀਆਂ ਨੂੰ ਉਨ੍ਹਾਂ ਦੀ ਸ਼ਾਦੀ ਵੇਲੇ *ਅਸ਼ੀਰਵਾਦ* | 19.97 |
| | **ਜੋੜ** | **104.31** |

*ਸ੍ਰੋਤ : ਵਿਸਥਾਰਤ ਨਿਮਿੱਤਣ ਲੇਖੇ*

### *2.4.1.4 ਰਾਜ ਸਰਕਾਰ ਵਲੋਂ ਸਥਾਨਕ ਸੰਸਥਾਵਾਂ ਅਤੇ ਹੋਰ ਸੰਸਥਾਵਾਂ ਨੂੰ ਵਿੱਤੀ ਸਹਾਇਤਾ*

ਸਾਲ 2015-16 ਤੋਂ 2019-20 ਦੇ ਸਮੇ ਦੌਰਾਨ ਸਥਾਨਕ ਸੰਸਥਾਵਾਂ ਅਤੇ ਹੋਰ ਸੰਸਥਾਵਾਂ ਨੂੰ ਗ੍ਰਾਂਟਾਂ ਦੇ ਰੂਪ ਵਿੱਚ ਦਿੱਤੀ ਗਈ ਸਹਾਇਤਾ ਨੂੰ **ਸਾਰਣੀ** 2.25 ਵਿੱਚ ਪੇਸ਼ ਕੀਤਾ ਗਿਆ ਹੈ।

**ਸਾਰਣੀ 2.25: ਸਥਾਨਕ ਸੰਸਥਾਵਾਂ ਅਤੇ ਹੋਰ ਸੰਸਥਾਵਾਂ ਨੂੰ ਵਿੱਤੀ ਸਹਾਇਤਾ**

*(₹ ਕਰੋੜ ਵਿੱਚ)*

| ਸੰਸਥਾਵਾਂ | 2015-16 | 2016-17 | 2017-18 | 2018-19 | 2019-20 |
|---|---|---|---|---|---|
| (ੳ) ਸਥਾਨਕ ਸੰਸਥਾਵਾਂ | | | | | |
| ਨਗਰ ਨਿਗਮਾਂ ਅਤੇ ਨਗਰ ਪਾਲਿਕਾਵਾਂ | 336.17 | 475.50 | 1,091.64 | 1,747.28 | 2,365.48 |
| ਪੰਚਾਇਤੀ ਰਾਜ ਸੰਸਥਾਵਾਂ | 719.36 | 544.97 | 230.36 | 530.18 | 885.81 |
| **ਜੋੜ (ੳ)** | **1,055.53** | **1,020.47** | **1,322.00** | **2,277.46** | **3,251.29** |
| (ਅ) ਹੋਰ | | | | | |
| ਵਿਦਿਅਕ ਸੰਸਥਾਵਾਂ (ਸਹਾਇਤਾ ਪ੍ਰਾਪਤ ਸਕੂਲਾਂ, ਸਹਾਇਤਾ ਪ੍ਰਾਪਤ ਕਾਲਜਾਂ, ਯੂਨੀਵਰਸਿਟੀਆਂ, ਆਦਿ ) | 2,272.98 | 2,223.21 | 2,117.63 | 2,824.52 | 3,196.94 |
| ਵਿਕਾਸ ਅਥਾਰਟੀਆਂ | 50.00 | 0.00 | 0.00 | 0.00 | 1,309.29 |
| ਹਸਪਤਾਲ ਅਤੇ ਹੋਰ ਚੈਰੀਟੇਬਲ ਸੰਸਥਾਵਾਂ | 686.90 | 779.33 | 627.74 | 967.34 | 1,211.06 |
| ਹੋਰ ਸੰਸਥਾਵਾਂ | 1,586.70 | 1,734.50 | 2,095.85 | 2,795.04 | 914.70 |
| **ਜੋੜ (ਅ)** | **4,596.58** | **4,737.04** | **4,841.22** | **6,586.90** | **6,631.99** |
| **ਜੋੜ (ੳ+ਅ)** | **5,652.11** | **5,757.51** | **6,163.22** | **8,864.36** | **9,883.28** |
| ਰੈਵੀਨਿਊ ਖਰਚਾ | 50,073 | 55,296 | 62,465 | 75,404 | 75,860 |
| ਰੈਵੀਨਿਊ ਖਰਚੇ ਦੀ ਪ੍ਰਤੀਸ਼ਤਤਾ ਵਜੋਂ ਸਹਾਇਤਾ | 11.29 | 10.41 | 9.87 | 11.76 | 13.03 |

*ਸ੍ਰੋਤ: ਵਿੱਤ ਲੇਖੇ*

ਚਾਲੂ ਸਾਲ ਦੌਰਾਨ, ਸਥਾਨਕ ਸੰਸਥਾਵਾਂ ਅਤੇ ਹੋਰ ਸੰਸਥਾਵਾਂ ਨੂੰ ਵਿੱਤੀ ਸਹਾਇਤਾ ਵਿੱਚ ਪਿਛਲੇ ਸਾਲ ਨਾਲੋਂ ₹ 1,018.92 ਕਰੋੜ (11.49 *ਪ੍ਰਤੀਸ਼ਤ*) ਦਾ ਵਾਧਾ ਹੋਇਆ ਸੀ। ਇਹ ਵਾਧਾ ਮੁੱਖ ਤੌਰ ਤੇ ਨਗਰ ਨਿਗਮਾਂ ਅਤੇ ਨਗਰ ਪਾਲਿਕਾਵਾਂ (₹ 618.20 ਕਰੋੜ : 35.38 *ਪ੍ਰਤੀਸ਼ਤ*) ਅਤੇ ਪੰਚਾਇਤੀ ਰਾਜ ਸੰਸਥਾਵਾਂ (₹ 355.63 ਕਰੋੜ:67.08*ਪ੍ਰਤੀਸ਼ਤ*) ਨੂੰ ਸਹਾਇਤਾ ਵਿੱਚ ਵਾਧੇ ਕਾਰਣ ਸੀ। ਨਗਰ ਨਿਗਮਾਂ ਅਤੇ ਨਗਰ ਪਾਲਿਕਾਵਾਂ ਨੂੰ ਸਹਾਇਤਾ ਵਿੱਚ ਵਾਧਾ ਮੁੱਖ ਤੌਰ ਤੇ ਚੌਦਵੇਂ ਵਿੱਤ ਕਮਿਸ਼ਨ (ਐਫ ਐਫ ਸੀ) ਦੁਆਰਾ ਸਿਫਾਰਸ਼ ਕੀਤੀ ਗਈ ਜਨਰਲ ਬੇਸਿਕ ਗ੍ਰਾਂਟ ਅਤੇ ਜਨਰਲ ਕਾਰਗੁਜ਼ਾਰੀ ਗ੍ਰਾਂਟ ਅਤੇ ਪੰਜਾਬ ਮਿਉਂਸਿਪਲ ਫੰਡ ਐਕਟ, 2006 ਅਧੀਨ ਗ੍ਰਾਂਟਾਂ ਵਿੱਚ ਵਾਧੇ ਕਰਕੇ ਸੀ। ਪੰਚਾਇਤੀ ਰਾਜ ਸੰਸਥਾਵਾਂ ਨੂੰ ਸਹਾਇਤਾ ਵਿੱਚ ਵਾਧਾ ਮੁੱਖ ਤੌਰ ਤੇ ਐਫ ਐਫ ਸੀ ਦੁਆਰਾ ਸਿਫਾਰਸ਼ ਕੀਤੀ ਗਈ ਗ੍ਰਾਂਟ ਵਿੱਚ ਵਾਧਾ ਹੋਣ ਕਰਕੇ ਸੀ। ਸਥਾਨਕ ਸੰਸਥਾਵਾਂ ਅਤੇ ਹੋਰ ਸੰਸਥਾਵਾਂ ਨੂੰ ਰੈਵੀਨਿਊ ਖਰਚੇ ਦੀ ਪ੍ਰਤੀਸ਼ਤਤਾ ਵਜੋਂ ਸਮੁੱਚੀ ਵਿੱਤੀ ਸਹਾਇਤਾ ਦੀ ਮਾਤਰਾ ਪਿਛਲੇ ਸਾਲ ਦੇ 11.76 *ਪ੍ਰਤੀਸ਼ਤ* ਤੋਂ ਵਧ ਕੇ ਚਾਲੂ ਸਾਲ ਦੌਰਾਨ 13.03 *ਪ੍ਰਤੀਸ਼ਤ* ਹੋ ਗਈ।

### 2.4.2 ਪੂੰਜੀਗਤ ਖਰਚਾ

ਪੂੰਜੀਗਤ ਖਰਚਾ (ਕੈਪੈਕਸ) ਮੁਢਲੇ ਤੌਰ ਤੇ ਸੜ੍ਹਕਾਂ, ਭਵਨਾਂ, ਆਦਿ ਜਿਹੀਆਂ ਸਥਿਰ ਬੁਨਿਆਦੀ ਢਾਂਚਾ ਜਾਇਦਾਦਾਂ ਦੀ ਸਿਰਜਣਾ ਲਈ ਕੀਤਾ ਗਿਆ ਖਰਚਾ ਹੈ। ਕੇਂਦਰ ਅਤੇ ਰਾਜ ਦੋਵਾਂ ਵਿੱਚ ਕੈਪੈਕਸ, ਬਜਟਰੀ ਸਹਾਇਤਾ ਅਤੇ ਬਜਟ ਤੋਂ ਉਪਰਲੇ ਸਾਧਨਾਂ ਤੋਂ /ਬਜਟ ਤੋਂ ਬਗੈਰ ਕੀਤਾ ਜਾ ਰਿਹਾ ਹੈ। ਇਸ ਵਿੱਚ ਰਾਜ ਸਰਕਾਰ ਵਲੋਂ ਕੰਪਨੀਆਂ/ਨਿਗਮਾਂ ਵਿੱਚ ਕੀਤੇ ਨਿਵੇਸ਼ ਵੀ ਸ਼ਾਮਲ ਹਨ। ਪਿਛਲੇ ਪੰਜ ਸਾਲਾਂ ਭਾਵ 2015-20 ਦੌਰਾਨ ਰਾਜ ਵਿੱਚ ਪੂੰਜੀਗਤ ਆਊਟਲੇਅ ਦਾ ਰੁਝਾਨ ਚਾਰਟ 2.13 ਵਿੱਚ ਦਿੱਤਾ ਗਿਆ ਹੈ।

**ਚਾਰਟ 2.13: ਰਾਜ ਵਿੱਚ ਪੂੰਜੀਗਤ ਆਊਟਲੇਅ**




*ਸ੍ਰੋਤ: ਵਿੱਤ ਲੇਖੇ*

**ਚਾਰਟ** 2.13 ਦਰਸਾਉਂਦਾ ਹੈ ਕਿ ਪੂੰਜੀਗਤ ਖਰਚਾ 2015-16 ਵਿੱਚ ₹ 3,059 ਕਰੋੜ (ਕੁੱਲ ਖਰਚੇ ਦਾ 5.18 *ਪ੍ਰਤੀਸ਼ਤ*) ਤੋਂ ₹ 14,769 ਕਰੋੜ (482.80 *ਪ੍ਰਤੀਸ਼ਤ*) ਨਾਲ ਵਧ ਕੇ 2019-20 ਵਿੱਚ ₹ 17,828 ਕਰੋੜ (ਕੁੱਲ ਖਰਚੇ ਦਾ 18.87 *ਪ੍ਰਤੀਸ਼ਤ*) ਹੋ ਗਿਆ। ਇਸ ਤੋਂ ਇਲਾਵਾ, ਰਾਜ ਸਰਕਾਰ ਨੇ ਜਾਇਦਾਦਾਂ ਦੀ ਸਿਰਜਣਾ ਲਈ 2015-20 ਦੇ ਸਮੇਂ ਦੌਰਾਨ ₹ 1,566.84 ਕਰੋੜ[8] ਦੀਆਂ ਸਹਾਇਤਾਂ ਗ੍ਰਾਂਟਾਂ ਵੀ ਦਿੱਤੀਆਂ।

### *2.4.2.1 ਪੂੰਜੀਗਤ ਆਊਟਲੇਅ ਵਿੱਚ ਮੁੱਖ ਬਦਲਾਅ*

ਪੂੰਜੀਗਤ ਆਊਟਲੇਅ ਵਿੱਚ 2018-19 ਦੀ ਤੁਲਨਾ ਵਿੱਚ 2019-20 ਦੌਰਾਨ ਹੋਏ ਮੁੱਖ ਬਦਲਾਅ **ਸਾਰਣੀ** 2.26 ਵਿੱਚ ਦਰਸਾਏ ਗਏ ਹਨ।

**ਸਾਰਣੀ 2.26:** 2018-19 ਦੀ ਤੁਲਨਾ ਵਿੱਚ 2019-20 ਦੌਰਾਨ ਪੂੰਜੀਗਤ ਆਊਟਲੇਅ

*(₹ ਕਰੋੜ ਵਿੱਚ)*

| ਲੇਖੇ ਦੀਆਂ ਮੁੱਖ ਮੱਦਾਂ | 2018-19 | 2019-20 | ਵਾਧਾ (+)/ ਘਾਟਾ (-) |
|---|---|---|---|
| 5054-ਸੜਕਾਂ ਅਤੇ ਪੁਲਾਂ 'ਤੇ ਪੂੰਜੀਗਤ ਆਊਟਲੇਅ | 514.41 | 311.58 | (-)202.83 |
| 4217-ਸ਼ਹਿਰੀ ਵਿਕਾਸ 'ਤੇ ਪੂੰਜੀਗਤ ਆਊਟਲੇਅ | 495.35 | 323.86 | (-)171.49 |
| 4700- ਮੁੱਖ ਸਿੰਜਾਈ 'ਤੇ ਪੂੰਜੀਗਤ ਆਊਟਲੇਅ | 56.73 | 132.54 | (+) 75.81 |
| 4711-ਹੜ੍ਹ ਰੋਕਥਾਮ ਪ੍ਰੋਜੈਕਟਾਂ 'ਤੇ ਪੂੰਜੀਗਤ ਆਊਟਲੇਅ | 26.31 | 207.86 | (+) 181.55 |
| 4801- ਪਾਵਰ ਪ੍ਰੋਜੈਕਟਾਂ 'ਤੇ ਪੂੰਜੀਗਤ ਆਊਟਲੇਅ | 0.00 | 15,628.26 | (+) 15,628.26 |

*ਸ੍ਰੋਤ; ਵਿੱਤ ਲੇਖੇ*

**ਚਾਰਟ** 2.13 ਦਰਸਾਉਂਦਾ ਹੈ ਕਿ ਪੂੰਜੀਗਤ ਆਊਟਲੇਅ 2018-19 ਵਿੱਚ ₹ 2,412 ਕਰੋੜ ਤੋਂ ₹ 15,416 ਕਰੋੜ (639.14 *ਪ੍ਰਤੀਸ਼ਤ*) ਨਾਲ ਵਧ ਕੇ 2019-20 ਵਿੱਚ ₹ 17,828 ਕਰੋੜ ਹੋ ਗਿਆ। ਇਹ ਸਮੁੱਚਾ ਵਾਧਾ ਮੁੱਖ ਤੌਰ ਤੇ ਪਾਵਰ ਪ੍ਰੋਜੈਕਟਾਂ 'ਤੇ ਪੂੰਜੀਗਤ ਆਊਟਲੇਅ ਵਿੱਚ ਵੱਡੇ ਵਾਧੇ ਕਰਕੇ ਸੀ ਜੋਕਿ ₹ 15,628 ਕਰੋੜ ਦੀ ਰਾਸ਼ੀ ਦੇ ਯੂ ਡੀ ਏ ਵਾਈ ਕਰਜ਼ਿਆਂ ਨੂੰ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਿਟਡ (ਪੀ ਐਸ ਪੀ ਸੀ ਐਲ) ਵਿੱਚ ਇਕਿਊਟੀ ਵਿੱਚ ਤਬਦੀਲ ਕਰਨ ਕਰਕੇ ਸੀ, ਜਿਵੇਂ ਕਿ ਪੈਰ੍ਹਾ 2.4.2.2 (v) ਵਿੱਚ ਚਰਚਾ ਕੀਤੀ ਗਈ ਹੈ।

### *2.4.2.2 ਪੂੰਜੀਗਤ ਖਰਚੇ ਦੀ ਗੁਣਵੱਤਾ*

ਜੇਕਰ ਰਾਜ ਸਰਕਾਰ ਘਾਟੇ ਵਿੱਚ ਚਲ ਰਹੀਆਂ ਅਜਿਹੀਆਂ ਸਰਕਾਰੀ ਕੰਪਨੀਆਂ ਵਿੱਚ ਨਿਵੇਸ਼ ਕਰਨਾ ਜਾਰੀ ਰੱਖਦੀ ਹੈ ਜਿਨ੍ਹਾਂ ਦੀ ਨੈਟ ਵਰਥ ਪੂਰੀ ਤਰਾਂ ਖਤਮ ਹੋ ਗਈ ਹੈ, ਤਾਂ ਨਿਵੇਸ਼ ਤੇ ਪ੍ਰਤੀਫਲ ਦੀਆਂ ਕੋਈ ਸੰਭਾਵਨਾਵਾਂ ਨਹੀਂ ਹਨ। ਇਸੇ ਤਰਾਂ, ਤਜਰਬਾ ਇਹ ਦਰਸਾਉਂਦਾ ਹੈ ਕਿ ਸ਼ੁਗਰ ਮਿੱਲਾਂ, ਵਿੱਤੀ ਕਾਰਪੋਰੇਸ਼ਨਾਂ ਆਦਿ ਵਰਗੀਆਂ ਘਾਟੇ ਵਿੱਚ ਚਲ ਰਹੀਆਂ ਕਾਰਪੋਰੇਸ਼ਨਾਂ ਅਤੇ

[8] 2015-16: ₹ 252.96 ਕਰੋੜ; 2016-17: ₹ 260.10 ਕਰੋੜ; 2017-18:₹ 0.50 ਕਰੋੜ; 2018-19: ₹ 338.94 ਕਰੋੜ; ਅਤੇ 2019-20: ₹ 714.34 ਕਰੋੜ।

ਹੋਰ ਸੰਸਥਾਵਾਂ ਨੂੰ ਦਿੱਤੇ ਕਰਜ਼ਿਆਂ ਨੂੰ ਵੱਟੇ ਖਾਤੇ ਪਾਉਣਾ ਗੈਰ-ਟਾਲਣਯੋਗ ਹੈ। ਅਜਿਹੇ ਵਿੱਤੀ ਆਪ੍ਰੇਸ਼ਨਾਂ ਵਿੱਚ ਪਾਰਦਰਸ਼ਤਾ ਲਿਆਉਣ ਲਈ ਲੋੜੀਂਦੇ ਕਦਮ ਚੁੱਕਣੇ ਪੈਣੇ ਹਨ। ਇਹ ਭਾਗ ਸਰਕਾਰ ਦੁਆਰਾ ਚਾਲੂ ਸਾਲ ਦੌਰਾਨ ਕੀਤੇ ਨਿਵੇਸ਼ਾਂ ਅਤੇ ਹੋਰ ਪੂੰਜੀਗਤ ਖਰਚੇ ਦਾ ਵਿਸ਼ਲੇਸ਼ਣ ਪੇਸ਼ ਕਰਦਾ ਹੈ।

### *(i) ਕੰਪਨੀਆਂ, ਕਾਰਪੋਰੇਸ਼ਨਾਂ ਅਤੇ ਹੋਰ ਸੰਸਥਾਵਾਂ ਵਿੱਚ ਨਿਵੇਸ਼ ਦੀ ਗੁਣਵੱਤਾ*

ਕੰਪਨੀਆਂ, ਕਾਰਪੋਰੇਸ਼ਨਾਂ, ਅਤੇ ਹੋਰ ਸੰਸਥਾਵਾਂ ਜੋਕਿ ਘਾਟੇ ਵਿੱਚ ਚਲ ਰਹੀਆਂ ਹਨ ਜਾਂ ਜਿੱਥੇ ਨੈਟ ਵਰਥ ਪੂਰੀ ਤਰਾਂ ਖਤਮ ਹੋ ਗਈ ਹੈ, ਵਿੱਚ ਪੂੰਜੀਗਤ ਖਰਚਾ ਕਰਨਾ ਸਸਟੇਨੇਬਲ ਨਹੀਂ ਹੁੰਦਾ।

ਕੰਪਨੀਆਂ (ਜਿਵੇਂ ਕਿ ਡਿਸਕੌਮਜ਼), ਕਾਰਪੋਰੇਸ਼ਨਾਂ (ਜਿਵੇਂ ਕਿ ਐਸ ਸੀ ਅਤੇ ਐਸ ਟੀ ਵਿੱਤੀ ਕਾਰਪੋਰੇਸ਼ਨਾਂ) ਅਤੇ ਸਹਿਕਾਰੀ ਅਦਾਰੇ (ਜਿਵੇਂ ਕਿ ਖੰਡ ਮਿੱਲਾਂ), ਜਿਹੜੇ ਕਿ ਘਾਟੇ ਵਿੱਚ ਚਲ ਰਹੇ ਹਨ ਅਤੇ ਉਹ ਜਿੱਥੇ ਨੈਟ ਵਰਥ ਪੂਰੀ ਤਰਾਂ ਖਤਮ ਹੋ ਗਈ ਹੈ, ਵਿੱਚ ਕੀਤਾ ਗਿਆ ਨਿਵੇਸ਼ ਅਤੇ ਦਿੱਤੇ ਗਏ ਕਰਜ਼ੇ ਪੂੰਜੀਗਤ ਖਰਚੇ ਦੀ ਗੁਣਵੱਤਾ ਤੇ ਅਸਰ ਪਾਉਂਦੇ ਹਨ। ਜਨਤਕ ਖੇਤਰ ਦੇ ਅਦਾਰਿਆਂ (ਪੀ ਐਸ ਯੂਜ਼) ਵਿੱਚ ਨਿਵੇਸ਼ ਕੀਤੀ ਸ਼ੇਅਰ ਕੈਪੀਟਲ ਵਿੱਚ ਨਿਵੇਸ਼ ਤੇ ਪ੍ਰਤੀਫਲ ਅਤੇ ਵੱਖ ਵੱਖ ਸੰਸਥਾਵਾਂ ਨੂੰ ਦਿੱਤੇ ਗਏ ਕਰਜ਼ਿਆਂ ਦੀ ਮੁੜ ਅਦਾਇਗੀ ਦਾ ਇਤਿਹਾਸ, ਪੂੰਜੀਗਤ ਖਰਚੇ ਦੀ ਗੁਣਵੱਤਾ ਦੇ ਮਹੱਤਵਪੂਰਣ ਨਿਰਧਾਰਕ ਹਨ।

ਨਵੀਨਤਮ ਮੁਕੰਮਲ ਹੋਏ ਲੇਖਿਆਂ ਅਨੁਸਾਰ, 2019-20 ਦੇ ਅੰਤ ਵਿੱਚ, ਰਾਜ ਦੇ 33 ਕਾਰਜਸ਼ੀਲ ਪੀ ਐਸ ਯੂਜ਼ ਦੀ ਕੁੱਲ ਪੇਡ ਅਪ ਪੂੰਜੀ ₹ 23,505.15 ਕਰੋੜ ਸੀ, ਜਿਸ ਵਿੱਚੋਂ ਰਾਜ ਦੇ 24 ਪੀ ਐਸ ਯੂਜ਼ ਵਿੱਚ ਰਾਜ ਸਰਕਾਰ ਦਾ ਨਿਵੇਸ਼ (ਇਕਿਊਟੀ) ₹ 23,358.87 ਕਰੋੜ (99.38 *ਪ੍ਰਤੀਸ਼ਤ*) ਸੀ।

ਰਾਜ ਦੇ 12 ਪੀ ਐਸ ਯੂਜ਼, ਜਿਨ੍ਹਾਂ ਵਿੱਚ ਰਾਜ ਸਰਕਾਰ ਨੇ ₹ 22,545.81 ਕਰੋੜ ਦਾ ਨਿਵੇਸ਼ ਕੀਤਾ ਸੀ, ਦੇ ਕੁੱਲ ਘਾਟੇ ਇੱਕਠੇ ਹੋ ਕੇ ₹ 16,326.70 ਕਰੋੜ ***(ਅੰਤਿਕਾ 2.3)*** ਹੋ ਗਏ।

ਇੱਕਠੇ ਹੋਏ ਘਾਟੇ ਵਾਲੇ ਉਪਰ ਦੱਸੇ ਗਏ 12 ਪੀ ਐਸ ਯੂਜ਼ ਵਿੱਚੋਂ ਨੌਂ ਦੀ ਨੈਟ ਵਰਥ ਪੂਰੀ ਤਰ੍ਹਾਂ ਖਤਮ ਹੋ ਗਈ ਸੀ ਅਤੇ ਇਨ੍ਹਾਂ ਦਾ ਨੈਟ ਵਰਥ ਨੇਗੇਟਿਵ ਹੋ ਚੁੱਕਾ ਸੀ। 31 ਮਾਰਚ 2020 ਨੂੰ ਇਨ੍ਹਾਂ ਨੌਂ ਪੀ ਐਸ ਯੂਜ਼ ਦਾ ਨੈਟ ਵਰਥ, ਇਨ੍ਹਾਂ ਪੀ ਐਸ ਯੂਜ਼ ਵਿੱਚ ₹ 512.85 ਕਰੋੜ (ਪੰਜਾਬ ਸਰਕਾਰ ਦਾ ਨਿਵੇਸ਼ਃ ₹ 473.41 ਕਰੋੜ) ਦੇ ਇਕਿਊਟੀ ਨਿਵੇਸ਼ ਦੀ ਤੁਲਨਾ ਵਿੱਚ (–) ₹ 7,431.47 ਕਰੋੜ ਸੀ ***(ਅੰਤਿਕਾ 2.4)*** ।

ਉਪਰੋਕਤ ਨੌਂ ਪੀ ਐਸ ਯੂਜ਼ ਵਿੱਚੋਂ ਛੇ ਵਿੱਚ, ਜਿਨ੍ਹਾਂ ਦੀ ਪੂੰਜੀ ਖਤਮ ਹੋ ਚੁੱਕੀ ਸੀ, 31 ਮਾਰਚ 2020 ਨੂੰ ਸਰਕਾਰ ਦੇ ਬਕਾਇਆ ਕਰਜ਼ੇ ₹ 19,363.06 ਕਰੋੜ ਸਨ ***(ਅੰਤਿਕਾ 2.4)***।

31 ਮਾਰਚ 2020 ਨੂੰ ਰਾਜ ਸਰਕਾਰ ਵੱਲੋਂ ਨੌਂ ਪੀ ਐਸ ਯੂਜ਼ ਨੂੰ ਦਿੱਤੇ ₹ 25,334.59 ਕਰੋੜ ਦੀ ਰਾਸ਼ੀ ਦੇ ਦੀਰਘ ਕਾਲੀਨ ਕਰਜ਼ੇ ਬਕਾਇਆ ਪਏ ਸਨ ***(ਅੰਤਿਕਾ 2.5)*** ।

ਕੰਪਨੀਆਂ, ਕਾਰਪੋਰੇਸ਼ਨਾਂ, ਅਤੇ ਸਹਿਕਾਰੀ ਬੈਂਕਾਂ ਤੇ ਸੁਸਾਇਟੀਆਂ ਵਿੱਚ ਨਿਵੇਸ਼ 'ਤੇ ਪ੍ਰਤੀਫਲ, ਸਰਕਾਰ ਵਲੋਂ ਉਧਾਰ ਲੈਣ ਦੀ ਲਾਗਤ ਅਤੇ ਨਿਵੇਸ਼ 'ਤੇ ਪ੍ਰਤੀਫਲ ਵਿਚਕਾਰ ਅੰਤਰ ਦੇ ਰੁਝਾਨਾਂ ਨੂੰ **ਸਾਰਣੀ** 2.27 ਵਿੱਚ ਦਰਸਾਇਆ ਗਿਆ ਹੈ।

**ਸਾਰਣੀ 2.27: ਨਿਵੇਸ਼ ਤੇ ਪ੍ਰਤੀਫਲ**

| ਨਿਵੇਸ਼/ਪ੍ਰਤੀਫਲ/ਉਧਾਰ ਲੈਣ ਦੀ ਲਾਗਤ | 2015-16 | 2016-17 | 2017-18 | 2018-19 | 2019-20 |
|---|---|---|---|---|---|
| ਸਾਲ ਦੇ ਅਖੀਰ ਤੇ ਨਿਵੇਸ਼ (₹ ਕਰੋੜ ਵਿੱਚ) | 4,064.56 | 4,091.32 | 4,189.27 | 4,263.25 | 19,898.08 |
| ਪ੍ਰਤੀਫਲ (₹ ਕਰੋੜ ਵਿੱਚ) * | 1.46 | 3.88 | 4.45 | 4.24 | 4.24 |
| ਪ੍ਰਤੀਫਲ (*ਪ੍ਰਤੀਸ਼ਤ*)* | 0.04 | 0.09 | 0.11 | 0.10 | 0.02 |
| ਸਰਕਾਰ ਦੇ ਉਧਾਰਾਂ ਤੇ ਔਸਤ ਵਿਆਜ ਦਰ (*ਪ੍ਰਤੀਸ਼ਤ*) | 8.23 | 7.46 | 7.70 | 8.36 | 7.31 |
| ਵਿਆਜ ਦੀ ਦਰ ਅਤੇ ਪ੍ਰਤੀਫਲ ਵਿਚਕਾਰ ਅੰਤਰ (*ਪ੍ਰਤੀਸ਼ਤ*) | 8.19 | 7.37 | 7.59 | 8.26 | 7.29 |
| ਸਰਕਾਰ ਦੇ ਉਧਾਰਾਂ ਤੇ ਵਿਆਜ ਅਤੇ ਨਿਵੇਸ਼ 'ਤੇ ਪ੍ਰਤੀਫਲ ਵਿਚਕਾਰ ਅੰਤਰ (₹ ਕਰੋੜ ਵਿੱਚ)# | 332.89 | 301.53 | 317.97 | 352.14 | 1450.57 |

*ਸ੍ਰੋਤ: ਵਿੱਤ ਲੇਖੇ* ** ਹਿਸਟੌਰੀਕਲ ਲਾਗਤ ਤੇ*

*# ਸਾਲ ਦੇ ਅਖੀਰ ਵਿੱਚ ਨਿਵੇਸ਼ X ਵਿਆਜ ਦੀ ਦਰ ਅਤੇ ਪ੍ਰਤੀਫਲ ਵਿਚਕਾਰ ਅੰਤਰ / 100*

2019-20 ਦੌਰਾਨ ਨਿਵੇਸ਼ ਤੇ ਪ੍ਰਤੀਫਲ ₹ 4.24 ਕਰੋੜ[9] (0.02 *ਪ੍ਰਤੀਸ਼ਤ*) (ਨਿਰੋਲ ਮੌਜੂਦਾ ਮੁੱਲ ਤੇ ਨਾ ਹੋ ਕੇ ਹਿਸਟੌਰੀਕਲ ਲਾਗਤ ਤੇ ਅਧਾਰਤ) ਸੀ। ਇਹ ਪ੍ਰਤੀਫਲ 2015-20 ਦੌਰਾਨ ਕੇਵਲ 0.02 *ਪ੍ਰਤੀਸ਼ਤ* ਅਤੇ 0.11 *ਪ੍ਰਤੀਸ਼ਤ* ਦੇ ਵਿਚਕਾਰ ਸੀ ਜਦੋਂਕਿ ਇਸੇ ਸਮੇਂ ਦੌਰਾਨ ਰਾਜ ਸਰਕਾਰ ਵਲੋਂ ਆਪਣੇ ਉਧਾਰਾਂ ਤੇ ਦਿੱਤੇ ਗਏ ਵਿਆਜ ਦੀ ਔਸਤ ਦਰ 7.31 *ਪ੍ਰਤੀਸ਼ਤ* ਅਤੇ 8.36 *ਪ੍ਰਤੀਸ਼ਤ* ਦੇ ਵਿਚਕਾਰ ਸੀ। ਪਿਛਲੇ ਪੰਜ ਸਾਲਾਂ ਦੌਰਾਨ ਸਰਕਾਰ ਦੇ ਉਧਾਰਾਂ ਦੀ ਲਾਗਤ ਅਤੇ ਪੀ ਐਸ ਯੂਜ਼ ਵਿੱਚ ਨਿਵੇਸ਼ਾਂ ਤੇ ਪ੍ਰਤੀਫਲ ਦਾ ਅੰਤਰ ₹ 2,755.10 ਕਰੋੜ ਤੱਕ ਸੀ। ਰਾਜ ਸਰਕਾਰ ਨੇ ਕਿਹਾ (ਜੂਨ 2021) ਕਿ ਇਨ੍ਹਾਂ ਵਿੱਚੋਂ ਕਈ ਇਕਾਈਆਂ ਨੇ ਮੁਕਾਬਲੇਯੋਗ ਅਤੇ ਵੈਲਯੂ ਅਡਿਟਿਵ ਬਣੇ ਰਹਿਣ ਲਈ ਦੂਜਿਆਂ ਖੇਤਰਾਂ ਵਾਸਤੇ ਯੋਜਨਾਬੱਧ ਭੂਮਿਕਾ ਨਿਭਾਉਣੀ ਸੀ। ਆਰਥਿਕ ਲਾਭਾਂ ਤੋਂ ਇਲਾਵਾ, ਇਨ੍ਹਾਂ ਵਿੱਚੋਂ ਕਈ ਸੰਗਠਨਾਂ ਨੇ ਪੱਛੜੀਆਂ ਸ਼੍ਰੇਣੀਆਂ ਦੇ ਉਥਾਨ ਲਈ ਸਮਾਜਿਕ ਕਾਰਜ ਵੀ ਕੀਤੇ ਸਨ। ਸਰਕਾਰ ਦੁਆਰਾ ਪੇਸ਼ ਕੀਤਾ ਉੱਤਰ ਰਾਜ ਦੀ ਗੰਭੀਰ ਵਿੱਤੀ ਸਥਿਤੀ ਤੇ ਵਿਚਾਰ ਕੀਤਿਆਂ ਬਗੈਰ ਭੇਜਿਆ ਗਿਆ ਸੀ।

**ਸਾਰਣੀ** 2.28 ਸਾਲ 2019-20 ਦੌਰਾਨ ਘਾਟੇ ਵਿੱਚ ਚਲ ਰਹੀਆਂ ਕੰਪਨੀਆਂ/ਕਾਰਪੋਰੇਸ਼ਨਾਂ ਵਿੱਚ ਕੀਤੇ ਨਿਵੇਸ਼ਾਂ ਦੇ ਵੇਰਵਿਆਂ ਨੂੰ ਦਰਸਾਉਂਦੀ ਹੈ।

---

9 ਸਹਿਕਾਰੀ ਬੈਂਕਾਂ ਅਤੇ ਸੁਸਾਇਟੀਆਂ (₹ 0.01 ਕਰੋੜ); ਸੰਯੁਕਤ ਸਟਾਕ ਕੰਪਨੀਆਂ (₹ 0.11 ਕਰੋੜ); ਅਤੇ ਸਰਕਾਰੀ ਕੰਪਨੀਆਂ (₹4.12 ਕਰੋੜ)।

**ਸਾਰਣੀ 2.28:** 2019-20 ਦੌਰਾਨ ਘਾਟੇ ਵਿੱਚ ਚਲ ਰਹੀਆਂ ਕੰਪਨੀਆਂ ਵਿੱਚ ਕੀਤੇ ਨਿਵੇਸ਼

*(₹ ਕਰੋੜ ਵਿੱਚ)*

| ਲੜੀ ਨੰ. | ਕੰਪਨੀ/ਕਾਰਪੋਰੇਸ਼ਨ | 31.03.2019 ਤੱਕ ਕਿਊਮੂਲੇਟਿਵ ਘਾਟੇ | 2019-20 ਦੌਰਾਨ ਕੀਤਾ ਨਿਵੇਸ਼ | 31.03.2020 ਦੀ ਸਥਿਤੀ ਅਨੁਸਾਰ ਕਿਊਮੂਲੇਟਿਵ ਨਿਵੇਸ਼ |
|---|---|---|---|---|
| 1. | ਪੰਜਾਬ ਅਨੁਸੂਚਿਤ ਜਾਤੀਆਂ ਭੂਮੀ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ (ਪੀ ਐਸ ਸੀ ਐਲ ਡੀ ਐਫ ਸੀ)* | 11.59 | 6.87 | 82.62 |
| 2. | ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਿਟਡ (ਪੀ ਐਸ ਪੀ ਸੀ ਐਲ) | 7,001.17 | 15,628.26# | 18,401.05 |

*ਸ੍ਰੋਤ: ਵਿੱਤ ਲੇਖੇ*

** 2018-19 ਤੋਂ ਲੇਖਿਆਂ ਦੀ ਉਡੀਕ ਸੀ ।*

*# ਯੂ ਡੀ ਏ ਵਾਈ ਸਕੀਮ ਅਧੀਨ ਰਾਜ ਸਰਕਾਰ ਵਲੋਂ 2015-16 ਅਤੇ 2016-17 ਦੌਰਾਨ ਦਿੱਤੇ ₹ 15,628.26 ਕਰੋੜ ਦੇ ਕਰਜ਼ੇ ਜਿਨ੍ਹਾਂ ਨੂੰ 2019-20 ਦੌਰਾਨ ਇਕਿਊਟੀ ਵਿੱਚ ਬਦਲ ਦਿੱਤਾ ਗਿਆ ਸੀ ।*

### *(ii) ਸਰਕਾਰ ਦੇ ਨਿਵੇਸ਼ਾਂ ਦਾ ਕੰਪਨੀਆਂ ਦੇ ਲੇਖਿਆਂ ਨਾਲ ਮਿਲਾਨ ਕਰਨਾ*

ਰਾਜ ਜਨਤਕ ਖੇਤਰ ਦੇ ਅਦਾਰਿਆਂ (ਪੀ ਐਸ ਯੂਜ਼) ਵਿੱਚ ਇਕਿਊਟੀ ਵਜੋਂ ਕੀਤੇ ਸਰਕਾਰ ਦੇ ਨਿਵੇਸ਼ਾਂ ਦੀਆਂ ਰਾਸ਼ੀਆਂ ਇਨ੍ਹਾਂ ਪੀ ਐਸ ਯੂਜ਼ ਦੇ ਲੇਖਿਆਂ ਵਿੱਚ ਇੰਦਰਾਜ ਕੀਤੀਆਂ ਰਾਸ਼ੀਆਂ ਨਾਲ ਮੇਲ ਖਾਂਦੀਆਂ ਹੋਣੀਆਂ ਚਾਹੀਦੀਆਂ ਹਨ। ਰਾਸ਼ੀਆਂ ਦਾ ਮਿਲਾਨ ਪੀ ਐਸ ਯੂਜ਼ ਦੇ ਲੇਖਿਆਂ ਅਤੇ ਰਾਜ ਸਰਕਾਰ ਦੇ ਵਿੱਤ ਲੇਖਿਆਂ ਵਿੱਚ ਅੰਤਰ ਸਮਝਣ ਲਈ ਜਰੂਰੀ ਹੈ। ਦੋਵਾਂ ਲੇਖਿਆਂ ਦੀ ਪੜਤਾਲ ਨੇ ਦਰਸਾਇਆ ਕਿ ਵਿੱਤ ਲੇਖਿਆਂ ਅਨੁਸਾਰ 19 ਪੀ ਐਸ ਯੂਜ਼ ਦੀ ਇਕਿਊਟੀ ਵਿੱਚ ਸਰਕਾਰ ਦਾ ਨਿਵੇਸ਼ ₹ 19,012.52 ਕਰੋੜ ਸੀ ਜਦੋਂਕਿ ਪੀ ਐਸ ਯੂਜ਼ ਦੇ ਰਿਕਾਰਡ ਅਨੁਸਾਰ ਇਹ ₹ 23,149.08 ਕਰੋੜ ਸੀ। ਇਥੇ ₹ 4,136.56 ਕਰੋੜ ਦਾ ਅੰਤਰ ਸੀ ਜਿਵੇਂ ਕਿ ***ਅੰਤਿਕਾ 2.6*** ਵਿੱਚ ਵਿਸਥਾਰ ਦਿੱਤਾ ਗਿਆ ਹੈ। ਅੰਤਰ ਦਾ ਪਤਾ ਲਾਉਣ ਲਈ ਸਮਾਂ-ਬੱਧ ਤਰੀਕੇ ਨਾਲ ਮਿਲਾਨ ਕੀਤੇ ਜਾਣਾ ਚਾਹੀਦਾ ਹੈ। ਰਾਜ ਸਰਕਾਰ ਨੇ ਭਰੋਸਾ ਦਿੱਤਾ (ਮਈ 2021) ਕਿ ਮਹਾਂ ਲੇਖਾਕਾਰ (ਲੇਖਾ ਤੇ ਹੱਕਦਾਰੀ) ਪੰਜਾਬ ਦੇ ਦਫਤਰ ਨਾਲ ਰਾਸ਼ੀਆਂ ਦੇ ਮਿਲਾਨ ਕਰਨ ਲਈ ਉਪਰਾਲੇ ਕੀਤੇ ਜਾਣਗੇ।

### *(iii) ਰਾਜ ਸਰਕਾਰ ਵੱਲੋਂ ਕਰਜ਼ੇ ਅਤੇ ਪੇਸ਼ਗੀਆਂ*

ਸਹਿਕਾਰੀ ਸਭਾਵਾਂ, ਕਾਰਪੋਰੇਸ਼ਨਾਂ, ਅਤੇ ਕੰਪਨੀਆਂ ਵਿੱਚ ਨਿਵੇਸ਼ਾਂ ਤੋਂ ਇਲਾਵਾ ਰਾਜ ਸਰਕਾਰ ਕਈ ਸੰਸਥਾਵਾਂ/ਸੰਗਠਨਾਂ ਨੂੰ ਵੀ ਕਰਜ਼ੇ ਅਤੇ ਪੇਸ਼ਗੀਆਂ ਦਿੰਦੀ ਰਹੀ ਹੈ। **ਸਾਰਣੀ** 2.29, 31 ਮਾਰਚ 2020 ਨੂੰ ਬਕਾਇਆ ਕਰਜ਼ੇ ਅਤੇ ਪੇਸ਼ਗੀਆਂ ਦੀ ਸਥਿਤੀ ਅਤੇ ਰਾਜ ਸਰਕਾਰ ਵੱਲੋਂ ਪਿਛਲੇ ਪੰਜ ਸਾਲਾਂ ਦੌਰਾਨ ਵਿਆਜ ਪ੍ਰਾਪਤੀਆਂ ਦੀ ਤੁਲਨਾ ਵਿੱਚ ਆਪਣੇ ਉਧਾਰਾਂ ਤੇ ਕੀਤੀਆਂ ਵਿਆਜ ਅਦਾਇਗੀਆਂ ਨੂੰ ਦਰਸਾਉਂਦੀ ਹੈ।

**ਸਾਰਣੀ 2.29: ਸਾਲ 2015-20 ਦੌਰਾਨ ਦਿੱਤੇ ਗਏ ਅਤੇ ਵਸੂਲ ਕੀਤੇ ਗਏ ਕਰਜ਼ਿਆਂ ਦੀ ਮਾਤਰਾ**

*(₹ ਕਰੋੜ ਵਿੱਚ)*

| ਵੇਰਵੇ | 2015-16 | 2016-17 | 2017-18 | 2018-19 | 2019-20 |
|---|---|---|---|---|---|
| ਬਕਾਇਆ ਕਰਜ਼ਿਆਂ ਦਾ ਮੁਢਲਾ ਬਕਾਇਆ | 2,615 | 8,299 | 49,482 | 50,169 | 50,681 |
| ਸਾਲ ਦੌਰਾਨ ਪੇਸ਼ਗੀ ਦਿੱਤੀ ਰਾਸ਼ੀ | 5,968 | 41,364 | 760 | 1,361 | 783 |
| ਸਾਲ ਦੌਰਾਨ ਵਸੂਲ ਕੀਤੀ ਰਾਸ਼ੀ | 218 | 181 | 73 | 849 | 16,070 |
| ਬਕਾਇਆ ਪਏ ਕਰਜ਼ਿਆਂ ਦਾ ਅੰਤਿਮ ਬਕਾਇਆ | 8,365 | 49,482 | 50,169 | 50,681 | 35,394 |
| ਨਿਰੋਲ ਵਾਧਾ | 5,750 | 41,183 | 687 | 512 | (-)15,287 |
| ਪ੍ਰਾਪਤ ਕੀਤਾ ਵਿਆਜ | 30 | 1,131 | 1,339 | 1,341 | 1,336 |
| ਸਰਕਾਰ ਵਲੋਂ ਦਿੱਤੇ ਕਰਜ਼ੇ ਅਤੇ ਪੇਸ਼ਗੀਆਂ 'ਤੇ ਵਿਆਜ ਦੀ ਦਰ | 0.55 | 3.91 | 2.69 | 2.66 | 3.10 |
| ਸਰਕਾਰ ਦੇ ਬਕਾਇਆ ਉਧਾਰਾਂ ਤੇ ਅਦਾ ਕੀਤੇ ਵਿਆਜ ਦੀ ਦਰ | 8.09 | 7.48 | 8.12 | 8.00 | 7.93 |
| ਪ੍ਰਾਪਤ ਕੀਤੇ ਅਤੇ ਅਦਾ ਕੀਤੇ ਵਿਆਜ ਦੀ ਦਰ ਵਿਚਕਾਰ ਅੰਤਰ (*ਪ੍ਰਤੀਸ਼ਤ*) | (-)7.54 | (-)3.57 | (-)5.43 | (-)5.34 | (-)4.83 |

*ਸ੍ਰੋਤ: ਵਿੱਤ ਲੇਖੇ*

ਪਿਛਲੇ ਸਾਲ ਦੇ ₹ 1,361 ਕਰੋੜ ਦੀ ਤੁਲਨਾ ਵਿੱਚ 2019-20 ਦੌਰਾਨ ₹ 783 ਕਰੋੜ ਕਰਜ਼ੇ ਵਜੋਂ ਦਿੱਤੇ ਗਏ ਸਨ। ਚਾਲੂ ਸਾਲ ਦੌਰਾਨ ਦਿੱਤੇ ਗਏ ਕਰਜ਼ਿਆਂ ਵਿੱਚ ਪੰਜਾਬ ਰਾਜ ਸਿਵਲ ਸਪਲਾਈਜ਼ ਕਾਰਪੋਰੇਸ਼ਨ (ਪਨਸਪ) ਨੂੰ ਜ਼ਰੂਰੀ ਵਸਤਾਂ ਦੀ ਖਰੀਦ ਅਤੇ ਸਪਲਾਈ ਲਈ ਦਿੱਤੇ ₹ 100 ਕਰੋੜ; ਅਤੇ ਦੂਜੀਆਂ ਖਰੀਦ ਏਜੰਸੀਆਂ ਨੂੰ ਆਟਾ ਦਾਲ ਸਕੀਮ ਦੀ ਦੇਣਦਾਰੀ ਦੇ ਵਿਰੁੱਧ ਦਿੱਤੇ ₹ 522 ਕਰੋੜ ਸ਼ਾਮਲ ਸਨ। ਸਾਲ ਦੇ ਸ਼ੁਰੂ ਵਿੱਚ ਸਹਿਕਾਰੀ ਖੰਡ ਮਿੱਲਾਂ ਦੇ ਵਿਰੁੱਧ ₹ 839.22 ਕਰੋੜ ਦੀ ਰਾਸ਼ੀ ਦੇ ਕਰਜ਼ੇ ਬਕਾਇਆ ਸਨ। ਇਸ ਤੋਂ ਇਲਾਵਾ, ਪਹਿਲੇ ਕਰਜ਼ਿਆਂ ਦੀ ਵਸੂਲੀ ਕੀਤੇ ਬਗੈਰ, ਇਨ੍ਹਾਂ ਖੰਡ ਮਿੱਲਾਂ ਨੂੰ ₹ 100 ਕਰੋੜ ਦੇ ਕਰਜ਼ੇ ਦਿੱਤੇ ਗਏ ਸਨ।

ਰਾਜ ਸਰਕਾਰ ਦੁਆਰਾ ਦਿੱਤੇ ਕੁੱਲ ਬਕਾਇਆ ਕਰਜ਼ੇ, 2018-19 ਵਿੱਚ ₹ 50,681 ਕਰੋੜ ਤੋਂ ₹ 15,287 ਕਰੋੜ ਨਾਲ ਘਟ ਕੇ ਸਾਲ 2019-20 ਵਿੱਚ ₹ 35,394 ਕਰੋੜ ਰਹਿ ਗਏ ਜੋ ਕਿ ਮੁੱਖ ਤੌਰ ਤੇ ₹ 15,628 ਕਰੋੜ ਦੀ ਰਾਸ਼ੀ ਦੇ ਯੂ ਡੀ ਏ ਵਾਈ ਕਰਜ਼ਿਆਂ ਨੂੰ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਿਟਡ (ਪੀ ਐਸ ਪੀ ਸੀ ਐਲ) ਵਿੱਚ ਇਕਿਊਟੀ ਵਿੱਚ ਬਦਲਣ ਕਰਕੇ ਸੀ। ਚਾਲੂ ਸਾਲ ਦੌਰਾਨ ਵਿਆਜ ਪ੍ਰਾਪਤੀਆਂ ਵਿੱਚ ਪਿਛਲੇ ਸਾਲ ਨਾਲੋਂ ₹ ਪੰਜ ਕਰੋੜ (0.37 *ਪ੍ਰਤੀਸ਼ਤ*) ਨਾਲ ਮਾਮੂਲੀ ਜਿਹੀ ਗਿਰਾਵਟ ਹੋਈ। ਜਦੋਂਕਿ 2019-20 ਦੌਰਾਨ ਪ੍ਰਾਪਤ ਕੀਤਾ ਵਿਆਜ, ਬਕਾਇਆ ਕਰਜ਼ਿਆਂ ਅਤੇ ਪੇਸ਼ਗੀਆਂ ਦਾ ਸਿਰਫ 3.10 *ਪ੍ਰਤੀਸ਼ਤ* ਸੀ।

ਸਾਲ 2019-20 ਦੇ ਅੰਤ ਵਿੱਚ ਬਕਾਇਆ ਕਰਜ਼ਿਆਂ (₹ 35,394 ਕਰੋੜ) ਵਿੱਚ ਰਾਜ ਸਰਕਾਰ ਦੁਆਰਾ ਹੇਠ ਲਿਖਤ ਲਈ ਦਿੱਤੇ ₹ 32,897 ਕਰੋੜ ਵਿੱਚੋਂ ₹ 31,658 ਕਰੋੜ ਦੇ ਦੀਰਘ ਕਾਲੀਨ ਕਰਜ਼ੇ ਸ਼ਾਮਲ ਸਨ –

- 2016-17 ਦੌਰਾਨ ਖੁਰਾਕ ਖਰੀਦ ਅਪਰੇਸ਼ਨਾਂ ਲਈ ਵਿਰਾਸਤੀ ਕੈਸ਼ ਕਰੈਡਿਟ ਦੇ ਲੇਖਿਆਂ (₹ 29,920 ਕਰੋੜ[10]), ਜਿਸ ਵਿੱਚੋਂ ₹ 29,428 ਕਰੋੜ ਬਕਾਇਆ ਸਨ, ਦੇ ਯੱਕਮੁਸ਼ਤ ਨਿਪਟਾਰੇ ਲਈ ; ਅਤੇ

- ਪੰਜ ਰਾਜ ਖਰੀਦ ਏਜੰਸੀਆਂ (ਐਸ ਪੀ ਏ) ਨੂੰ 2016-20 ਦੌਰਾਨ ਨਵੀਂ ਦਿੱਤੀ ਗਈ ਬਕਾਇਆ ਸੀ ਸੀ ਐਲ (₹ 2,977 ਕਰੋੜ) , ਜਿਸ ਵਿਚੋਂ ₹ 2,230 ਕਰੋੜ[11] ਬਕਾਇਆ ਪਏ ਸਨ, ਦਾ ਨਿਪਟਾਰਾ ਕਰਨ ਲਈ।

ਇੰਜ ਪੁਰਾਣੀ ਅਤੇ ਨਵੀਂ ਸੀ ਸੀ ਐਲ ਦਾ ਨਿਪਟਾਰਾ ਕਰਨ ਲਈ ਐਸ ਪੀ ਏਜ਼ ਨੂੰ 2016-20 ਦੌਰਾਨ ਪੇਸ਼ਗੀ ਦਿੱਤੇ ₹ 32,897 ਕਰੋੜ ਦੀ ਕੁੱਲ ਰਾਸ਼ੀ ਦੇ ਵਿਰੁੱਧ, ਕੇਵਲ ₹ 1,239 ਕਰੋੜ[12] ਦੀ ਹੀ ਵਸੂਲੀ ਕੀਤੀ ਗਈ ਸੀ।

ਚਾਲੂ ਸਾਲ ਦੌਰਾਨ, 2015-16 ਅਤੇ 2016-17 ਦੌਰਾਨ ਯੂ ਡੀ ਏ ਵਾਈ ਅਧੀਨ ਪੰਜਾਬ ਡਿਸਕੌਮ ਨੂੰ ਦਿੱਤੇ ₹ 15,628 ਕਰੋੜ ਦੇ ਕਰਜ਼ਿਆਂ ਨੂੰ ਸਹਾਇਤਾ ਗ੍ਰਾਂਟਾਂ (₹ 11,728 ਕਰੋੜ) ਅਤੇ ਇਕਿਊਟੀ (₹ 3,900 ਕਰੋੜ) ਵਿੱਚ ਤਬਦੀਲ ਕਰਨਾ ਸੀ, ਪ੍ਰੰਤੂ ₹ 15,628 ਕਰੋੜ ਦੀ ਸਾਰੀ ਰਾਸ਼ੀ ਨੂੰ ਇਕਿਊਟੀ ਵਿੱਚ ਬਦਲ ਦਿੱਤਾ ਗਿਆ ਸੀ, ਜਿਵੇਂ ਕਿ ਪੈਰ੍ਹਾ 2.4.2.2 (v) ਵਿੱਚ ਚਰਚਾ ਕੀਤੀ ਗਈ ਹੈ।

### *(iv) ਅਧੂਰੇ ਪ੍ਰੋਜੈਕਟਾਂ ਵਿੱਚ ਅਟਕੀ ਪੂੰਜੀ*

ਅਧੂਰੇ ਪਏ ਪੂੰਜੀਗਤ ਕੰਮਾਂ ਵਿੱਚ ਅਟਕੀ ਪੂੰਜੀ ਦੇ ਰੁਝਾਨਾਂ ਦਾ ਮੁਲਾਂਕਣ ਵੀ ਪੂੰਜੀਗਤ ਖਰਚੇ ਦੀ ਗੁਣਵੱਤਾ ਦਾ ਸੰਕੇਤ ਦੇਵੇਗਾ। ਅਧੂਰੇ ਪ੍ਰੋਜੈਕਟਾਂ/ਕੰਮਾਂ ਵਿੱਚ ਅਟਕੇ ਫੰਡ ਖਰਚੇ ਦੀ ਗੁਣਵੱਤਾ ਤੇ ਮਾੜਾ ਪ੍ਰਭਾਵ ਪਾਉਂਦੇ ਹਨ ਅਤੇ ਲੰਮੇ ਸਮੇਂ ਲਈ ਰਾਜ ਨੂੰ ਚਿਤਵੇ ਲਾਭਾਂ ਤੋਂ ਵਾਂਝੇ ਰਹਿਣਾ ਪੈਂਦਾ ਹੈ। ਇਸ ਤੋਂ ਇਲਾਵਾ, ਇਨ੍ਹਾਂ ਪ੍ਰੋਜੈਕਟਾਂ ਨੂੰ ਲਾਗੂ ਕਰਨ ਲਈ ਸਬੰਧਤ ਸਾਲਾਂ ਦੌਰਾਨ ਉਧਾਰ ਲਏ ਗਏ ਫੰਡ, ਕਰਜ਼ਾ ਵਾਪਸੀ ਅਤੇ ਵਿਆਜ ਦੇਣਦਾਰੀਆਂ ਦੀ ਸੂਰਤ ਵਿੱਚ ਵਾਧੂ ਬੋਝ ਦਾ ਕਾਰਣ ਬਣਦੇ

---

[10] ਇਸ ਕਰਜ਼ੇ ਨੂੰ ਰਾਜ ਸਰਕਾਰ ਦੁਆਰਾ ₹ 270 ਕਰੋੜ (ਵਿਆਜ ਸਮੇਤ) ਦੀਆਂ ਮਹੀਨਾਵਾਰ ਬਰਾਬਰ ਕਿਸ਼ਤਾਂ ਵਿੱਚ ਵਾਪਸ ਕਰਨਾ ਹੈ, ਸਿਵਾਏ ₹ 115 ਕਰੋੜ ਦੀ ਆਖਰੀ ਕਿਸ਼ਤ ਦੇ ਜਿਸਦੀ ਕਿ ਸਤੰਬਰ 2034 ਵਿੱਚ ਅਦਾਇਗੀ ਕੀਤੀ ਜਾਣੀ ਹੈ।

[11] ਇਸ ਤੋਂ ਇਲਾਵਾ ਪਨਸਪ ਤੋਂ 2010-11 ਤੋਂ ਪਹਿਲਾਂ ਦੇ ਸਮੇ ਨਾਲ ਸਬੰਧਤ ₹ 41 ਕਰੋੜ ਵੀ ਬਕਾਇਆ ਪਏ ਸਨ।

[12] ₹ 29,920 ਕਰੋੜ ਦੇ ਵਿਰੱਧ ₹ 492 ਕਰੋੜ (2017-18: ₹ 26 ਕਰੋੜ, 2018-19: ₹ 61 ਕਰੋੜ ਅਤੇ 2019-20: ₹ 405 ਕਰੋੜ) ਅਤੇ ₹ 2,977 ਕਰੋੜ ਦੇ ਵਿਰੁੱਧ ₹ 747 ਕਰੋੜ (2018-20)।

ਹਨ। ਅਧੂਰੇ ਪ੍ਰੋਜੈਕਟ ਜੋਕਿ 2019-20 ਤੱਕ ਪੂਰੇ ਹੋਣੇ ਸਨ ਦੇ ਸਮਾਂਵਾਰ ਅਤੇ ਵਿਭਾਗ ਵਾਰ ਵੇਰਵੇ ਕ੍ਰਮਵਾਰ **ਸਾਰਣੀ** 2.30 ਅਤੇ **ਸਾਰਣੀ** 2.31 ਵਿੱਚ ਦਰਸਾਏ ਗਏ ਹਨ।

**ਸਾਰਣੀ 2.30: 31 ਮਾਰਚ 2020 ਦੀ ਸਥਿਤੀ ਅਨੁਸਾਰ ਅਧੂਰੇ ਪ੍ਰੋਜੈਕਟਾਂ ਦੀ ਸਮਾਂਵਾਰ ਰੂਪ ਰੇਖਾ**

*(₹ ਕਰੋੜ ਵਿੱਚ)*

| ਆਰੰਭ ਹੋਣ ਦਾ ਸਾਲ | ਅਧੂਰੇ ਪ੍ਰੋਜੈਕਟਾਂ ਦੀ ਸੰਖਿਆ | ਅਨੁਮਾਨਤ ਲਾਗਤ | ਖਰਚਾ (31 ਮਾਰਚ 2020 ਤੱਕ) |
|---|---|---|---|
| 2011-12 ਤੱਕ | 03 | 2,543.96 | 770.94 |
| 2012-13 | -- | 0.00 | 0.00 |
| 2013-14 | -- | 0.00 | 0.00 |
| 2014-15 | 02 | 71.14 | 61.16 |
| 2015-16 | 04 | 71.11 | 53.52 |
| 2016-17 | 10 | 292.23 | 195.49 |
| 2017-18 | 04 | 72.31 | 55.44 |
| 2018-19 | 16 | 173.03 | 46.26 |
| 2019-20 | 13 | 37.82 | 18.46 |
| **ਜੋੜ** | **52** | **3,261.60** | **1,201.27** |

**ਸਾਰਣੀ 2.31: 31 ਮਾਰਚ 2020 ਦੀ ਸਥਿਤੀ ਅਨੁਸਾਰ ਅਧੂਰੇ ਪ੍ਰੋਜੈਕਟਾਂ ਦੀ ਵਿਭਾਗਵਾਰ ਰੂਪ ਰੇਖਾ**

*(₹ ਕਰੋੜ ਵਿੱਚ)*

| ਵਿਭਾਗ | ਅਧੂਰੇ ਪ੍ਰੋਜੈਕਟਾਂ ਦੀ ਸੰਖਿਆ | ਅਨੁਮਾਨਤ ਲਾਗਤ | ਖਰਚਾ (31 ਮਾਰਚ 2020 ਤੱਕ) |
|---|---|---|---|
| ਲੋਕ ਨਿਰਮਾਣ | 28 | 363.19 | 170.22 |
| ਸਿੰਜਾਈ | 19 | 2,651.98 | 843.09 |
| ਜਲ ਸਪਲਾਈ ਅਤੇ ਸੈਨੀਟੇਸ਼ਨ | 05 | 246.43 | 187.96 |
| **ਜੋੜ** | **52** | **3,261.60** | **1,201.27** |

*ਸ੍ਰੋਤ: ਵਿੱਤ ਲੇਖੇ*

52 ਅਧੂਰੇ ਪ੍ਰੋਜੈਕਟਾਂ ਤੇ ਕੀਤੇ ₹ 1,201.27 ਕਰੋੜ ਦੇ ਖਰਚੇ ਤੋਂ ਚਿਤਵੇ ਲਾਭ ਮਿਲਣੇ ਅਜੇ ਬਾਕੀ ਸਨ। 52 ਅਧੂਰੇ ਪ੍ਰੋਜੈਕਟਾਂ, ਵਿਚੋਂ, 19 ਪ੍ਰੋਜੈਕਟਾਂ ਜਿਨ੍ਹਾਂ ਤੇ ₹ 1,081.11 ਕਰੋੜ ਦਾ ਖਰਚਾ ਕੀਤਾ ਗਿਆ ਸੀ, 2017-18 ਤੋਂ ਪਹਿਲਾਂ ਦੇ ਸਮੇਂ ਨਾਲ ਸਬੰਧਤ ਸਨ।

ਪ੍ਰੋਜੈਕਟਾਂ ਦੇ ਪੂਰੇ ਹੋਣ ਵਿੱਚ ਦੇਰੀ ਨੇ ਨਾ ਕੇਵਲ ਖਰਚੇ ਦੀ ਗੁਣਵੱਤਾ ਤੇ ਮਾੜਾ ਅਸਰ ਪਾਇਆ ਸਗੋਂ ਇਸ ਨੇ ਰਾਜ ਨੂੰ ਚਿਤਵੇ ਲਾਭਾਂ ਅਤੇ ਆਰਥਿਕ ਵਿਕਾਸ ਤੋਂ ਵੀ ਵਾਂਝੇ ਰੱਖਿਆ। ਰਾਜ ਸਰਕਾਰ ਨੇ ਕਿਹਾ (ਜੂਨ 2021) ਕਿ ਇਸ ਸਬੰਧ ਵਿੱਚ ਜ਼ਰੂਰੀ ਕਾਰਵਾਈ ਕਰਨ ਲਈ ਮਾਮਲਾ ਸਬੰਧਤ ਵਿਭਾਗ ਕੋਲ ਉਠਾਇਆ ਜਾ ਚੁੱਕਾ ਸੀ।

### *(v) ਉਜਵਲ ਡਿਸਕੌਮ ਐਸ਼ੋਰੈਂਸ ਯੋਜਨਾ (ਯੂ ਡੀ ਏ ਵਾਈ) ਦਾ ਲਾਗੂਕਰਣ*

ਪਾਵਰ ਵੰਡ ਕੰਪਨੀਆਂ (ਡਿਸਕੌਮਜ਼) ਦੀ ਵਿੱਤੀ ਕਾਇਆ ਬਦਲਣ ਦੇ ਉਦੇਸ਼ ਨੂੰ ਯਕੀਨੀ ਬਣਾਉਣ ਲਈ ਭਾਰਤ ਸਰਕਾਰ (ਜੀ ਓ ਆਈ) ਦੇ ਪਾਵਰ ਮੰਤਰਾਲੇ ਨੇ ਰਾਜ ਡਿਸਕੌਮਜ਼ ਦੀ ਅਪ੍ਰੇਸ਼ਨਲ ਅਤੇ ਵਿੱਤੀ ਨਿਪੁੰਨਤਾ ਸੁਧਾਰਨ ਵਾਸਤੇ, ਉਜਵਲ ਡਿਸਕੌਮ ਐਸ਼ੋਰੈਂਸ ਯੋਜਨਾ (ਯੂ ਡੀ ਏ ਵਾਈ) ਆਰੰਭ ਕੀਤੀ (ਨਵੰਬਰ 2015)। ਇਸ ਸਕੀਮ ਨੇ ਦੋ ਸਾਲਾਂ ਦੇ ਸਮੇ ਦੌਰਾਨ ਡਿਸਕੌਮਜ਼ ਦੇ ਬਕਾਇਆ ਕਰਜ਼ੇ ਦੇ 75 *ਪ੍ਰਤੀਸ਼ਤ* ਨੂੰ ਅਪਣਾਉਣ ਵਿੱਚ ਰਾਜ ਸਰਕਾਰਾਂ ਦੀ ਮੱਦਦ ਕੀਤੀ।

ਡਿਸਕੌਮਜ਼ ਦੇ ਬਕਾਇਆ ਕਰਜ਼ੇ ਨੂੰ, ਇਕਿਊਟੀ, ਕਰਜ਼ਾ ਅਤੇ ਗ੍ਰਾਂਟ/ਸਬਸਿਡੀ ਦੇ ਰੂਪ ਵਿੱਚ ਅਪਣਾਇਆ ਜਾਣਾ ਸੀ। ਡਿਸਕੌਮਜ਼ ਨੂੰ ਯੂ ਡੀ ਏ ਵਾਈ ਅਧੀਨ ਦਿੱਤਾ ਕਰਜ਼ਾ ਬਾਅਦ ਦੇ ਤਿੰਨ ਸਾਲਾਂ ਦੌਰਾਨ ਗ੍ਰਾਂਟ ਅਤੇ ਇਕਿਊਟੀ ਵਿੱਚ ਬਦਲਣਾ ਪੈਣਾ ਸੀ।

ਇਸ ਤੋਂ ਇਲਾਵਾ, ਰਾਜ ਸਰਕਾਰ ਲਈ ਡਿਸਕੌਮਜ਼ ਦਾ ਘਾਟਾ, ਜੇਕਰ ਕੋਈ ਹੋਵੇ, ਨੂੰ ਵੀ ਗ੍ਰੇਡਡ ਢੰਗ ਨਾਲ ਹੇਠ ਲਿਖੇ ਅਨੁਸਾਰ ਅਪਣਾਇਆ ਜਾਣਾ ਲੋੜੀਂਦਾ ਸੀ:

| ਸਾਲ | 2017-18 | 2018-19 | 2019-20 | 2020-21 |
|---|---|---|---|---|
| **ਘਾਟਾ, ਜੋਕਿ ਰਾਜ ਦੁਆਰਾ ਅਪਣਾਇਆ ਜਾਣਾ ਸੀ** | 2016-17 ਦੇ ਘਾਟੇ ਦਾ 5% | 2017-18 ਦੇ ਘਾਟੇ ਦਾ 10% | 2018-19 ਦੇ ਘਾਟੇ ਦਾ 25% | 2019-20 ਦੇ ਘਾਟੇ ਦਾ 50% |

ਇਸ ਅਨੁਸਾਰ, 30 ਸਤੰਬਰ 2015 ਤੱਕ ਪੰਜਾਬ ਡਿਸਕੌਮਜ਼ ਦੇ ਬਕਾਇਆ ਕਰਜ਼ੇ (₹ 20,837.68 ਕਰੋੜ) ਦੇ 75 *ਪ੍ਰਤੀਸ਼ਤ* ਨੂੰ ਅਪਣਾਉਣ ਲਈ, ਭਾਰਤ ਸਰਕਾਰ (ਜੀ ਓ ਆਈ), ਪੰਜਾਬ ਸਰਕਾਰ (ਜੀ ਓ ਪੀ) ਅਤੇ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਿਟਡ (ਪੀ ਐਸ ਪੀ ਸੀ ਐਲ) ਭਾਵ ਪੰਜਾਬ ਡਿਸਕੌਮ ਵਿਚਕਾਰ, 4 ਮਾਰਚ 2016 ਨੂੰ ਇੱਕ ਤਿਪੱਖੀ ਮੈਮੋਰੰਡਮ ਆਫ ਅੰਡਰਸਟੈਂਡਿੰਗ (ਐਮ ਓ ਯੂ) ਸਹੀਬੱਧ ਕੀਤਾ ਗਿਆ ।

ਐਮ ਓ ਯੂ ਅਨੁਸਾਰ, ਪੰਜਾਬ ਸਰਕਾਰ ਨੇ ਪੰਜਾਬ ਡਿਸਕੌਮ ਦੇ ਕਰਜ਼ੇ ਦਾ 2015-16 ਵਿੱਚ 50 *ਪ੍ਰਤੀਸ਼ਤ* (₹10,418.84 ਕਰੋੜ) ਅਤੇ 2016-17 ਵਿੱਚ 25 *ਪ੍ਰਤੀਸ਼ਤ* (₹ 5,209.42 ਕਰੋੜ) ਅਪਣਾਉਣ ਦਾ ਵਚਨ ਦਿੱਤਾ। ਰਾਜ ਸਰਕਾਰ ਨੇ ਬਾਂਡ ਜਾਰੀ ਕਰਕੇ ਇਹ ਰਾਸ਼ੀ ਜੁਟਾਉਣੀ ਸੀ। ਜੁਟਾਈ ਗਈ ਇਹ ਰਾਸ਼ੀ ਪੰਜਾਬ ਡਿਸਕੌਮ ਨੂੰ ਕਰਜ਼ੇ ਵਜੋਂ ਅਦਾ ਕੀਤੀ ਜਾਣੀ ਸੀ। ਵਿੱਤੀ ਵਰ੍ਹੇ ਦੌਰਾਨ ਡਿਸਕੌਮ ਵੱਲੋਂ ਪੰਜਾਬ ਸਰਕਾਰ ਨੂੰ ਬਕਾਇਆ ਕਰਜ਼ੇ ਉੱਤੇ ਉਸ ਦਰ ਤੇ ਵਿਆਜ ਦਿੱਤਾ ਜਾਣਾ ਸੀ ਜਿਸ ਤੇ ਕਿ ਪੰਜਾਬ ਸਰਕਾਰ ਵਲੋਂ ਬਾਂਡ ਜਾਰੀ ਕੀਤੇ ਗਏ ਸਨ। ਰਾਜ ਸਰਕਾਰ ਨੇ 2019-20 ਦੌਰਾਨ ₹ 15,628.26 ਕਰੋੜ ਦੇ ਕਰਜ਼ੇ ਨੂੰ ਗ੍ਰਾਂਟ (₹ 11,728.26 ਕਰੋੜ) ਅਤੇ ਇਕਊਟੀ (₹ 3,900 ਕਰੋੜ) ਵਿੱਚ ਬਦਲਣ ਦਾ ਵਚਨ ਦਿੱਤਾ।

ਪੰਜਾਬ ਸਰਕਾਰ, ਸਾਲ 2015-16 ਦੌਰਾਨ ₹ 10,418.84 ਕਰੋੜ ਦੀ ਵਚਨਬੱਧਤਾ ਦੀ ਤੁਲਨਾ ਵਿੱਚ ਯੂ ਡੀ ਏ ਵਾਈ ਬਾਂਡਾਂ ਰਾਹੀਂ ₹ 9,859.72 ਕਰੋੜ ਦੇ ਉਧਾਰ ਹੀ ਲੈ ਸਕੀ ਅਤੇ ਇਸ ਤਰਾਂ ਪੀ ਐਸ ਪੀ ਸੀ ਐਲ ਨੂੰ ਦਿੱਤੇ ਵਚਨ ਨਾਲੋਂ ₹ 559.12 ਕਰੋੜ ਘੱਟ ਭਰਪੂਰਤੀ ਕੀਤੀ ਗਈ। ਇਨ੍ਹਾਂ ₹ 9,859.72 ਕਰੋੜ ਵਿੱਚੋਂ, ਭਾਰਤੀ ਰਿਜ਼ਰਵ ਬੈਂਕ (ਆਰ ਬੀ ਆਈ) ਰਾਹੀਂ 31 ਮਾਰਚ 2016 ਨੂੰ ਗੈਰ ਨਕਦੀ ਵਿੱਤੀ ਕਾਰਵਿਹਾਰ ਵਜੋਂ ਕੀਤਾ ₹ 4,262.65 ਕਰੋੜ ਦਾ ਵਿੱਤੀ ਕਾਰਵਿਹਾਰ ਰਾਜ ਦੇ ਵਿੱਤ ਲੇਖਿਆਂ ਵਿੱਚ ਲੇਖਾਬੱਧ ਨਹੀਂ ਹੋਇਆ ਸੀ। ਇਸ ਤਰ੍ਹਾਂ 2015-16 ਦੇ ਵਿੱਤ ਲੇਖਿਆਂ ਵਿੱਚ ਕੇਵਲ ₹ 5,597.07 ਕਰੋੜ ਦੇ ਉਧਾਰ ਹੀ ਲਏ ਗਏ ਸਨ ਅਤੇ ਇੰਜ ਰਾਜ ਦੇ ਕਰਜ਼ੇ ਨੂੰ ਉਸ ਸਾਲ ਦੌਰਾਨ ₹ 4,262.65 ਕਰੋੜ ਨਾਲ ਘੱਟ ਕਰਕੇ ਦਰਸਾਇਆ ਗਿਆ।

ਸਾਲ 2016-17 ਦੌਰਾਨ ₹ 5,209.42 ਕਰੋੜ ਦੀ ਵਚਨਬੱਧਤਾ ਦੀ ਤੁਲਨਾ ਵਿੱਚ, ਪੰਜਾਬ ਸਰਕਾਰ ਨੇ ₹ 5,768.54 ਕਰੋੜ ਕਰਜ਼ੇ ਵਜੋਂ ਟਰਾਂਸਫਰ ਕੀਤੇ, ਜਿਸ ਵਿੱਚ 2015-16 ਦੀ ₹ 559.12 ਕਰੋੜ ਦੀ ਬਕਾਇਆ ਰਾਸ਼ੀ ਸ਼ਾਮਲ ਸੀ। ਜਦੋਂਕਿ ਲੇਖਿਆਂ ਵਿੱਚ ₹ 10,031.19 ਕਰੋੜ ਦਾ ਇੰਦਰਾਜ ਜਨਤਕ ਕਰਜ਼ਿਆਂ ਵਜੋਂ ਕੀਤਾ ਗਿਆ, ਜਿਸ ਵਿੱਚ ਪਿਛਲੇ

ਸਾਲ ਦੇ ਲੇਖਿਆਂ ਦੇ ₹ 4,262.65 ਕਰੋੜ ਸ਼ਾਮਲ ਸਨ। ਇਸ ਕਰਕੇ 2016-17 ਵਿੱਚ ਰਾਜ ਦੇ ਕਰਜ਼ਿਆਂ ਅਤੇ ਵਿੱਤੀ ਘਾਟੇ ਨੂੰ ਓਨੀ ਹੀ ਰਾਸ਼ੀ ਨਾਲ ਵਧਾ ਕੇ ਦਰਸਾਇਆ ਗਿਆ।

ਪੰਜਾਬ ਡਿਸਕੌਮ ਦੇ ਬਕਾਇਆ ਕਰਜ਼ੇ ਉੱਤੇ 8.00 *ਪ੍ਰਤੀਸ਼ਤ* ਤੋਂ 12.50 *ਪ੍ਰਤੀਸ਼ਤ* ਦੇ ਵਿਚਕਾਰ ਵਿਆਜ ਲੱਗਣਯੋਗ ਸੀ। ਇਸ ਵਿਚੋਂ ₹ 15,628.26 ਕਰੋੜ ਦੇ ਕਰਜ਼ੇ ਦੀ ਰਾਸ਼ੀ ਦੇ 75 *ਪ੍ਰਤੀਸ਼ਤ* ਨੂੰ 7.21 *ਪ੍ਰਤੀਸ਼ਤ* ਅਤੇ 8.72 *ਪ੍ਰਤੀਸ਼ਤ* ਦੇ ਵਿਚਕਾਰ ਘੱਟ ਵਿਆਜ ਦਰਾਂ ਵਾਲੇ ਕਰਜੇ ਨਾਲ ਪ੍ਰਤੀਸਥਾਪਨ ਕਰ ਦਿੱਤਾ ਗਿਆ ਸੀ। ਯੂ ਡੀ ਏ ਵਾਈ ਅਧੀਨ ਪੰਜਾਬ ਡਿਸਕੌਮ ਵਿੱਚ ਇਕਿਊਟੀ/ ਕਰਜ਼ੇ/ ਗ੍ਰਾਂਟ ਦੇਣ ਦੀ ਸਥਿਤੀ **ਸਾਰਣੀ** 2.32 ਵਿੱਚ ਦਿੱਤੀ ਗਈ ਹੈ।

**ਸਾਰਣੀ 2.32: ਯੂ ਡੀ ਏ ਵਾਈ ਅਧੀਨ ਇਕਿਊਟੀ/ਕਰਜ਼ਾ/ਗ੍ਰਾਂਟ ਦੀ ਸਥਿਤੀ**

*(₹ ਕਰੋੜ ਵਿੱਚ)*

| ਸਾਲ | ਇਕਊਟੀ ਨਿਵੇਸ਼ | ਕਰਜ਼ਾ | ਰੈਵੀਨਿਊ ਗ੍ਰਾਂਟ | ਜੋੜ |
|---|---|---|---|---|
| 2015-16 | -- | 9,859.72 | -- | 9,859.72 |
| 2016-17 | -- | 5,768.54 | -- | 5,768.54 |
| **ਜੋੜ** | **--** | **15,628.26** | **--** | **15,628.26** |
| 2017-18 | -- | -- | 141.81 | 141.81 |
| 2018-19 | -- | -- | 90.69 | 90.69 |
| 2019-20 | 15,628.26 | -- | -- | 15,628.26 |
| **ਜੋੜ** | **15,628.26** | **--** | **232.50** | **15,860.76** |

*ਸ੍ਰੋਤ: ਵਿੱਤ ਲੇਖੇ*

ਇਹ ਵੇਖਿਆ ਗਿਆ ਸੀ ਕਿ ਐਮ ਓ ਯੂ ਦੇ ਉਪਬੰਧਾਂ ਦੀ ਉਲੰਘਣਾ ਵਿੱਚ ਰਾਜ ਸਰਕਾਰ ਨੇ 2019-20 ਦੌਰਾਨ ₹ 15,628.26 ਕਰੋੜ ਦੀ ਸਾਰੀ ਰਾਸ਼ੀ ਨੂੰ ਇਕਿਊਟੀ (₹ 11,728.26 ਕਰੋੜ ਨੂੰ ਗ੍ਰਾਂਟ ਵਜੋਂ ਅਤੇ ₹ 3,900 ਕਰੋੜ ਨੂੰ ਇਕਿਊਟੀ ਦੀ ਬਜਾਏ) ਵਿੱਚ ਬਦਲ ਦਿੱਤਾ (ਮਾਰਚ 2020)। ਇਸ ਤੋਂ ਇਲਾਵਾ, ਜਿਵੇਂ ਕਿ ਸਕੀਮ ਵਿੱਚ ਸਪਸ਼ਟ ਕੀਤਾ ਗਿਆ ਸੀ ਰਾਜ ਸਰਕਾਰ ਨੇ 2017-18 ਅਤੇ 2018-19 ਲਈ ਡਿਸਕੌਮ ਦੇ ਘਾਟਿਆ ਨੂੰ ₹ 232.50 ਕਰੋੜ ਦੀ ਰੈਵੀਨਿਊ ਗ੍ਰਾਂਟ ਦੀ ਅਦਾਇਗੀ ਕਰਕੇ ਅਪਨਾ ਲਿਆ ਪ੍ਰੰਤੂ ਇਸ ਨੇ ਚਾਲੂ ਸਾਲ ਦੌਰਾਨ ₹ 9.45 ਕਰੋੜ (ਡਿਸਕੌਮ ਦੇ 2018-19 ਦੌਰਾਨ ਹੋਏ ₹ 37.80 ਕਰੋੜ ਦੇ ਘਾਟੇ ਦਾ 25 *ਪ੍ਰਤੀਸ਼ਤ*) ਦੀ ਰੈਵੀਨਿਊ ਗ੍ਰਾਂਟ ਦੀ ਅਦਾਇਗੀ ਨਹੀਂ ਕੀਤੀ।

ਇੰਜ, ਚਾਲੂ ਵਰ੍ਹੇ ਦੌਰਾਨ ਰਾਜ ਦਾ ਰੈਵੀਨਿਊ ਘਾਟਾ ਅਤੇ ਵਿੱਤੀ ਘਾਟਾ ਕ੍ਰਮਵਾਰ ₹ 11,737.71 ਕਰੋੜ ਅਤੇ ₹ 9.45 ਕਰੋੜ ਅਸਲ ਤੋ ਘੱਟ ਕਰਕੇ ਦਰਸਾਇਆ ਗਿਆ ਸੀ ।

ਰਾਜ ਸਰਕਾਰ ਨੇ ਕਿਹਾ (ਜੂਨ 2021) ਕਿ 2019-20 ਦੌਰਾਨ ₹ 15,628.26 ਕਰੋੜ ਦੀ ਸਾਰੀ ਰਾਸ਼ੀ ਮੰਤਰੀ ਮੰਡਲ ਅਤੇ ਵਿਧਾਨ ਸਭਾ ਦੀ ਪ੍ਰਵਾਨਗੀ ਨਾਲ ਇਕਿਊਟੀ ਵਿੱਚ ਬਦਲ ਦਿੱਤੀ ਗਈ ਸੀ। ਸਰਕਾਰ ਦਾ ਉੱਤਰ ਐਮ ਓ ਯੂ ਦੇ ਉਪਬੰਧਾਂ ਅਨੁਸਾਰ ਨਹੀਂ ਸੀ। ਸਰਕਾਰ ਨੇ ਅੱਗੇ ਇਹ ਵੀ ਕਿਹਾ ਕਿ ਮਾਰਚ 2021 ਵਿੱਚ ਪੀ ਐਸ ਪੀ ਸੀ ਐਲ ਨੂੰ ₹ 9.45 ਕਰੋੜ ਦੀ ਬਣਦੀ ਰਾਸ਼ੀ ਦਾ ਫੰਡ ਸਹਾਇਤਾ ਗ੍ਰਾਂਟ ਵਜੋਂ ਦੇ ਦਿੱਤਾ ਗਿਆ ਸੀ।

### *2.4.2.3 ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ ਪ੍ਰੋਜੈਕਟਾਂ ਅਧੀਨ ਰਾਜ ਦੇ ਸਾਧਨਾਂ ਦੀ ਉਪਲੱਬਧਤਾ*

ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ (ਪੀ ਪੀ ਪੀ) ਇਕ ਪ੍ਰਬੰਧ ਹੈ ਜੋ ਸਰਕਾਰ ਜਾਂ ਵਿਧਾਨਕ ਇਕਾਈ ਅਤੇ ਕਿਸੇ ਪ੍ਰਾਈਵੇਟ ਸੈਕਟਰ ਦੀ ਇਕਾਈ ਵਿਚਕਾਰ ਅਜਿਹਾ ਫਰੇਮਵਰਕ ਮੁਹੱਈਆ ਕਰਵਾਉਂਦਾ ਹੈ ਜਿਹੜਾ ਕਿ ਇਨ੍ਹਾਂ ਨੂੰ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਜਨਤਾ ਦੀ ਵਧ ਰਹੀ ਮੰਗ ਨੂੰ ਪੂਰਾ ਕਰਨ ਲਈ, ਮਿਲ ਕੇ ਕੰਮ ਕਰਨ ਦੇ ਯੋਗ ਬਣਾਉਂਦਾ ਹੈ। ਪੀ ਪੀ ਪੀ ਪ੍ਰੋਜੈਕਟਾਂ ਦੇ ਖੇਤਰ-ਵਾਰ ਵੇਰਵੇ **ਸਾਰਣੀ** 2.33 ਵਿੱਚ ਦਿੱਤੇ ਗਏ ਹਨ।

**ਸਾਰਣੀ 2.33: ਪੀ ਪੀ ਪੀ ਪ੍ਰੋਜੈਕਟਾਂ ਦੇ 31 ਮਾਰਚ 2020 ਦੀ ਸਥਿਤੀ ਅਨੁਸਾਰ ਸੈਕਟਰ ਵਾਰ ਵੇਰਵੇ**

*(₹ ਕਰੋੜ ਵਿੱਚ)*

| ਲੜੀ ਨੰ. | ਸੈਕਟਰ | ਮੁਕੰਮਲ ਹੋਏ | | ਚਲ ਰਹੇ | | ਭਵਿੱਖ ਲਈ ਬਣਾਈ ਯੋਜਨਾ | |
|---|---|---|---|---|---|---|---|
| | | ਸੰਖਿਆ | ਅਨੁਮਾਨਤ ਲਾਗਤ | ਸੰਖਿਆ | ਅਨੁਮਾਨਤ ਲਾਗਤ | ਸੰਖਿਆ | ਅਨੁਮਾਨਤ ਲਾਗਤ |
| 1. | ਸੜਕਾਂ | 14 | 1,027.02 | -- | -- | -- | -- |
| 2. | ਸ਼ਹਿਰੀ ਬੁਨਿਆਦੀ ਢਾਂਚਾ | -- | -- | 03[13] | 689.00 | 04[14] | 125.00 |
| | **ਜੋੜ** | **14** | **1,027.02** | **03** | **689.00** | **04** | **125.00** |

*ਸ੍ਰੋਤ: ਵਿਭਾਗੀ ਸੂਚਨਾ*

31 ਮਾਰਚ 2020 ਤੱਕ ਮੁਕੰਮਲ ਹੋਏ 14 ਸੜਕ ਪ੍ਰੋਜੈਕਟਾਂ ਅਤੇ ਤਿੰਨ ਚਲ ਰਹੇ ਸ਼ਹਿਰੀ ਬੁਨਿਆਦੀ ਢਾਂਚਾ ਪ੍ਰੋਜੈਕਟਾਂ ਤੋਂ ਪ੍ਰਾਪਤ ਹੋਇਆ ਰੈਵੀਨਿਊ ਕ੍ਰਮਵਾਰ ₹ 60 ਕਰੋੜ ਅਤੇ ₹ 371 ਕਰੋੜ ਸੀ।

### 2.4.3 ਖਰਚੇ ਦੀਆਂ ਤਰਜੀਹਾਂ

ਮਨੁੱਖੀ ਵਿਕਾਸ ਦੇ ਪੱਧਰਾਂ ਨੂੰ ਅਗਾਂਹ ਵਧਾਉਣ ਲਈ, ਰਾਜਾਂ ਨੂੰ ਮਹੱਤਵਪੂਰਣ ਸਮਾਜਿਕ ਸੇਵਾਵਾਂ ਜਿਵੇਂ ਕਿ ਸਿੱਖਿਆ, ਸਿਹਤ, ਆਦਿ ਉੱਤੇ ਆਪਣੇ ਖਰਚਿਆਂ ਨੂੰ ਵਧਾਉਣ ਦੀ ਜ਼ਰੂਰਤ ਹੈ। ਜੇਕਰ ਇਹ ਵੰਡ ਸਬੰਧਤ ਰਾਸ਼ਟਰੀ ਔਸਤ ਤੋਂ ਨੀਵੀਂ ਹੈ ਤਾਂ ਉਸ ਸੈਕਟਰ ਨੂੰ ਘੱਟ ਵਿੱਤੀ ਤਰਜੀਹ (ਕਿਸੇ ਸ਼੍ਰੇਣੀ ਅਧੀਨ ਖਰਚੇ ਦੀ ਕੁੱਲ ਖਰਚੇ ਨੂੰ ਰੇਸ਼ੋ) ਦਿੱਤੀ ਗਈ ਹੈ। ਕੁੱਲ ਖਰਚੇ ਨੂੰ ਇਨ੍ਹਾਂ ਕੰਪੋਨੈਂਟਾਂ ਦੀ ਜਿੰਨੀ ਉਚੇਰੀ ਰੇਸ਼ੋ ਹੋਵੇਗੀ, ਖਰਚੇ ਦੀ ਗੁਣਵੱਤਾ ਓਨੀ ਹੀ ਬਿਹਤਰ ਸਮਝੀ ਜਾਵੇਗੀ।

---

13 (i) ਅੰਮ੍ਰਿਤਸਰ ਵਿਖੇ ਅਰਬਨ ਹੱਟ ਦਾ ਨਵੀਨੀਕਰਨ, ਸੰਚਾਲਨ ਅਤੇ ਰੱਖ-ਰਖਾਅ; (ii) ਪਟਿਆਲਾ ਵਿਖੇ ਓਮੈਕਸ ਸਿਟੀ ਅਤੇ; (iii) ਐਸ ਏ ਐਸ ਨਗਰ ਵਿਖੇ ਬਸ ਟਰਮੀਨਲ-ਕਮ-ਕਮਰਸ਼ੀਅਲ ਕੰਪਲੈਕਸ ਦਾ ਵਿਕਾਸ।

14 (i) ਧਾਰਕਲਾਂ, ਪਠਾਨਕੋਟ ਵਿਖੇ ਸਟੈਂਡਰਡ ਸੈਰ-ਸਪਾਟਾ ਪ੍ਰੋਜੈਕਟ; (ii) ਗੁਰੂ ਰਾਮ ਦਾਸ ਅਰਬਨ ਅਸਟੇਟ ਵਿਖੇ ਕੰਨਵੈਂਨਸ਼ਨ ਸੈਂਟਰ; (iii) ਅੰਮ੍ਰਿਤਸਰ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਹਸਪਤਾਲ ਦੀ ਪੁਰਾਣੀ ਸਾਈਟ ਵਿਖੇ ਹੈਰੀਟੇਜ ਹੋਟਲ; ਅਤੇ(iv) ਲੁਧਿਆਣਾ ਵਿਖੇ ਪ੍ਰਦਰਸ਼ਨੀ ਕੇਂਦਰ ਦਾ ਨਿਰਮਾਣ ਅਤੇ ਸੰਚਾਲਨ।

ਸਮਾਜਿਕ ਅਤੇ ਆਰਥਿਕ ਖੇਤਰ ਉੱਤੇ ਖਰਚੇ, ਆਦਿ ਦੇ ਸੰਬੰਧ ਵਿੱਚ ਰਾਜ ਸਰਕਾਰ ਦੀ ਵਿੱਤੀ ਤਰਜੀਹ[15] ਨੂੰ **ਸਾਰਣੀ** 2.34 ਵਿੱਚ ਦਰਸਾਇਆ ਗਿਆ ਹੈ।

**ਸਾਰਣੀ 2.34: ਸਿਹਤ, ਸਿੱਖਿਆ ਅਤੇ ਪੂੰਜੀਗਤ ਆਊਟਲੇਅ ਨਾਲ ਸਬੰਧਤ ਰਾਜ ਦੇ ਖਰਚੇ ਦੀ ਤਰਜੀਹ**

(*ਪ੍ਰਤੀਸ਼ਤ* ਵਿੱਚ)

| | ਟੀ ਈ/ ਜੀ ਐਸ ਡੀ ਪੀ | ਸੀ ਈ /ਟੀ ਈ | ਸਿੱਖਿਆ*/ਟੀ ਈ | ਸਿਹਤ/ ਟੀ ਈ |
|---|---|---|---|---|
| **ਸਰਵ ਭਾਰਤੀ ਔਸਤ / ਆਮ ਸ਼੍ਰੇਣੀ ਰਾਜਾਂ ਦੀ ਔਸਤ** (2015-16) | 16.97 | 14.81 | 15.68 | 4.79 |
| **ਪੰਜਾਬ** 2015-16 | 15.15 | 5.18 | 14.88 | 4.41 |
| **ਸਰਵ ਭਾਰਤੀ ਔਸਤ / ਆਮ ਸ਼੍ਰੇਣੀ ਰਾਜਾਂ ਦੀ ਔਸਤ** (2019-20) | 15.15 | 12.97 | 15.91 | 5.21 |
| **ਪੰਜਾਬ** 2019-20 | 16.44 | 18.87 | 11.74 | 3.72 |

*ਸ੍ਰੋਤ: ਹਿੰਦਸਿਆਂ ਦੀ ਆਂਕਣਾ ਸਬੰਧਿਤ ਰਾਜਾਂ ਦੇ ਵਿੱਤ ਲੇਖਿਆਂ ਦੇ ਆਧਾਰ ਤੇ ਕੀਤੀ ਗਈ*

*ਟੀ ਈ: ਕੁੱਲ ਖਰਚਾ ਅਤੇ ਸੀ ਈ: ਪੂੰਜੀਗਤ ਖਰਚਾ (ਕਰਜ਼ੇ ਅਤੇ ਪੇਸ਼ਗੀਆਂ ਤੋਂ ਬਗੈਰ)।*

** ਸਿੱਖਿਆ ਉੱਤੇ ਖਰਚੇ ਵਿੱਚ ਖੇਡਾਂ, ਕਲਾ ਅਤੇ ਸੱਭਿਆਚਾਰ ਉੱਤੇ ਖਰਚਾ ਸ਼ਾਮਲ ਹੈ।*

**ਸਾਰਣੀ 2.34** ਦਰਸਾਉਂਦੀ ਹੈ ਕਿ:

- ਜੀ ਐਸ ਡੀ ਪੀ ਦੇ ਅਨੁਪਾਤ ਵਜੋਂ ਰਾਜ ਸਰਕਾਰ ਦਾ ਕੁੱਲ ਖਰਚਾ 2015-16 ਵਿੱਚ 15.15 *ਪ੍ਰਤੀਸ਼ਤ* ਤੋਂ ਵਧ ਕੇ 2019-20 ਵਿੱਚ 16.44 *ਪ੍ਰਤੀਸ਼ਤ* ਹੋ ਗਿਆ, ਜਦੋਂਕਿ ਆਮ ਸ਼੍ਰੇਣੀ ਰਾਜਾਂ (ਜੀ ਸੀ ਐਸ) ਲਈ ਇਸੇ ਸਮੇਂ ਦੌਰਾਨ ਇਹ 16.97 *ਪ੍ਰਤੀਸ਼ਤ* ਤੋਂ ਘਟ ਕੇ 15.15 *ਪ੍ਰਤੀਸ਼ਤ* ਰਹਿ ਗਿਆ।

- ਪੂੰਜੀਗਤ ਖਰਚਾ ਜਾਇਦਾਦ ਸਿਰਜਣਾ ਵਿੱਚ ਸਹਾਈ ਹੁੰਦਾ ਹੈ, ਜਿਸ ਨਾਲ ਉਚੇਰੇ ਵਿਕਾਸ ਲਈ ਮੌਕੇ ਪੈਦਾ ਹੁੰਦੇ ਹਨ। ਇਸ ਨਾਲ ਸਬੰਧਤ ਰੇਸ਼ੋ 2015-16 ਵਿੱਚ 5.18 *ਪ੍ਰਤੀਸ਼ਤ* ਤੋਂ ਵਧ ਕੇ 2019-20 ਵਿੱਚ 18.87 *ਪ੍ਰਤੀਸ਼ਤ* ਹੋ ਗਈ ਜੋ ਕਿ ਮੁੱਖ ਤੌਰ ਤੇ ₹ 15,628 ਕਰੋੜ ਯੂ ਡੀ ਏ ਵਾਈ ਕਰਜ਼ਿਆਂ ਦੇ ਪੀ ਐਸ ਪੀ ਸੀ ਐਲ ਵਿੱਚ ਇਕਿਊਟੀ ਵਿੱਚ ਬਦਲਣ ਕਰਕੇ, ਪੂੰਜੀਗਤ ਆਊਟਲੇਅ ਵਿੱਚ ਵਾਧਾ ਹੋਣ ਕਰਕੇ ਹੋਇਆ ਸੀ, ਨਹੀਂ ਤਾਂ ਇਹ ਰੇਸ਼ੋ 2019-20 ਵਿੱਚ ਘਟ ਕੇ 2.33 *ਪ੍ਰਤੀਸ਼ਤ* ਰਹਿ ਜਾਣੀ ਸੀ। ਇਹ ਅਨੁਪਾਤ ਆਮ ਸ਼੍ਰੇਣੀ ਰਾਜਾਂ (ਜੀ ਸੀ ਐਸ) ਲਈ ਇਸੇ ਸਮੇਂ ਲਈ ਘਟ ਕੇ 14.81 *ਪ੍ਰਤੀਸ਼ਤ* ਤੋਂ 12.97 *ਪ੍ਰਤੀਸ਼ਤ* ਰਹਿ ਗਈ।

- ਪੰਜਾਬ ਵਿੱਚ ਸਿੱਖਿਆ 'ਤੇ ਖਰਚੇ ਦੀ ਕੁੱਲ ਖਰਚੇ ਨੂੰ ਰੇਸ਼ੋ 2015-16 ਵਿੱਚ 14.88 *ਪ੍ਰਤੀਸ਼ਤ* ਤੋਂ ਘਟ ਕੇ 2019-20 ਵਿੱਚ 11.74 *ਪ੍ਰਤੀਸ਼ਤ* ਰਹਿ ਗਈ ਜਦੋਂਕਿ ਇਸੇ ਸਮੇਂ ਦੌਰਾਨ ਜੀ ਸੀ ਐਸ ਔਸਤ 15.68 *ਪ੍ਰਤੀਸ਼ਤ* ਤੋਂ ਵਧ ਕੇ 15.91 *ਪ੍ਰਤੀਸ਼ਤ* ਹੋ ਗਈ।

15 ਉਸ ਸ਼੍ਰੇਣੀ ਵਿੱਚ ਖਰਚੇ ਦੀ ਕੁੱਲ ਖਰਚੇ (ਟੀ ਈ) ਨੂੰ ਰੇਸ਼ੋ ।

- ਪੰਜਾਬ ਵਿੱਚ ਸਿਹਤ 'ਤੇ ਖਰਚੇ ਦੀ ਕੁੱਲ ਖਰਚੇ ਨੂੰ ਰੇਸ਼ੋ 2015-16 ਵਿੱਚ 4.41 *ਪ੍ਰਤੀਸ਼ਤ* ਤੋਂ ਘਟ ਕੇ 2019-20 ਵਿੱਚ 3.72 *ਪ੍ਰਤੀਸ਼ਤ* ਰਹਿ ਗਈ ਜਦੋਂਕਿ ਜੀ ਸੀ ਐਸ ਔਸਤ ਇਸੇ ਸਮੇਂ ਦੌਰਾਨ 4.79 *ਪ੍ਰਤੀਸ਼ਤ* ਤੋਂ ਵੱਧ ਕੇ 5.21 *ਪ੍ਰਤੀਸ਼ਤ* ਹੋ ਗਈ।

**ਸਰਕਾਰ ਮਨੁੱਖੀ ਵਿਕਾਸ ਦੇ ਪੱਧਰ ਨੂੰ ਅਗਾਂਹ ਵਧਾਉਣ ਲਈ ਸਿੱਖਿਆ ਅਤੇ ਸਿਹਤ 'ਤੇ ਆਊਟਲੇਅ ਵਿੱਚ ਵਾਧਾ ਕਰਨ ਬਾਰੇ ਵਿਚਾਰ ਕਰ ਸਕਦੀ ਹੈ।**

### 2.4.4 ਆਬਜੈਕਟ ਮੱਦ ਵਾਰ ਖਰਚਾ

ਆਬਜੈਕਟ ਮੱਦ-ਵਾਰ ਖਰਚਾ, ਖਰਚੇ ਦੇ ਆਬਜੈਕਟ/ਮੰਤਵ ਬਾਰੇ ਜਾਣਕਾਰੀ ਦਿੰਦਾ ਹੈ। ਚਾਰਟ 2.14 ਆਬਜੈਕਟ ਮੱਦ ਵਾਰ ਖਰਚੇ ਨੂੰ ਦਰਸਾਉਂਦਾ ਹੈ।

**ਚਾਰਟ 2.14: ਆਬਜੈਕਟ ਮੱਦ-ਵਾਰ ਖਰਚਾ**




*ਸ੍ਰੋਤ: ਵਿੱਤ ਲੇਖੇ*

*ਨੋਟ: ਵੀ ਐਲ ਸੀ ਡਾਟਾ ਤੋਂ ਲਏ ਆਬਜੈਕਟ ਮੱਦ-ਵਾਰ ਖਰਚੇ ਵਿੱਚ ਸਾਰੀਆਂ ਮੁੱਖ ਮੱਦਾਂ ਵਿੱਚ ਤਨਖਾਹਾਂ ਅਤੇ ਉਜਰਤਾਂ, ਵਿਆਜ ਅਤੇ ਪੈਨਸ਼ਨਾਂ ਉਤੇ ਆਬਜੈਕਟ ਮੱਦ-ਵਾਰ ਖਰਚਾ ਸ਼ਾਮਲ ਹੈ ਜੋਕਿ ਇਨ੍ਹਾਂ ਆਈਟਮਾਂ ਤੇ ਵਚਨਬੱਧ ਖਰਚੇ (ਜਿਵੇਂ ਕਿ ਪੈਰ੍ਹਾ 2.4.1.2 ਵਿੱਚ ਦਰਸਾਇਆ ਗਿਆ ਹੈ) ਨਾਲੋਂ ਭਿੰਨ ਹੈ।*

## 2.5 ਲੋਕ ਲੇਖਾ

ਕੁਝ ਵਿੱਤੀ ਕਾਰਵਿਹਾਰਾਂ ਜਿਵੇਂ ਕਿ ਛੋਟੀਆਂ ਬੱਚਤਾਂ, ਪ੍ਰਾਵੀਡੈਂਟ ਫੰਡ, ਰਾਖਵੇਂ ਫੰਡ, ਡਿਪਾਜ਼ਿਟਸ, ਸਸਪੈਂਸ, ਰੈਮਿਟੈਂਸਜ਼ ਆਦਿ ਨਾਲ ਸਬੰਧਤ ਪ੍ਰਾਪਤੀਆਂ ਅਤੇ ਅਦਾਇਗੀਆਂ, ਜਿਹੜੀਆਂ ਕਿ ਰਾਜ ਦੇ ਸੰਚਿਤ ਫੰਡ ਦਾ ਹਿੱਸਾ ਨਹੀਂ ਬਣਦੀਆਂ, ਨੂੰ ਸੰਵਿਧਾਨ ਦੇ ਅਨੁਛੇਦ 266(2) ਅਧੀਨ ਸਥਾਪਿਤ ਲੋਕ ਲੇਖੇ ਵਿੱਚ ਰੱਖਿਆ ਜਾਂਦਾ ਹੈ ਅਤੇ ਇਹ ਰਾਜ ਵਿਧਾਨ ਪਾਲਿਕਾ ਦੀ ਵੋਟ ਅਧੀਨ ਨਹੀਂ ਹੁੰਦੇ। ਇੱਥੇ, ਸਰਕਾਰ ਇਨ੍ਹਾਂ ਵਾਸਤੇ ਬੈਂਕਰ ਵਜੋਂ ਕੰਮ ਕਰਦੀ ਹੈ। ਸਾਲ ਦੌਰਾਨ ਭੁਗਤਾਨ ਕਰਨ ਤੋਂ ਬਾਅਦ ਬਚਿਆ ਬਕਾਇਆ ਉਹ ਫੰਡ ਹੈ ਜੋ ਸਰਕਾਰ ਕੋਲ ਵੱਖ-ਵੱਖ ਮੰਤਵਾਂ ਲਈ ਵਰਤੋਂ ਲਈ ਉਪਲੱਬਧ ਹੁੰਦਾ ਹੈ।

### 2.5.1 ਨਿਰੋਲ ਲੋਕ ਲੇਖੇ ਦੇ ਬਕਾਏ

ਰਾਜ ਦੇ ਲੋਕ ਲੇਖੇ ਵਿੱਚ ਕੰਪੋਨੈਂਟ-ਵਾਰ ਨਿਰੋਲ ਬਕਾਏ **ਸਾਰਣੀ** 2.35 ਵਿੱਚ ਦਿੱਤੇ ਗਏ ਹਨ ਅਤੇ ਲੋਕ ਲੇਖੇ ਦੇ ਬਕਾਇਆਂ ਦੀ ਰਚਨਾ ਵਿੱਚ ਸਲਾਨਾ ਬਦਲਾਅ **ਚਾਰਟ** 2.15 ਵਿੱਚ ਦਰਸਾਏ ਗਏ ਹਨ।

**ਸਾਰਣੀ 2.35: 31 ਮਾਰਚ 2020 ਨੂੰ ਲੋਕ ਲੇਖੇ ਵਿੱਚ ਕੰਪੋਨੈਂਟ-ਵਾਰ ਨਿਰੋਲ ਬਕਾਏ**

*(₹ ਕਰੋੜ ਵਿੱਚ)*

| ਸੈਕਟਰ | ਉਪ-ਸੈਕਟਰ | 2015-16 | 2016-17 | 2017-18 | 2018-19 | 2019-20 |
|---|---|---|---|---|---|---|
| ਛੋਟੀਆਂ ਬੱਚਤਾਂ, ਪ੍ਰਾਵੀਡੈਂਟ ਫੰਡਜ਼, ਆਦਿ | ਛੋਟੀਆਂ ਬੱਚਤਾਂ, ਪ੍ਰਾਵੀਡੈਂਟ ਫੰਡਜ਼, ਆਦਿ | (-)19,370.85 | (-)20,603.53 | (-)21,729.73 | (-)22,993.55 | (-)22,995.06 |
| ਰਾਖਵੇਂ ਫੰਡ | (ੳ) ਵਿਆਜਯੋਗ ਰਾਖਵੇਂ ਫੰਡ | (-)4,102.86 | (-)4,869.39 | (-)5,519.49 | (-)6,402.59 | (-)8,203.96 |
| | (ਅ) ਵਿਆਜਰਹਿਤ ਰਾਖਵੇਂ ਫੰਡ | (-)8.90 | (-)0.68 | (-)0.68 | (-)0.68 | (-)253.20 |
| ਡਿਪਾਜ਼ਿਟਸ ਅਤੇ ਪੇਸ਼ਗੀਆਂ | (ੳ) ਵਿਆਜਯੋਗ ਡਿਪਾਜ਼ਿਟਸ | (-)774 | (-)748.52 | (-)825.92 | (-)808.08 | (-)776.16 |
| | (ਅ) ਵਿਆਜਰਹਿਤ ਡਿਪਾਜ਼ਿਟਸ | (-)2,389.11 | (-)2,530.47 | (-)2,273.62 | (-)2,581.87 | (-)3,045.22 |
| | (ੲ) ਪੇਸ਼ਗੀਆਂ | 0.42 | 0.42 | 0.42 | 0.42 | 0.42 |
| ਸਸਪੈਂਸ ਅਤੇ ਫੁਟਕਲ | (ੳ) ਸਸਪੈਂਸ | 40.69 | 23.74 | 50.87 | (-)38.05 | (-)8.47 |
| | (ਅ) ਹੋਰ ਲੇਖੇ | 5,849.89 | 762.43 | 562.71 | 1,272.82 | 1,511.04 |
| | (ੲ) ਬਾਹਰਲੇ ਦੇਸ਼ਾਂ ਦੀਆਂ ਸਰਕਾਰਾਂ ਨਾਲ ਲੇਖੇ | 0.66 | 0.66 | 0.66 | 0.66 | 0.66 |
| | (ਸ) ਫੁਟਕਲ | 0 | 0 | 0 | 0 | 0 |
| ਰੈਮੀਟੈਂਸਜ਼ | (ੳ) ਮਨੀ ਆਰਡਰਜ਼ ਅਤੇ ਹੋਰ ਰੈਮੀਟੈਂਸਜ਼ | 1.52 | 1.39 | 0 | (-)9.02 | 2.68 |
| | (ਅ) ਅੰਤਰ-ਸਰਕਾਰ ਸਮਾਯੋਜਨ ਲੇਖਾ | 0 | 0 | 13.59 | 11.93 | 22.59 |
| **ਜੋੜ** | | **(-)20,752.54** | **(-)27,963.95** | **(-)29,721.19** | **(-)31,548.01** | **(-)33,744.68** |

*ਸ੍ਰੋਤ: ਵਿੱਤ ਲੇਖੇ*

*ਨੋਟ: ਜਮ੍ਹਾਂ (+) ਵਿੱਚ ਸੰਖਿਆਵਾਂ ਡੈਬਿਟ ਬਕਾਏ ਨੂੰ ਦਰਸਾਉਂਦੀਆਂ ਹਨ ਅਤੇ ਘਟਾਅ( -) ਵਿੱਚ ਸੰਖਿਆਵਾਂ ਕਰੈਡਿਟ ਬਕਾਇਆਂ ਨੂੰ ਦਰਸਾਉਂਦੀਆਂ ਹਨ।*

**2.15: ਲੋਕ ਲੇਖੇ ਦੇ ਬਕਾਇਆਂ ਦੀ ਰਚਨਾ ਵਿੱਚ ਸਲਾਨਾ ਬਦਲਾਅ**

*(₹ ਕਰੋੜ ਵਿੱਚ)*




*ਸ੍ਰੋਤ: ਵਿੱਤ ਲੇਖੇ*

## 2.5.2 ਰਾਖਵੇਂ ਫੰਡ

ਰਾਖਵੇਂ ਫੰਡ ਰਾਜ ਸਰਕਾਰ ਦੇ ਲੋਕ ਲੇਖੇ ਅਧੀਨ ਵਿਸ਼ੇਸ਼ ਅਤੇ ਪ੍ਰਭਾਸ਼ਿਤ ਮੰਤਵਾਂ ਲਈ ਬਣਾਏ ਜਾਂਦੇ ਹਨ। ਇਨਾਂ ਫੰਡਾਂ ਦੀ ਪੂਰਤੀ ਸੰਚਿਤ ਫੰਡ ਜਾਂ ਬਾਹਰੀ ਏਜੰਸੀਆਂ ਤੋਂ ਯੋਗਦਾਨਾਂ ਜਾਂ ਗ੍ਰਾਂਟਾਂ ਦੁਆਰਾ ਕੀਤੀ ਜਾਂਦੀ ਹੈ। ਇਸ ਵਿੱਚ ਵਿਆਜਯੋਗ ਰਾਖਵੇਂ ਫੰਡ ਅਤੇ ਵਿਆਜ-ਰਹਿਤ ਰਾਖਵੇਂ ਫੰਡ ਸ਼ਾਮਲ ਹਨ।

ਰਾਖਵੇਂ ਫੰਡਾਂ ਦੇ ਵੇਰਵੇ ਵਿੱਤ ਲੇਖਿਆਂ ਦੀ ਵਿਵਰਣੀ 21 ਅਤੇ 22 ਵਿੱਚ ਉਪਲੱਬਧ ਹਨ। ਰਾਖਵੇਂ ਫੰਡਾਂ ਅਧੀਨ 31 ਮਾਰਚ 2020 ਨੂੰ ਛੇ ਵਿਆਜਯੋਗ ਅਤੇ ਦੋ ਵਿਆਜ-ਰਹਿਤ ਰਾਖਵੇਂ ਫੰਡ ਸਨ। 31 ਮਾਰਚ 2020 ਨੂੰ ਰਾਖਵੇਂ ਫੰਡਾਂ ਵਿੱਚ ਪਏ ਬਕਾਇਆਂ ਨੂੰ **ਸਾਰਣੀ** 2.36 ਵਿੱਚ ਦਿਤਾ ਗਿਆ ਹੈ।

**ਸਾਰਣੀ 2.36: ਰਾਖਵੇਂ ਫੰਡ ਦੇ ਵੇਰਵੇ**

*(₹ ਕਰੋੜ ਵਿੱਚ)*

| ਲੜੀ ਨੰ. | ਰਾਖਵੇਂ ਫੰਡ ਦਾ ਨਾਂਅ | 31 ਮਾਰਚ 2020 ਨੂੰ ਬਕਾਇਆ |
|---|---|---|
| **ੳ** | **ਵਿਆਜਯੋਗ ਰਾਖਵੇਂ ਫੰਡ** | **8,203.96** |
| 1. | ਡੈਪ੍ਰੀਸੀਏਸ਼ਨ ਰਾਖਵੇਂ ਫੰਡ-ਮੋਟਰ ਟਰਾਂਸਪੋਰਟ | 115.98 |
| 2. | ਡੈਪ੍ਰੀਸੀਏਸ਼ਨ ਰਾਖਵੇਂ ਫੰਡ-ਸਰਕਾਰੀ ਪ੍ਰੈਸਾਂ | 24.39 |
| 3. | ਰਾਖਵੇਂ ਫੰਡ-ਮੋਟਰ ਟਰਾਂਸਪੋਰਟ | 0.74 |
| 4. | ਪੰਜਾਬ ਸੜ੍ਹਕ ਸੁਰੱਖਿਆ ਫੰਡ | 22.53 |
| 5. | ਰਾਜ ਆਫਤ ਰਿਸਪਾਂਸ ਫੰਡ | 6,999.48 |
| 6. | ਰਾਜ ਕੰਮਪੈਂਸੇਟਰੀ ਵਣਰੋਪਣ ਫੰਡ | 1,040.84 |
| **ਅ** | **ਵਿਆਜ-ਰਹਿਤ ਰਾਖਵੇਂ ਫੰਡ** | **253.20** |
| 1. | ਸਿੰਕਿੰਗ ਫੰਡ | 252.52 |
| 2. | ਹੋਰ ਵਿਕਾਸ ਅਤੇ ਭਲਾਈ ਫੰਡ | 0.68 |
| | **ਕੁਲ ਜੋੜ** | **8,457.16** |

*ਸ੍ਰੋਤ: ਵਿੱਤ ਲੇਖੇ*

ਇਨ੍ਹਾਂ ਅੱਠ ਰਾਖਵੇਂ ਫੰਡਾਂ ਵਿੱਚੋਂ ਇੱਕ ਰਾਖਵਾਂ ਫੰਡ ਭਾਵ ਕਿ ਹੋਰ ਵਿਕਾਸ ਤੇ ਭਲਾਈ ਫੰਡ 1982-83 ਤੋਂ ਗੈਰ-ਕ੍ਰਿਆ ਸ਼ੀਲ ਹੈ।

### *2.5.2.1 ਸੰਚਿਤ ਸਿੰਕਿੰਗ ਫੰਡ*

ਪੰਜਾਬ ਸਰਕਾਰ ਨੇ ਬਾਰਵੇਂ ਵਿੱਤ ਕਮਿਸ਼ਨ (12ਵੇਂ ਐਫ ਸੀ) ਦੀਆਂ ਸਿਫਾਰਸ਼ਾਂ ਅਨੁਸਾਰ 2011-12 ਦੇ ਵਿੱਤੀ ਸਾਲ ਤੋਂ ਆਰੰਭ ਕਰਦੇ ਹੋਏ, ਆਪਣੀਆਂ ਬਕਾਇਆ ਦੇਣਦਾਰੀਆਂ ਨੂੰ ਚੁਕਤਾ ਕਰਨ ਦੇ ਉਦੇਸ਼ ਨਾਲ, ਇੱਕ ਸੰਚਿਤ ਸਿੰਕਿੰਗ ਫੰਡ ਦੀ ਸਥਾਪਨਾ ਕੀਤੀ (ਦਸੰਬਰ 2006)। ਇਸ ਫੰਡ ਦਾ ਪ੍ਰਬੰਧਨ ਭਾਰਤੀ ਰਿਜ਼ਰਵ ਬੈਂਕ ਦੁਆਰਾ ਕੀਤਾ ਜਾਂਦਾ ਹੈ। ਰਾਜ ਸਰਕਾਰ ਵੱਲੋਂ ਹਰ ਸਾਲ ਪਿਛਲੇ ਵਿੱਤੀ ਵਰ੍ਹੇ ਦੇ ਅਖੀਰ ਤੇ ਆਪਣੀਆਂ ਬਕਾਇਆ ਦੇਣਦਾਰੀਆਂ ਦਾ ਘੱਟੋ ਘੱਟ 0.50 *ਪ੍ਰਤੀਸ਼ਤ* ਦਾ ਯੋਗਦਾਨ ਕਰਨਾ ਬਣਦਾ ਹੈ। ਰਿਜ਼ਰਵ ਬੈਂਕ ਤੋਂ ਲਏ ਗਏ ਉਧਾਰਾਂ ਵਿਚੋਂ ਇਸ ਫੰਡ ਵਿੱਚ ਯੋਗਦਾਨ ਪਾਉਣ ਦੀ ਆਗਿਆ ਨਹੀਂ ਹੈ।

31 ਮਾਰਚ 2019 ਨੂੰ ਪੰਜਾਬ ਸਰਕਾਰ ਦੀਆਂ ਬਕਾਇਆ ਦੇਣਦਾਰੀਆਂ ₹ 2,11,917.24 ਕਰੋੜ ਸਨ। ਇਸ ਅਨੁਸਾਰ, ਰਾਜ ਸਰਕਾਰ ਦੁਆਰਾ 2019-20 ਦੌਰਾਨ ਘੱਟੋ ਘੱਟ ₹ 1,059.59 ਕਰੋੜ (0.50 *ਪ੍ਰਤੀਸ਼ਤ*) ਦਾ ਯੋਗਦਾਨ ਪਾਉਣਾ ਬਣਦਾ ਸੀ। ਜਦੋਂਕਿ, ਰਾਜ ਸਰਕਾਰ ਨੇ ਇਸ ਫੰਡ ਵਿੱਚ ਕੇਵਲ ₹ 243.00 ਕਰੋੜ ਦਾ ਯੋਗਦਾਨ ਪਾਇਆ, ਜਿਸਦਾ ਕਿ ਨਿਵੇਸ਼ ਕੀਤਾ ਜਾ ਚੁੱਕਾ ਹੈ, ਜਿਸ ਤੇ ਕਿ ₹ 9.52 ਕਰੋੜ ਦਾ ਵਿਆਜ ਕਮਾਇਆ ਜਾ ਚੁੱਕਾ ਹੈ ਅਤੇ ਇਸ ਤਰਾਂ ਚਾਲੂ ਸਾਲ ਦੇ ਅਖੀਰ ਤੇ ₹ 252.52 ਕਰੋੜ ਦਾ ਬਕਾਇਆ ਸੀ।

ਇੰਜ, ਰਾਜ ਸਰਕਾਰ ਨੇ ਇਸ ਫੰਡ ਵਿੱਚ, ਇਸ ਦੇ ਹੋਂਦ ਵਿੱਚ ਆਉਣ ਤੋਂ ਬਾਅਦ 2011-20 ਦੌਰਾਨ ₹ 7,116.99 ਕਰੋੜ[16] ਦਾ ਬਣਦਾ ਘੱਟੋ ਘੱਟ ਯੋਗਦਾਨ ਨਹੀਂ ਪਾਇਆ ਹੈ। ਸਿੰਕਿੰਗ ਫੰਡ ਨੂੰ ਯੋਗਦਾਨ ਨਾ ਪਾਉਣ ਦੇ ਨਤੀਜੇ ਵਜੋਂ ਰੈਵੀਨਿਊ ਖਰਚੇ ਨੂੰ ਵੀ 2019-20 ਦੌਰਾਨ ₹ 816.59 ਕਰੋੜ ਨਾਲ ਘੱਟ ਕਰਕੇ ਦਰਸਾਇਆ ਗਿਆ ਜਿਸ ਦਾ ਕਿ ਅੱਗੇ ਰਾਜ ਦੇ ਰੈਵੀਨਿਊ ਘਾਟੇ ਅਤੇ ਵਿੱਤੀ ਘਾਟੇ 'ਤੇ ਪ੍ਰਭਾਵ ਪਿਆ। ਰਾਜ ਸਰਕਾਰ ਨੇ ਕਿਹਾ (ਜੂਨ 2021) ਕਿ ਉਨ੍ਹਾਂ ਨੇ 2019-20 (₹ 243 ਕਰੋੜ) ਤੋਂ ਸੰਚਿਤ ਸਿੰਕਿਗ ਫੰਡ ਵਿੱਚ ਨਿਵੇਸ਼ ਕਰਨਾ ਸ਼ੁਰੂ ਕਰ ਦਿੱਤਾ ਸੀ ਅਤੇ ਸਾਲ 2020-21 ਵਿੱਚ ਵੀ ₹ 925 ਕਰੋੜ ਦੀ ਰਾਸ਼ੀ ਦਾ ਨਿਵੇਸ਼ ਕੀਤਾ ਜਾ ਚੁੱਕਾ ਸੀ।

### *2.5.2.2 ਰਾਜ ਆਫਤ ਰਿਸਪਾਂਸ ਫੰਡ*

ਭਾਰਤ ਸਰਕਾਰ (ਜੀ ਓ ਆਈ) ਨੇ ਪਹਿਲਾਂ ਚਲ ਰਹੇ ਆਫਤ ਰਾਹਤ ਫੰਡ ਦੀ ਥਾਂ ਤੇ 1 ਅਪ੍ਰੈਲ 2010 ਤੋਂ ਰਾਜ ਆਫਤ ਰਿਸਪਾਂਸ ਫੰਡ (ਐਸ ਡੀ ਆਰ ਐਫ) ਦਾ ਗਠਨ ਕੀਤਾ। ਐਸ ਡੀ ਆਰ ਐਫ ਦੇ ਦਿਸ਼ਾ ਨਿਰਦੇਸ਼ਾਂ (ਸਤੰਬਰ 2010 ਅਤੇ ਜੁਲਾਈ 2015) ਅਨੁਸਾਰ ਕੇਂਦਰ ਅਤੇ ਰਾਜ

[16] 2015-16 ਤੱਕ: ₹ 3,764.81 ਕਰੋੜ; 2016-17 ਤੱਕ; ₹ 647.20 ਕਰੋੜ; 2017-18 ਤੱਕ: ₹ 912.63 ਕਰੋੜ; 2018-19 ਤੱਕ: ₹ 975.76 ਕਰੋੜ; ਅਤੇ 2019-20 ਤੱਕ; ₹ 816.59 ਕਰੋੜ।

ਸਰਕਾਰਾਂ ਇਸ ਫੰਡ ਵਿੱਚ 75:25 ਦੇ ਅਨੁਪਾਤ (ਸਾਲ 2018-19 ਤੋਂ ਸੋਧ ਕੇ 90:10 ਕੀਤਾ) ਨਾਲ ਯੋਗਦਾਨ ਪਾ ਰਹੀਆਂ ਸਨ। ਇਨ੍ਹਾਂ ਯੋਗਦਾਨਾਂ ਨੂੰ ਲੋਕ ਲੇਖੇ ਅਧੀਨ ਮੁੱਖ ਮੱਦ -8121 ਨੂੰ ਟਰਾਂਸਫਰ ਕੀਤਾ ਜਾਣਾ ਹੁੰਦਾ ਹੈ। ਸਾਲ ਦੌਰਾਨ ਖਰਚਾ ਮੁੱਖ ਮੱਦ -2245 ਦਾ ਸੰਚਾਲਨ ਕਰਕੇ ਕੀਤਾ ਜਾਂਦਾ ਹੈ।

ਰਾਜ ਸਰਕਾਰਾਂ ਦੁਆਰਾ ਆਰ ਬੀ ਆਈ ਦੇ ਓਵਰਡਰਾਫਟ ਵਿਨਿਯਮ ਦਿਸ਼ਾ ਨਿਰਦੇਸ਼ਾਂ ਅਧੀਨ ਓਵਰਡਰਾਫਟ ਤੇ ਲਾਗੂ ਵਿਆਜ ਦੀ ਦਰ ਤੇ ਐਸ ਡੀ ਆਰ ਐਫ ਨੂੰ ਵਿਆਜ ਦੇਣਾ ਬਣਦਾ ਹੈ। ਇਸ ਵਿਆਜ ਨੂੰ ਛਮਾਹੀ ਅਧਾਰ ਤੇ ਜਮ੍ਹਾਂ ਕਰਵਾਇਆ ਜਾਣਾ ਹੁੰਦਾ ਹੈ। ਐਸ ਡੀ ਆਰ ਆਫ ਦੇ ਨਿਵੇਸ਼ ਤੋਂ ਕਮਾਈ ਹੋਈ ਆਮਦਨ ਸਮੇਤ, ਐਸ ਡੀ ਆਰ ਐਫ ਵਿੱਚ ਵਾਧੇ ਨੂੰ ਕੇਂਦਰ ਸਰਕਾਰ ਦੀਆਂ ਡੇਟਡ ਸਕਿਓਰਟੀਜ਼, ਆਕਸ਼ਨਡ ਖਜ਼ਾਨਾ ਬਿਲਾਂ ਅਤੇ ਸੂਚੀਬੱਧ ਕਮਰਸ਼ੀਅਲ ਬੈਂਕਾਂ ਦੇ ਹੋਰ ਵਿਆਜ ਕਮਾਊ ਡਿਪਾਜ਼ਿਟਾਂ ਵਿੱਚ ਨਿਵੇਸ਼ ਕਰਨਾ ਹੁੰਦਾ ਹੈ।

ਐਸ ਡੀ ਆਰ ਐਫ ਦੀ ਵਰਤੋਂ ਕੇਵਲ ਕਿਸੇ ਆਫਤ ਦੇ ਪੀੜਤਾਂ ਨੂੰ ਤੁਰੰਤ ਰਾਹਤ ਦੇਣ ਲਈ ਕੀਤੇ ਖਰਚੇ ਦੀ ਪੂਰਤੀ ਲਈ ਕੀਤੀ ਜਾਣੀ ਹੈ ਅਤੇ ਆਫਤ ਦੇ ਵਿਰੁੱਧ ਤਿਆਰੀ, ਬਹਾਲੀ, ਮੁੜ-ਉਸਾਰੀ ਅਤੇ ਆਫਤ ਦਾ ਅਸਰ ਘਟਾਉਣ ਦੀ ਵਿਵਸਥਾ ਕਰਨਾ ਐਸ ਡੀ ਆਰ ਐਫ ਦਾ ਹਿੱਸਾ ਨਹੀਂ ਹੋਣਾ ਚਾਹੀਦਾ। ਅਜਿਹਾ ਖਰਚਾ ਆਮ ਬਜਟਰੀ ਮੱਦਾਂ/ਰਾਜ ਪਲਾਨ ਫੰਡਾਂ ਆਦਿ ਰਾਹੀ ਕਰਨਾ ਹੋਵੇਗਾ।

ਵਿੱਤ ਲੇਖਿਆਂ ਅਨੁਸਾਰ, 1 ਅਪ੍ਰੈਲ 2019 ਨੂੰ ₹ 6,263.50 ਕਰੋੜ ਦੀ ਰਾਸ਼ੀ ਐਸ ਡੀ ਆਰ ਐਫ ਵਿੱਚ ਪਈ ਸੀ। ਸਾਲ 2019-20 ਦੌਰਾਨ ਫੰਡ ਨੂੰ ₹ 929.10 ਕਰੋੜ (ਕੇਂਦਰ ਦੇ ਹਿੱਸੇ ਵਜੋਂ ₹ 313.05 ਕਰੋੜ; ਰਾਜ ਦੇ ਹਿੱਸੇ ਵਜੋਂ ₹ 115.63 ਕਰੋੜ; ਪਿਛਲੇ ਸਾਲ ਦੇ ਅਣਖਰਚੇ ਬਕਾਏ ਦੇ ₹ 2.68 ਕਰੋੜ ਦੇ ਰਿਫੰਡ ਜੋ ਕਿ ਡਰਾਇੰਗ ਅਤੇ ਡਿਸਬਰਸਿੰਗ ਅਫਸਰਾਂ ਕੋਲ ਪਏ ਸਨ; ਅਤੇ ਰਾਜ ਸਰਕਾਰ ਦੁਆਰਾ ਵਿਆਜ ਦੀ ਅਦਾਇਗੀ ਦੇ ਭੁਗਤਾਨ ਵਜੋਂ ₹ 497.74 ਕਰੋੜ) ਟਰਾਂਸਫਰ ਕੀਤੇ ਗਏ ਸਨ। ₹ 6,999.48 ਕਰੋੜ ਦਾ ਬਕਾਇਆ ਛੱਡਦੇ ਹੋਏ, ਫੰਡ ਵਿਚੋਂ ਚਾਲੂ ਸਾਲ ਦੌਰਾਨ ₹ 193.12 ਕਰੋੜ ਦਾ ਖਰਚਾ ਕੀਤਾ ਗਿਆ ਸੀ। ਭਾਰਤ ਸਰਕਾਰ ਦੇ ਉਕਤ ਦਿਸ਼ਾ ਨਿਰਦੇਸ਼ਾਂ ਦੀ ਉਲਘੰਣਾ ਵਿੱਚ 31 ਮਾਰਚ 2020 ਨੂੰ ₹ 6,999.48 ਕਰੋੜ ਦਾ ਸਾਰਾ ਬਕਾਇਆ ਬਗੈਰ ਨਿਵੇਸ਼ ਕੀਤਿਆਂ ਐਸ ਡੀ ਆਰ ਐਫ ਵਿੱਚ ਪਿਆ ਸੀ। ਇਸ ਤੋਂ ਇਲਾਵਾ, ਆਪਣੇ ਹਿੱਸੇ ਨੂੰ ਦੇਰੀ ਨਾਲ ਜਾਰੀ ਕਰਨ ਕਰਕੇ ਸਾਲ 2019-20 ਦੌਰਾਨ ਬਣੇ ₹ 3.92 ਕਰੋੜ ਦਾ ਵਿਆਜ ਫੰਡ ਨੂੰ ਦੇਣ ਲਈ ਵੀ ਰਾਜ ਸਰਕਾਰ ਜ਼ਿੰਮੇਵਾਰ ਹੈ।

ਰਾਜ ਸਰਕਾਰ ਨੇ ਕਿਹਾ (ਜੂਨ 2021) ਕਿ ਰਾਜ ਕੋਲ ਨਿਵੇਸ਼ ਕਰਨ ਲਈ ਵਾਧੂ ਕੈਸ਼ ਨਹੀਂ ਸੀ, ਜਿਸ ਲਈ ਇਸ ਨੂੰ ਇਹ ਨਿਵੇਸ਼ ਕਰਨ ਲਈ ਮਾਰਕੀਟ ਤੋਂ ਉਚੇਰੀ ਵਿਆਜ ਦਰ ਤੇ ਉਧਾਰ ਲੈਣਾ ਪੈਣਾ ਸੀ। ਰਾਜ ਸਰਕਾਰ ਦੇ ਉੱਤਰ ਤੋਂ ਪਤਾ ਚਲਦਾ ਹੈ ਕਿ ਉਕਤ ਦਿਸ਼ਾ ਨਿਰਦੇਸ਼ਾਂ ਦੀ ਉਲੰਘਣਾ ਵਿੱਚ ਐਸ ਡੀ ਆਰ ਐਫ ਅਧੀਨ ਉਪਲੱਬਧ ਬਕਾਇਆ ਚਿਤਵੇ ਮੰਤਵ ਦੀ ਥਾਂ ਤੇ ਕਿਸੇ ਹੋਰ ਮੰਤਵ ਲਈ ਵਰਤਿਆ ਜਾ ਚੁੱਕਾ ਸੀ।

ਸਾਲ 2019-20 ਦੌਰਾਨ ਐਸ ਡੀ ਆਰ ਐਫ ਨੂੰ ਚਾਰਜ ਕੀਤੇ ਖਰਚੇ ਦੇ ਵੇਰਵੇ **ਸਾਰਣੀ** 2.37 ਵਿੱਚ ਦਿੱਤੇ ਗਏ ਹਨ।

**ਸਾਰਣੀ 2.37: 2019-20 ਦੌਰਾਨ ਐਸ ਡੀ ਆਰ ਐਫ ਨੂੰ ਚਾਰਜ ਕੀਤੇ ਖਰਚੇ ਦੇ ਵੇਰਵੇ**

*(₹ ਕਰੋੜ ਵਿੱਚ)*

| ਲੇਖੇ ਦੀ ਮੁੱਖ ਮੱਦ | ਲੇਖੇ ਦੀ ਛੋਟੀ ਮੱਦ | ਖਰਚਾ |
|---|---|---|
| **2245-**ਕੁਦਰਤੀ ਆਫਤਾਂ ਤੋਂ ਰਾਹਤ 02 ਹੜ੍ਹ, ਚੱਕਰਵਾਤ, ਆਦਿ | 101-ਮੁਫਤ ਰਾਹਤ | 103.42 |
| | 104-ਚਾਰੇ ਦੀ ਸਪਲਾਈ | 0.10 |
| | 106- ਨੁਕਸਾਨੀਆਂ ਸੜ੍ਹਕਾਂ ਅਤੇ ਪੁਲਾਂ ਦੀ ਮੁਰੰਮਤ ਅਤੇ ਮੁੜ ਬਹਾਲੀ | 0.02 |
| | 111- ਮ੍ਰਿਤਕਾਂ ਦੇ ਪਰਿਵਾਰਾਂ ਨੂੰ ਐਕਸ ਗ੍ਰਾਸ਼ੀਆਂ ਅਦਾਇਗੀਆਂ | 0.92 |
| | 113-ਮਕਾਨਾਂ ਦੀ ਮੁਰੰਮਤ/ਮੁੜ ਉਸਾਰੀ ਲਈ ਸਹਾਇਤਾ | 7.00 |
| | 117-ਕਿਸਾਨਾਂ ਨੂੰ ਪਸ਼ੂ ਧਨ ਖਰੀਦਣ ਲਈ ਸਹਾਇਤਾ | 0.17 |
| | 122-ਨੁਕਸਾਨੀ ਸਿੰਜਾਈ ਦੀ ਮੁਰੰਮਤ ਅਤੇ ਮੁੜ-ਬਹਾਲੀ ਅਤੇ ਹੜ੍ਹ ਕੰਟਰੋਲ ਦੇ ਕੰਮ | 81.49 |
| | **ਜੋੜ** | **193.12** |
| **2245-**ਕੁਦਰਤੀ ਆਫਤਾਂ ਤੋਂ ਰਾਹਤ 05-ਰਾਜ ਆਫਤ ਰਿਸਪਾਂਸ ਫੰਡ | 901- ਡਿਡਕਟ- ਰਾਜ ਆਫਤ ਰਿਸਪਾਂਸ ਫੰਡ ਤੋਂ ਖਰਚ ਕੀਤੀ ਰਾਸ਼ੀ | 193.12 |
| ਐਸ ਡੀ ਆਰ ਐਫ ਦੇ ਦਿਸ਼ਾ ਨਿਰਦੇਸ਼ਾਂ ਦੀ ਉਲੰਘਣਾ ਵਿੱਚ ਐਸ ਡੀ ਆਰ ਐਫ ਤੋਂ ਚਾਰਜ ਕੀਤਾ ਖਰਚਾ | | 89.70 |

*ਸ੍ਰੋਤ: ਵਿੱਤ ਲੇਖੇ*

ਐਸ ਡੀ ਆਰ ਐਫ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਿਰਫ 2245-02-101 ਅਧੀਨ ਬੁੱਕ ਕੀਤੀ ਗਈ ਰਾਸ਼ੀ ਹੀ ਐਸ ਡੀ ਆਰ ਐਫ ਤੋਂ ਕੀਤੇ ਜਾਣ ਵਾਲਾ ਮੰਨਣਯੋਗ ਖਰਚਾ ਹੈ। ਇਸ ਤਰ੍ਹਾਂ ਐਸ ਡੀ ਆਰ ਐਫ ਤੋਂ ਕੀਤੇ ਗਏ ₹ 193.12 ਕਰੋੜ ਵਿਚੋਂ ₹ 89.70 ਕਰੋੜ ਦਾ ਖਰਚਾ ਦਿਸ਼ਾ ਨਿਰਦੇਸ਼ਾਂ ਦੀ ਉਲਘੰਣਾ ਵਿੱਚ ਸੀ। ਇਸ ਨਾਲ 2019-20 ਦੌਰਾਨ ਰੈਵੀਨਿਊ ਖਰਚੇ ਨੂੰ ਅਸਲ ਨਾਲੋਂ ₹ 89.70 ਕਰੋੜ ਤੱਕ ਘੱਟ ਕਰਕੇ ਦਰਸਾਇਆ ਗਿਆ, ਜਿਸ ਦੇ ਨਤੀਜੇ ਵਜੋਂ ਰਾਜ ਦੇ ਰੈਵੀਨਿਊ ਘਾਟੇ ਅਤੇ ਵਿੱਤੀ ਘਾਟੇ ਉੱਤੇ ਪ੍ਰਭਾਵ ਪਿਆ।

### *2.5.2.3 ਗਰੰਟੀ ਰਿਡੰਪਸ਼ਨ ਫੰਡ*

ਰਾਜ ਸਰਕਾਰ ਰਾਜ ਜਨਤਕ ਖੇਤਰ ਦੇ ਅਦਾਰਿਆਂ ਜਾਂ ਹੋਰ ਸੰਗਠਨਾਂ ਵੱਲੋਂ ਜਾਰੀ ਕੀਤੇ ਬਾਂਡਾਂ ਅਤੇ ਹੋਰ ਉਧਾਰਾਂ ਨਾਲ ਸਬੰਧਿਤ ਗਰੰਟੀਆਂ ਤੋਂ ਅਦਾਇਗੀ ਕਰਨ ਦੀਆਂ ਬਣੀਆਂ ਅਤੇ ਲਾਭਪਾਤਰੀਆਂ ਵੱਲੋਂ ਮੰਗੀਆਂ ਦੇਣਦਾਰੀਆਂ ਦੀ ਪੂਰਤੀ ਕਰਨ ਲਈ 'ਗਰੰਟੀ ਰਿਡੰਪਸ਼ਨ ਫੰਡ' ਦਾ ਗਠਨ ਕਰਦੀ ਹੈ। ਇਸ ਫੰਡ ਵਿੱਚ ਇਕੱਠੀ ਹੋਈ ਰਾਸ਼ੀ ਸਰਕਾਰ ਵੱਲੋਂ ਜਾਰੀ ਸਿਰਫ ਉਨ੍ਹਾਂ ਗਰੰਟੀਆਂ ਦੀ ਅਦਾਇਗੀ ਲਈ ਵਰਤੀ ਜਾਣੀ ਹੈ, ਜਿਨ੍ਹਾਂ ਲਈ ਸਰਕਾਰ ਵਲੋਂ ਗਰੰਟੀ ਦਿੱਤੀ ਗਈ ਸੀ ਅਤੇ ਸੰਸਥਾਵਾਂ ਦੁਆਰਾ ਅਦਾਇਗੀ ਨਹੀਂ ਕੀਤੀ ਗਈ ਸੀ ।

ਬਾਰ੍ਹਵੇਂ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ, ਰਾਜ ਸਰਕਾਰ ਵੱਲੋਂ ਰਾਜ ਪੱਧਰ ਦੀਆਂ ਸੰਸਥਾਵਾਂ ਵਲੋਂ ਦਿੱਤੀਆਂ ਗਰੰਟੀਆਂ ਤੋਂ ਨਿਕਲੀਆਂ ਦੇਣਦਾਰੀਆਂ ਨੂੰ ਨਜਿੱਠਣ ਦੇ ਮੰਤਵ ਨਾਲ

ਦਸੰਬਰ 2007 ਵਿੱਚ (ਵਿੱਤੀ ਸਾਲ 2013-14 ਤੋਂ ਪ੍ਰਭਾਵੀ, ਜਨਵਰੀ 2014 ਨੂੰ ਸੋਧੀ ਗਈ) 'ਗਰੰਟੀ ਰਿਡੰਪਸ਼ਨ ਫੰਡ'(ਜੀ ਆਰ ਐਫ) ਦਾ ਗਠਨ ਕੀਤਾ ਗਿਆ। ਦਿਸ਼ਾ-ਨਿਰਦੇਸ਼ਾਂ ਅਨੁਸਾਰ, ਅਗਲੇ ਪੰਜਾਂ ਸਾਲਾਂ ਵਿੱਚ ਬਕਾਇਆ ਗਰੰਟੀਆਂ ਦਾ ਘੱਟੋ-ਘੱਟ ਤਿੰਨ *ਪ੍ਰਤੀਸ਼ਤ* ਦਾ ਪੱਧਰ ਪ੍ਰਾਪਤ ਕਰਨ ਲਈ ਰਾਜ ਸਰਕਾਰ ਵੱਲੋਂ ਪਿਛਲੇ ਸਾਲ (2012-13) ਦੇ ਅੰਤ ਵਿੱਚ ਬਕਾਇਆ ਗਰੰਟੀਆਂ ਦੇ ਘੱਟੋ-ਘੱਟ ਇੱਕ *ਪ੍ਰਤੀਸ਼ਤ* ਦਾ ਸ਼ੁਰੂਆਤੀ ਯੋਗਦਾਨ ਅਤੇ ਉਸ ਤੋਂ ਬਾਅਦ,ਪਿਛਲੇ ਸਾਲ ਦੇ ਅੰਤ ਵਿੱਚ ਬਕਾਇਆ ਗਰੰਟੀਆਂ ਦਾ ਘੱਟੋ-ਘੱਟ 0.50 *ਪ੍ਰਤੀਸ਼ਤ* ਯੋਗਦਾਨ ਕਰਨਾ ਲੋੜੀਂਦਾ ਸੀ। ਇਸ ਅਨੁਸਾਰ, ਰਾਜ ਸਰਕਾਰ ਦੁਆਰਾ ਸਾਲ 2013-14 ਤੋਂ 2016-17 ਦੌਰਾਨ ਘੱਟੋ ਘੱਟ ₹ 1,525.67 ਕਰੋੜ ਦਾ ਯੋਗਦਾਨ ਕਰਨਾ ਬਣਦਾ ਸੀ, ਪ੍ਰੰਤੂ ਰਾਜ ਸਰਕਾਰ ਨੇ ਫੰਡ ਨੂੰ ਇਹ ਯੋਗਦਾਨ ਨਹੀਂ ਦਿੱਤਾ।

ਰਾਜ ਸਰਕਾਰ ਨੇ ਵਿੱਤੀ ਸਾਲ 2017-18 ਤੋਂ ਪ੍ਰਭਾਵੀ, 'ਗਰੰਟੀ ਰਿਡੰਪਸ਼ਨ ਫੰਡ ਸਕੀਮ' ਵਿੱਚ ਹੋਰ ਸੋਧ ਕੀਤੀ ਹੈ (ਅਕਤੂਬਰ 2017)। ਇਸ ਸਕੀਮ ਅਨੁਸਾਰ, ਰਾਜ ਸਰਕਾਰ ਨੇ ਸਾਲ 2017-18 ਲਈ ਘੱਟੋ-ਘੱਟ ₹ 206.77 ਕਰੋੜ (2016-17 ਦੇ ਅੰਤ ਵਿੱਚ ₹ 20,676.88 ਕਰੋੜ ਦੀ ਬਕਾਇਆ ਗਰੰਟੀ ਦਾ ਇੱਕ *ਪ੍ਰਤੀਸ਼ਤ*), ਸਾਲ 2018-19 ਲਈ ₹ 98.80 ਕਰੋੜ (2017-18 ਦੇ ਅੰਤ ਵਿੱਚ ₹ 19,760.46 ਕਰੋੜ ਦੀ ਬਕਾਇਆ ਗਰੰਟੀ ਦਾ 0.50 *ਪ੍ਰਤੀਸ਼ਤ)* ਅਤੇ ਸਾਲ 2019-20 ਲਈ ₹ 118.59 ਕਰੋੜ (2018-19 ਦੇ ਅੰਤ ਵਿੱਚ ₹ 23718.68 ਕਰੋੜ ਦੀਆਂ ਬਕਾਇਆ ਗਰੰਟੀਆਂ ਦਾ 0.50 *ਪ੍ਰਤੀਸ਼ਤ*) ਦਾ ਯੋਗਦਾਨ ਕਰਨਾ ਸੀ। ਫੰਡ ਨੂੰ 2013-20 ਦੌਰਾਨ ਯੋਗਦਾਨ ਕੀਤੇ ਜਾਣ ਲਈ ਬਣਦੀ ਕੁੱਲ ਰਾਸ਼ੀ ₹ 1,949.83 ਕਰੋੜ ਆਂਕੀ ਗਈ ਹੈ। ਪ੍ਰੰਤੂ, ਇਸ ਸਮੇ ਦੌਰਾਨ ਰਾਜ ਸਰਕਾਰ ਨੇ ਫੰਡ ਨੂੰ ਕੋਈ ਯੋਗਦਾਨ ਨਹੀਂ ਕੀਤਾ। ਜੀ ਆਰ ਐਫ ਨੂੰ ਯੋਗਦਾਨ ਨਾ ਦੇਣ ਕਰਕੇ 2019-20 ਦੌਰਾਨ ਰੈਵੀਨਿਊ ਖਰਚਾ ਵੀ ₹ 118.59 ਕਰੋੜ ਨਾਲ ਘੱਟ ਦਿਖਾਇਆ ਗਿਆ, ਜਿਸਦੇ ਨਤੀਜੇ ਵਜੋਂ ਰਾਜ ਸਰਕਾਰ ਦੇ ਰੈਵੀਨਿਊ ਘਾਟੇ ਅਤੇ ਵਿੱਤੀ ਘਾਟੇ ਤੇ ਅਸਰ ਪਿਆ। ਸਾਲ ਦੌਰਾਨ ₹ 46.14 ਕਰੋੜ ਦੀ ਗਰੰਟੀ ਫੀਸ ਵੀ ਪ੍ਰਾਪਤ ਕੀਤੀ ਗਈ ਸੀ ਜਿਸਨੂੰ ਕਿ ਗਰੰਟੀ ਰਿਡੰਪਸ਼ਨ ਫੰਡ ਨੂੰ ਟਰਾਂਸਫਰ ਨਹੀਂ ਕੀਤਾ ਗਿਆ ਸੀ ਅਤੇ ਇਸਨੇ ਵੀ ਰਾਜ ਦੇ ਰੈਵੀਨਿਊ ਅਤੇ ਵਿੱਤੀ ਘਾਟੇ ਤੇ ਓਨਾ ਹੀ ਅਸਰ ਪਾਇਆ। ਰਾਜ ਸਰਕਾਰ ਨੇ ਕਿਹਾ (ਜੂਨ 2021) ਕਿ ਕੈਸ਼ ਦੀ ਥੁੜ੍ਹ ਕਾਰਨ ਫੰਡ ਵਿੱਚ ਨਿਵੇਸ਼ ਨਹੀਂ ਕੀਤਾ ਜਾ ਸਕਿਆ ਸੀ।

## 2.6 ਕਰਜ਼ਾ ਪ੍ਰਬੰਧਨ

ਕਰਜ਼ਾ ਪ੍ਰਬੰਧਨ, ਲੋੜੀਂਦੀ ਫੰਡ ਰਾਸ਼ੀ ਜੁਟਾਉਣ, ਇਸਦੇ ਜੋਖ਼ਮ ਅਤੇ ਲਾਗਤ ਦੇ ਉਦੇਸ਼ ਪ੍ਰਾਪਤ ਕਰਨ ਅਤੇ ਕੋਈ ਹੋਰ ਪ੍ਰਭੁਸਤਾ ਕਰਜ਼ਾ ਪ੍ਰਬੰਧਨ ਦੇ ਉਦੇਸ਼ਾਂ, ਜੋ ਕਿ ਸਰਕਾਰ ਦੁਆਰਾ ਕਾਨੂੰਨ ਬਣਾ ਕੇ ਜਾਂ ਸਲਾਨਾ ਬਜਟ ਘੋਸ਼ਣਾਵਾਂ ਰਾਹੀਂ ਤੈਅ ਕੀਤੇ ਗਏ ਹੋਣ, ਦੀ ਪੂਰਤੀ ਲਈ, ਸਰਕਾਰ ਦੇ ਕਰਜ਼ੇ ਦੇ ਪ੍ਰਬੰਧਨ ਲਈ, ਨੀਤੀ ਸਥਾਪਤ ਕਰਨ ਅਤੇ ਉਸ ਨੂੰ ਲਾਗੂ ਕਰਨ ਦੀ ਪ੍ਰਕ੍ਰਿਆ ਹੈ।

2015-16 ਤੋਂ 2019-20 ਦੇ ਸਾਲਾਂ ਲਈ ਰਾਜ ਦਾ ਬਕਾਇਆ ਕਰਜ਼ਾ ਅਤੇ ਇਸਦੇ ਨਾਲ ਇਸਦੀ ਜੀ ਐਸ ਡੀ ਪੀ ਨੂੰ ਪ੍ਰਤੀਸ਼ਤਤਾ ਨੂੰ **ਚਾਰਟ 2.16** ਵਿੱਚ ਦਰਸਾਇਆ ਗਿਆ ਹੈ।

**ਚਾਰਟ 2.16: ਬਕਾਇਆ ਕਰਜ਼ਾ ਅਤੇ ਇਸਦੀ ਜੀ ਐਸ ਡੀ ਪੀ ਨੂੰ ਪ੍ਰਤੀਸ਼ਤਤਾ**




*ਸ੍ਰੋਤ: ਵਿੱਤ ਲੇਖੇ*

## 2.6.1 ਕਰਜ਼ੇ ਦੀ ਰੂਪ ਰੇਖਾ: ਕੰਪੋਨੈਂਟਸ

ਰਾਜ ਸਰਕਾਰ ਦੇ ਕੁੱਲ ਕਰਜ਼ੇ ਵਿੱਚ ਆਮ ਤੌਰ ਤੇ ਰਾਜ ਦੇ ਅੰਦਰੂਨੀ ਕਰਜ਼ੇ (ਮਾਰਕੀਟ ਕਰਜ਼ੇ, ਆਰ ਬੀ ਆਈ ਤੋਂ ਵੇਅਜ਼ ਐਂਡ ਮੀਨਜ਼ ਪੇਸ਼ਗੀਆਂ, ਰਾਸ਼ਟਰੀ ਛੋਟੀਆਂ ਬੱਚਤਾਂ ਫੰਡ ਨੂੰ ਜਾਰੀ ਵਿਸ਼ੇਸ਼ ਸਕਿਓਰਟੀਆਂ ਅਤੇ ਵਿੱਤੀ ਸੰਸਥਾਵਾਂ ਤੋਂ ਕਰਜੇ ਆਦਿ), ਕੇਂਦਰ ਸਰਕਾਰ ਤੋਂ ਕਰਜ਼ੇ ਅਤੇ ਪੇਸ਼ਗੀਆਂ, ਅਤੇ ਲੋਕ ਲੇਖਾ ਦੇਣਦਾਰੀਆ ਸ਼ਾਮਲ ਹਨ। 2015-16 ਤੋਂ ਸ਼ੁਰੂ ਹੋ ਕੇ ਪੰਜ ਸਾਲਾਂ ਦੇ ਸਮੇਂ ਲਈ ਰਾਜ ਦੇ ਕਰਜ਼ੇ ਦੇ ਕੰਪੋਨੈਂਟ-ਵਾਰ ਰੁਝਾਨ **ਸਾਰਣੀ** 2.38 ਵਿੱਚ ਦਿਤੇ ਗਏ ਹਨ।

**ਸਾਰਣੀ 2.38: ਕੰਪੋਨੈਂਟ-ਵਾਰ ਕਰਜ਼ੇ ਦੇ ਰੁਝਾਨ**

*(₹ ਕਰੋੜ ਵਿੱਚ)*

| ਵਿੱਤੀ ਦੇਣਦਾਰੀ ਦੇ ਭਾਗ | | 2015-16 | 2016-17 | 2017-18 | 2018-19 | 2019-20 |
|---|---|---|---|---|---|---|
| ਬਕਾਇਆ ਕੁੱਲ ਕਰਜ਼ਾ | | **1,28,835** | **1,82,526** | **1,95,152** | **2,11,917** | **2,29,354** |
| *ਜਨਤਕ ਕਰਜ਼ਾ* | *ਅੰਦਰੂਨੀ ਕਰਜ਼ੇ* | *99,023* | *1,49,880* | *1,60,785* | *1,74,172* | *1,89,662* |
| | *ਭਾਰਤ ਸਰਕਾਰ ਵੱਲੋਂ ਕਰਜ਼ੇ* | *3,566* | *3,893* | *4,018* | *4,958* | *4,671* |
| *ਲੋਕ ਲੇਖੇ ਦੀਆਂ ਦੇਣਦਾਰੀਆਂ* | | *26,246* | *28,753* | *30,349* | *32,787* | *35,021* |
| ਬਕਾਇਆ ਕੁੱਲ ਕਰਜ਼ੇ ਦੀ ਵਾਧਾ ਦਰ (*ਪ੍ਰਤੀਸ਼ਤ*) | | 14.66 | 41.67 | 6.92 | 8.59 | 8.23 |
| ਸਕਲ ਰਾਜ ਘਰੇਲੂ ਉਤਪਾਦ (ਜੀ ਐਸ ਡੀ ਪੀ) | | 3,90,087 | 4,26,988 | 4,70,834 | 5,26,376 | 5,74,760 |
| ਕਰਜ਼ਾ/ਜੀ ਐਸ ਡੀ ਪੀ (*ਪ੍ਰਤੀਸ਼ਤ*) | | 33.03 | 42.75 | 41.45 | 40.26 | 39.90 |
| ਕੁੱਲ ਕਰਜ਼ਾ ਪ੍ਰਾਪਤੀਆਂ (ਡਬਲਿਊ ਐਮ ਏ ਸਮੇਤ) | | 48,152 | 94,290 | 53,363 | 61,155 | 65,907 |
| ਕੁੱਲ ਕਰਜ਼ਾ ਮੁੜ ਅਦਾਇਗੀਆਂ (ਡਬਲਿਊ ਐਮ ਏ ਸਮੇਤ) | | 31,078 | 40,599 | 40,737 | 44,390 | 48,470 |
| ਕੁੱਲ ਉਪਲੱਬਧ ਕਰਜ਼ਾ | | 17,074 | 53,691 | 12,626 | 16,765 | 17,437 |
| ਕਰਜ਼ਾ ਮੁੜ ਅਦਾਇਗੀਆਂ/ਕਰਜ਼ਾ ਪ੍ਰਾਪਤੀਆਂ (*ਪ੍ਰਤੀਸ਼ਤ*) | | 64.54 | 43.06 | 76.34 | 72.59 | 73.54 |

*ਸ੍ਰੋਤ: ਵਿੱਤ ਲੇਖੇ*

ਰਾਜ ਸਰਕਾਰ ਦਾ ਕੁੱਲ ਕਰਜ਼ਾ ਵੱਧ ਰਿਹਾ ਸੀ ਕਿਉਂਜੋ ਇਹ 2015-16 ਵਿੱਚ ₹ 1,28,835 ਕਰੋੜ ਤੋਂ 78.02 *ਪ੍ਰਤੀਸ਼ਤ* ਨਾਲ ਵੱਧ ਕੇ 2019-20 ਵਿੱਚ ₹ 2,29,354 ਕਰੋੜ ਹੋ ਗਿਆ, ਜਿਸ ਵਿੱਚ ਰਾਜ ਸਰਕਾਰ ਵੱਲੋਂ ਅੱਗੇ ਲਿਖਤ ਕੰਮਾਂ ਲਈ ਲਏ ਗਏ ਬਕਾਇਆ ਦੀਰਘ ਕਾਲੀਨ ਕਰਜ਼ੇ ਸ਼ਾਮਲ ਸਨ (i) 2016-17 ਦੌਰਾਨ ਅਨਾਜ ਖਰੀਦ ਆਪ੍ਰੇਸ਼ਨਾਂ ਲਈ ਵਿਰਾਸਤੀ ਕੈਸ਼ ਕ੍ਰੈਡਿਟ ਖਾਤਿਆਂ ਦਾ ਯੱਕਮੁਸ਼ਤ ਨਿਪਟਾਰਾ ਕਰਨ ਲਈ (₹ 29,920 ਕਰੋੜ ਵਿੱਚੋਂ ₹ 27,288 ਕਰੋੜ); ਅਤੇ (ii) ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਿਟਡ (ਪੀ ਐਸ ਪੀ ਸੀ ਐਲ) ਦੇ ਕਰਜ਼ਿਆਂ ਨੂੰ ਕਲੀਅਰ ਕਰਨ ਲਈ, ਉਜਵਲ ਡਿਸਕੌਮ ਐਸ਼ੋਰੈਂਸ ਯੋਜਨਾ (ਯੂ ਡੀ ਏ ਵਾਈ) ਦੇ ਲਾਗੂਕਰਨ ਦੀ ਪਾਲਣਾ ਲਈ 2015-16 (₹ 5,597 ਕਰੋੜ) ਅਤੇ 2016-17 ਦੌਰਾਨ (₹ 10,031 ਕਰੋੜ) ਬਾਂਡ ਜਾਰੀ ਕਰਨ ਲਈ। ਸਾਲ 2019-20 ਦੇ ਅੰਤ ਤੇ ਬਕਾਇਆ ਕੁੱਲ ਕਰਜ਼ੇ ਦਾ ਨਿਖੇੜਾ ਚਾਰਟ 2.17 ਵਿੱਚ ਦਰਸਾਇਆ ਗਿਆ ਹੈ।

**ਚਾਰਟ 2.17: ਸਾਲ 2019-20 ਦੇ ਅਖੀਰ ਤੇ ਬਕਾਇਆ ਕੁੱਲ ਕਰਜ਼ੇ ਦਾ ਨਿਖੇੜਾ**




*ਸ੍ਰੋਤ: ਵਿੱਤ ਲੇਖੇ*

ਚਾਰਟ 2.18 ਪੰਜ ਸਾਲਾਂ ਦੇ ਸਮੇਂ ਭਾਵ 2015-20 ਦੌਰਾਨ ਲਏ ਗਏ ਅੰਦਰੂਨੀ ਕਰਜ਼ੇ ਦੀ ਤੁਲਨਾ ਵਿੱਚ ਮੁੜ ਅਦਾਇਗੀ ਦੀ ਮਾਤਰਾ ਨੂੰ ਦਰਸਾਉਂਦਾ ਹੈ।

**ਚਾਰਟ 2.18: ਲਏ ਗਏ ਅੰਦਰੂਨੀ ਕਰਜ਼ੇ ਦੀ ਤੁਲਨਾ ਵਿੱਚ ਮੁੜ ਅਦਾਇਗੀ**

*(₹ ਕਰੋੜ ਵਿੱਚ)*




*ਸ੍ਰੋਤ: ਵਿੱਤ ਲੇਖੇ*

ਰਾਜ ਸਰਕਾਰ ਦਾ ਅੰਦਰੂਨੀ ਕਰਜ਼ਾ 2015-16 ਵਿੱਚ ₹ 99,023 ਕਰੋੜ ਤੋਂ ₹ 90,639 ਕਰੋੜ (91.53 *ਪ੍ਰਤੀਸ਼ਤ*) ਨਾਲ ਵਧ ਕੇ 2019-20 ਵਿੱਚ ₹ 1,89,662 ਕਰੋੜ ਹੋ ਗਿਆ। 2019-20 ਦੌਰਾਨ ਅੰਦਰੂਨੀ ਕਰਜ਼ੇ 'ਤੇ ਵਿਆਜ ਦੀ ₹ 15,049 ਕਰੋੜ ਦੀ ਰਾਸ਼ੀ ਦੀ ਅਦਾਇਗੀ ਕੀਤੀ ਗਈ ਸੀ।

**ਸਾਰਣੀ** 2.39 ਸਾਲ 2015-20 ਦੌਰਾਨ ਵਿੱਤੀ ਘਾਟੇ ਨੂੰ ਫਾਈਨਾਂਸ ਕਰਨ ਦੀ ਪੱਧਤੀ ਨੂੰ ਦਰਸਾਉਂਦੀ ਹੈ ਅਤੇ 2019-20 ਦੌਰਾਨ ਵਿੱਤੀ ਘਾਟੇ ਦੀ ਫਾਈਨਾਂਸਿੰਗ ਨੂੰ ਜਲ ਫਲੋਅ ਚਾਰਟ (**ਚਾਰਟ** 2.19) ਰਾਹੀਂ ਵਰਣਨ ਕੀਤਾ ਗਿਆ ਹੈ।

**ਸਾਰਣੀ 2.39: ਵਿੱਤੀ ਘਾਟੇ ਦੇ ਕੰਪੋਨੈਂਟ ਅਤੇ ਇਸਦੀ ਫਾਈਨਾਂਸਿੰਗ ਪੱਧਤੀ**

*(₹ ਕਰੋੜ ਵਿੱਚ)*

| ਵੇਰਵੇ | | 2015-16 | 2016-17 | 2017-18 | 2018-19 | 2019-20 |
|---|---|---|---|---|---|---|
| **ਵਿੱਤੀ ਘਾਟੇ ਦੀ ਰਚਨਾ** | | **(-)17,360** | **(-)47,071** | **(-)12,494** | **(-)16,059** | **(-)16,826** |
| 1. | ਰੈਵੀਨਿਊ ਘਾਟਾ | (-)8,550 | (-)7,311 | (-)9,455 | (-)13,135 | (-)14,285 |
| 2. | ਨਿਰੋਲ ਪੂੰਜੀਗਤ ਆਊਟਲੇਅ | (-)3,059 | (-)4,346 | (-)2,352 | (-)2,412 | (-)17,828 |
| 3. | ਨਿਰੋਲ ਕਰਜ਼ੇ ਅਤੇ ਪੇਸ਼ਗੀਆਂ | (-)5,751 | (-)35,414 | (-)687 | (-)512 | 15,287 |
| **ਵਿੱਤੀ ਘਾਟੇ ਦੀ ਫਾਈਨਾਂਸਿੰਗ ਪੱਧਤੀ** | | | | | | |
| 1. | ਮਾਰਕੀਟ ਉਧਾਰ | 9,199 | 12,144 | 13,349 | 17,053 | 18,470 |
| 2. | ਭਾਰਤ ਸਰਕਾਰ ਤੋਂ ਕਰਜ਼ੇ | (-)49 | 327 | 125 | 940 | (-)288 |
| 3. | ਐਨ ਐਸ ਐਸ ਐਫ ਨੂੰ ਜਾਰੀ ਵਿਸ਼ੇਸ਼ ਸਕਿਓਰਟੀਆਂ | 1,579 | (-)1,804 | (-)1,742 | (-)1,801 | (-)1,841 |
| 4. | ਵਿੱਤੀ ਸੰਸਥਾਵਾਂ ਤੋਂ ਕਰਜ਼ੇ | 5,648 | 34,749 | (-)702 | (-)1,865 | (-)1,138 |
| 5. | ਛੋਟੀਆਂ ਬੱਚਤਾਂ, ਪੀ ਐਫ, ਆਦਿ | 1,110 | 1,233 | 1,126 | 1,264 | 2 |
| 6. | ਡਿਪਾਜ਼ਿਟਸ ਅਤੇ ਪੇਸ਼ਗੀਆਂ | 114 | 115 | (-)180 | 290 | 431 |
| 7. | ਸਸਪੈਂਸ ਅਤੇ ਫੁੱਟਕਲ | 5 | 17 | (-)27 | 120 | (-)41 |
| 8. | ਰੈਮੀਟੈਂਸਜ਼ | 3 | 0 | (-)12 | 11 | (-)23 |
| 9. | ਰਾਖਵੇਂ ਫੰਡ | (-)126 | 758 | 650 | 883 | 2,054 |
| **10.** | **ਸਮੁੱਚਾ ਘਾਟਾ** | **17,483** | **47,539** | **12,587** | **16,895** | **17,626** |
| 11. | ਕੈਸ਼ ਬਕਾਏ ਵਿੱਚ ਵਾਧਾ (-) /ਘਾਟਾ (+) | (-)123 | (-)410 | (-)93 | (-)836 | (-)800 |
| **12.** | **ਕੁੱਲ ਵਿੱਤੀ ਘਾਟਾ** | **17,360** | **47,071** | **12,494** | **16,059** | **16,826** |

*ਸ੍ਰੋਤ: ਵਿੱਤ ਲੇਖੇ*

### **ਚਾਰਟ 2.19:** 2019-20 ਦੌਰਾਨ ਵਿੱਤੀ ਘਾਟੇ ਦੀ ਫਾਈਨਾਂਸਿੰਗ

*(₹ ਕਰੋੜ ਵਿੱਚ)*




*ਸ੍ਰੋਤ: ਵਿੱਤ ਲੇਖੇ*

ਸਾਲ 2019-20 ਦੌਰਾਨ ਵਿੱਤੀ ਘਾਟੇ ਨੂੰ ਫਾਈਨਾਂਸ ਕਰਨ ਵਾਲੀਆਂ ਪ੍ਰਾਪਤੀਆਂ ਅਤੇ ਅਦਾਇਗੀਆਂ ਦੇ ਕੰਪੋਨੈਂਟ **ਸਾਰਣੀ** 2.40 ਵਿੱਚ ਦਰਸਾਏ ਗਏ ਹਨ।

### ਸਾਰਣੀ 2.40: 2019-20 ਦੌਰਾਨ ਵਿੱਤੀ ਘਾਟੇ ਨੂੰ ਫਾਈਨਾਂਸ ਕਰਨ ਵਾਲੇ ਕੰਪੋਨੈਂਟਾਂ ਅਧੀਨ ਪ੍ਰਾਪਤੀਆਂ ਅਤੇ ਅਦਾਇਗੀਆਂ

*(₹ ਕਰੋੜ ਵਿੱਚ)*

| ਵੇਰਵੇ | | ਪ੍ਰਾਪਤੀ | ਅਦਾਇਗੀ | ਨਿਰੋਲ |
|---|---|---|---|---|
| 1. | ਮਾਰਕੀਟ ਉਧਾਰ | 27,355 | 8,885 | 18,470 |
| 2. | ਭਾਰਤ ਸਰਕਾਰ ਤੋਂ ਕਰਜ਼ੇ | 145 | 433 | (-)288 |
| 3. | ਐਨ ਐਸ ਐਸ ਐਫ ਨੂੰ ਜਾਰੀ ਵਿਸ਼ੇਸ਼ ਸਕਿਓਰਟੀਆਂ | 0 | 1,841 | (-)1,841 |
| 4. | ਵਿੱਤੀ ਸੰਸਥਾਵਾਂ ਤੋ ਕਰਜ਼ੇ | 321 | 1,459 | (-)1,138 |
| 5. | ਛੋਟੀਆਂ ਬੱਚਤਾਂ, ਪੀ ਐਫ, ਆਦਿ | 3,591 | 3,589 | 2 |
| 6. | ਡਿਪਾਜ਼ਿਟਸ ਅਤੇ ਪੇਸ਼ਗੀਆਂ | 5,288 | 4,857 | 431 |
| 7. | ਸਸਪੈਂਸ ਅਤੇ ਫੁੱਟਕਲ | 55,574 | 55,615 | (-)41 |
| 8. | ਰੈਮੀਟੈਂਸਜ਼ | 46 | 69 | (-)23 |
| 9. | ਰਾਖਵੇਂ ਫੰਡ | 2,251 | 197 | 2,054 |
| **10.** | **ਸਮੁੱਚਾ ਘਾਟਾ** | | | **17,626** |
| 11. | ਕੈਸ਼ ਬਕਾਏ ਵਿੱਚ ਵਾਧਾ (-)/ਘਾਟਾ (+) | 2,125 | 1,325 | (-)800 |
| **12.** | **ਕੁੱਲ ਵਿੱਤੀ ਘਾਟਾ** | | | **16,826** |

*ਸ੍ਰੋਤ: ਵਿੱਤ ਲੇਖੇ*

## 2.6.2 ਕਰਜ਼ੇ ਦੀ ਰੂਪ ਰੇਖਾ: ਪ੍ਰੌੜ੍ਹਤਾ ਅਤੇ ਮੁੜ ਅਦਾਇਗੀ

ਕਰਜ਼ੇ ਦੀ ਪ੍ਰੌੜ੍ਹਤਾ ਅਤੇ ਮੁੜ ਅਦਾਇਗੀ ਦੀ ਰੂਪ ਰੇਖਾ ਕਰਜ਼ੇ ਦੀ ਮੁੜ ਅਦਾਇਗੀ ਜਾਂ ਕਰਜ਼ਾ ਚੁਕਾਉਣ ਲਈ ਸਰਕਾਰ ਦੀ ਵਚਨਬੱਧਤਾ ਦਾ ਸੰਕੇਤ ਦਿੰਦੀ ਹੈ। ਰਾਜ ਦੀ ਕਰਜ਼ਾ ਪ੍ਰੌੜ੍ਹਤਾ ਰੂਪ ਰੇਖਾ ਨੂੰ **ਸਾਰਣੀ** 2.41 ਅਤੇ **ਚਾਰਟ** 2.22 ਵਿੱਚ ਦਰਸਾਇਆ ਗਿਆ ਹੈ।

**ਸਾਰਣੀ 2.41: ਰਾਜ ਦੇ ਕਰਜ਼ੇ ਦੀ ਮੁੜ ਅਦਾਇਗੀ ਦੀ ਕਰਜ਼ਾ ਪ੍ਰੌੜ੍ਹਤਾ ਰੂਪ ਰੇਖਾ**

| ਮੁੜ ਅਦਾਇਗੀ ਦਾ ਸਮਾਂ (ਸਾਲ) | ਰਾਸ਼ੀ (₹ ਕਰੋੜ ਵਿੱਚ) | ਪ੍ਰਤੀਸ਼ਤਤਾ (ਜਨਤਕ ਕਰਜ਼ੇ ਦੇ ਸਬੰਧ ਵਿੱਚ) |
|---|---|---|
| 0 – 1 | 12,525.97 | 6.45 |
| 1 – 3 | 33,963.49 | 17.48 |
| 3 – 5 | 27,037.61 | 13.91 |
| 5 – 7 | 26,418.31 | 13.59 |
| 7 ਅਤੇ ਜ਼ਿਆਦਾ | 90,575.78 | 46.61 |
| ਹੋਰ[17] | 3,811.46 | 1.96 |
| **ਜੋੜ** | **1,94,332.63** | **100.00** |

*ਸ੍ਰੋਤ: ਵਿੱਤ ਲੇਖਿਆਂ ਦੇ ਅਧਾਰ ਤੇ ਆਂਕਣਾ ਕੀਤੀ ਗਈ*

**ਸਾਰਣੀ** 2.41 ਸੰਕੇਤ ਦਿੰਦੀ ਹੈ ਕਿ ਰਾਜ ਸਰਕਾਰ ਨੂੰ ਆਪਣੇ ਕਰਜ਼ੇ ਦਾ 23.93 *ਪ੍ਰਤੀਸ਼ਤ* (₹ 46,489.46 ਕਰੋੜ) ਅਗਲੇ ਤਿੰਨ ਸਾਲਾਂ ਵਿੱਚ, 13.91 *ਪ੍ਰਤੀਸ਼ਤ* (₹ 27,037.61 ਕਰੋੜ) 3-5 ਸਾਲਾਂ ਵਿਚਕਾਰ ਅਤੇ 13.59 *ਪ੍ਰਤੀਸ਼ਤ* (₹ 26,418.31 ਕਰੋੜ) 5-7 ਸਾਲਾਂ ਵਿਚਕਾਰ ਵਾਪਸ ਕਰਨਾ ਪੈਣਾ ਹੈ। ਇਸ ਤੋਂ ਸੰਕੇਤ ਮਿਲਦਾ ਹੈ ਕਿ ਰਾਜ ਨੂੰ ਅਗਲੇ ਸੱਤ ਸਾਲਾਂ ਵਿੱਚ ਆਪਣੇ ਕਰਜ਼ੇ ਦੀ 51.43 *ਪ੍ਰਤੀਸ਼ਤ* (₹ 99,945.38 ਕਰੋੜ) ਦੀ ਅਦਾਇਗੀ ਕਰਨੀ ਪੈਣੀ ਹੈ।

**ਚਾਰਟ 2.20: ਕਰਜ਼ੇ ਦੀ ਪ੍ਰੌੜ੍ਹਤਾ ਰੂਪ ਰੇਖਾ**




*ਸ੍ਰੋਤ: ਵਿੱਤ ਲੇਖੇ*

[17] ਇਸ ਰਾਸ਼ੀ ਦਾ ਅਦਾਇਗੀ ਸ਼ਡਿਊਲ ਮਹਾਂ ਲੇਖਾਕਾਰ (ਲੇਖਾ ਤੇ ਹੱਕਦਾਰੀ ), ਪੰਜਾਬ ਦੇ ਦਫਤਰ ਦੁਆਰਾ ਨਹੀਂ ਰੱਖਿਆ ਜਾ ਰਿਹਾ।

ਰਾਜ ਸਰਕਾਰ ਨੇ ਕਿਹਾ (ਜੂਨ 2021) ਕਿ ਵਿੱਤ ਵਿਭਾਗ ਵਿੱਚ ਸ਼ਾਮਲ ਇੱਕ ਕਰਜ਼ਾ ਪ੍ਰਬੰਧਨ ਯੂਨਿਟ ਸਤਰਕਤਾ ਨਾਲ ਰਾਜ ਦੀ ਪ੍ਰੌੜ੍ਹਤਾ ਰੂਪ ਰੇਖਾ ਤੇ ਨਿਗਰਾਨੀ ਰੱਖ ਰਹੀ ਸੀ ਅਤੇ ਉੱਚ ਕੇਂਦਰਿਤ ਖੇਤਰਾਂ ਨੂੰ ਟਾਲਣ ਲਈ ਕ੍ਰਿਆਸ਼ੀਲਤਾ ਨਾਲ ਕਦਮ ਚੁੱਕੇ ਜਾ ਰਹੇ ਸਨ। ਇਹ ਯੂਨਿਟ ਲੰਮੇ ਸਮੇ ਦੀਆਂ ਸਕਿਓਰਟੀਆਂ ਜਾਰੀ ਕਰਕੇ ਰਾਜ ਦੇ ਯੀਲਡ ਕਰਵ ਨੂੰ ਐਕਸਟੈਂਡ ਕਰ ਰਹੀ ਸੀ। ਕਰੈਡਿਟ ਦੀ ਲਾਗਤ ਨੂੰ ਕਾਬੂ ਹੇਠ ਰਖਦੇ ਹੋਏ ਰਾਜ ਦੇ ਕੇਂਦਰਿਤ ਹੋਣ ਦੇ ਖਤਰੇ ਦੀ ਸਤਰਕਤਾ ਨਾਲ ਨਿਗਰਾਨੀ ਕੀਤੀ ਜਾ ਰਹੀ ਸੀ ਅਤੇ ਇਸ ਨੂੰ ਘੱਟ ਕੀਤਾ ਗਿਆ ਸੀ।

ਮਾਰਕੀਟ ਕਰਜ਼ਿਆਂ (ਯੂ ਡੀ ਏ ਵਾਈ ਬਾਂਡਜ਼ ਸਮੇਤ) ਅਤੇ ਇਸ ਦੇ ਨਾਲ ਵਿਆਜ ਦੀ ਮੁੜ ਅਦਾਇਗੀ ਦਾ ਸ਼ਡਿਊਲ ਚਾਰਟ 2.21 ਵਿੱਚ ਦਿੱਤਾ ਗਿਆ ਹੈ।

**ਚਾਰਟ 2.21: ਮਾਰਕੀਟ ਕਰਜ਼ਿਆਂ ਦੀ ਮੁੜ ਅਦਾਇਗੀ ਦਾ ਸ਼ਡਿਊਲ**




*ਸ੍ਰੋਤ: ਮਹਾਂ ਲੇਖਾਕਾਰ (ਲੇਖਾ ਅਤੇ ਹੱਕਦਾਰੀ), ਪੰਜਾਬ ਦਾ ਦਫਤਰ*

*ਨੋਟ: ਇਹ ਪ੍ਰੌੜ੍ਹਤਾ ਰੂਪ ਰੇਖਾ 31 ਮਾਰਚ 2020 ਨੂੰ ਬਕਾਇਆ ਮਾਰਕੀਟ ਕਰਜ਼ਿਆਂ ਅਤੇ ਯੂ ਡੀ ਏ ਵਾਈ ਬਾਂਡਜ਼ ਲਈ ਬਣਾਈ ਗਈ ਹੈ ਅਤੇ ਵਿਆਜ ਉਸ ਵਿੱਤੀ ਸਾਲ ਤੱਕ ਆਂਕਿਆ ਗਿਆ ਹੈ ਜਿਸ ਵਿੱਚ ਕਰਜ਼ੇ ਰਿਟਾਇਰ ਹੋਣ ਜਾ ਰਹੇ ਹਨ।*

31 ਮਾਰਚ 2020 ਨੂੰ ₹ 2,19,880 ਕਰੋੜ (ਯੂ ਡੀ ਏ ਵਾਈ ਬਾਂਡਾਂ ਸਮੇਤ) ਦੀ ਰਾਸ਼ੀ ਦੇ ਮਾਰਕੀਟ ਕਰਜ਼ੇ ਵਿਆਜ ਸਮੇਤ ਮੁੜ ਅਦਾਇਗੀ ਲਈ ਡਿਊ ਸਨ। ਰਾਜ ਨੂੰ ਅਗਲੇ ਪੰਜ ਸਾਲਾਂ ਭਾਵ 2024-25 ਤੱਕ ₹ 1,02,316 ਕਰੋੜ (47 *ਪ੍ਰਤੀਸ਼ਤ*) (₹ 54,985 ਕਰੋੜ ਮੂਲ ਵਜੋਂ ਅਤੇ ₹ 47,331 ਕਰੋੜ ਵਿਆਜ ਵਜੋਂ) ਦੇ ਮਾਰਕੀਟ ਕਰਜ਼ਿਆਂ ਦੀ ਮੁੜ ਅਦਾਇਗੀ ਕਰਨੀ ਪਵੇਗੀ। ₹ 91,872 ਕਰੋੜ (42 *ਪ੍ਰਤੀਸ਼ਤ*) (₹ 69,038 ਕਰੋੜ ਮੂਲ ਵੱਜੋਂ ਅਤੇ ₹ 22,834 ਕਰੋੜ ਵਿਆਜ ਵਜੋਂ) ਦੇ ਮਾਰਕੀਟ ਕਰਜ਼ਿਆਂ ਦੀ ਬਾਅਦ ਦੇ ਪੰਜ ਸਾਲਾਂ ਦੇ ਸਮੇਂ ਵਿੱਚ 2029-30 ਤੱਕ ਮੁੜ ਅਦਾਇਗੀ ਕਰਨੀ ਹੋਵੇਗੀ। ਇਸ ਦਾ ਭਾਵ ਹੈ ਕਿ ਅਗਲੇ ਪੰਜ ਸਾਲਾਂ (2020-25) ਵਿੱਚ ਰਾਜ ਨੂੰ ਮਾਰਕੀਟ ਕਰਜ਼ਿਆਂ ਦੀ ਔਸਤਨ ₹ 20,463 ਕਰੋੜ ਦੀ ਸਲਾਨਾ ਮੁੜ ਅਦਾਇਗੀ ਕਰਨੀ ਪਵੇਗੀ ਜੋ ਕਿ ਬਾਅਦ ਦੇ ਪੰਜ ਸਾਲਾਂ (2025-30) ਵਿੱਚ ₹ 18,374 ਕਰੋੜ ਪ੍ਰਤੀ ਸਾਲ ਤੱਕ ਹੇਠਾਂ ਆ ਜਾਵੇਗੀ। ਬਾਕੀ ਰਹਿੰਦੇ ₹ 25,692 ਕਰੋੜ (11 *ਪ੍ਰਤੀਸ਼ਤ*) (₹ 19,823 ਕਰੋੜ ਮੂਲ ਵਜੋਂ ਅਤੇ ₹ 5,869 ਕਰੋੜ ਵਿਆਜ ਵਜੋਂ) 2030 ਤੋਂ ਬਾਅਦ ਮੁੜ ਅਦਾਇਗੀਯੋਗ ਹੋਣਗੇ।

## 2.7 ਕਰਜ਼ਾ ਸਸਟੇਨੇਬਿਲਟੀ ਦਾ ਵਿਸ਼ਲੇਸ਼ਣ

ਕਰਜ਼ਾ ਸਸਟੇਨੇਬਿਲਟੀ ਰਾਜ ਦੀ ਵਰਤਮਾਨ ਅਤੇ ਭਵਿੱਖ ਵਿੱਚ ਆਪਣਾ ਕਰਜ਼ਾ ਚੁਕਾਉਣ ਦੀ ਯੋਗਤਾ ਦਾ ਸੰਕੇਤ ਦਿੰਦੀ ਹੈ। ਕਰਜ਼ਾ ਸਸਟੇਨੇਬਿਲਟੀ ਸੂਚਕਾਂ ਵਿੱਚ ਤਬਦੀਲੀਆਂ ਦੇ ਵਿਸ਼ਲੇਸ਼ਣ ਨੂੰ **ਸਾਰਣੀ** 2.42 **ਅਤੇ ਚਾਰਟ** 2.22 ਵਿੱਚ ਦਿੱਤਾ ਗਿਆ ਹੈ।

**ਸਾਰਣੀ 2.42: ਕਰਜ਼ਾ ਸਸਟੇਨੇਬਿਲਟੀ ਸੂਚਕਾਂ ਵਿੱਚ ਰੁਝਾਨ**

*(₹ ਕਰੋੜ ਵਿੱਚ)*

| ਕਰਜ਼ਾ ਸਸਟੇਨੇਬਿਲਟੀ ਸੂਚਕ | 2015-16 | 2016-17 | 2017-18 | 2018-19 | 2019-20 |
|---|---|---|---|---|---|
| ਬਕਾਇਆ ਜਨਤਕ ਕਰਜ਼ਾ* | **1,02,589.32** | **1,53,773.15** | **1,64,802.98** | **1,79,130.45** | **1,94,332.64** |
| ਬਕਾਇਆ ਜਨਤਕ ਕਰਜ਼ੇ ਦੇ ਵਾਧੇ ਦੀ ਦਰ | 18.17 | 49.89 | 7.17 | 8.69 | 8.49 |
| ਜੀ ਐਸ ਡੀ ਪੀ | 3,90,087 | 4,26,988 | 4,70,834 | 5,26,376 | 5,74,760 |
| ਜੀ ਐਸ ਡੀ ਪੀ ਦੇ ਵਾਧੇ ਦੀ ਦਰ | 9.85 | 9.46 | 10.27 | 11.80 | 9.19 |
| ਜਨਤਕ ਕਰਜ਼ਾ/ਜੀ ਐਸ ਡੀ ਪੀ | 26.30 | 36.01 | 35.00 | 34.03 | 33.81 |
| ਰਾਜ ਦੀ ਕਰਜ਼ਾ ਮੁੜਅਦਾਇਗੀ ਦੀ ਕਰਜ਼ਾ ਪ੍ਰੋੜਤਾ ਰੂਪ ਰੇਖਾ-ਡਿਫਾਲਟ ਹਿਸਟਰੀ ਸਮੇਤ, ਜੇਕਰ ਕੋਈ ਹੈ | 4,098.33 | 4,473.74 | 7,317.19 | 8,318.37 | 12,238.76 |
| ਬਕਾਇਆ ਜਨਤਕ ਕਰਜ਼ੇ ਦੀ ਔਸਤ ਵਿਆਜ ਦਰ (*ਪ੍ਰਤੀਸ਼ਤ*) | 8.22 | 7.58 | 8.35 | 8.21 | 8.17 |
| ਰੈਵੀਨਿਊ ਪ੍ਰਾਪਤੀਆਂ ਨੂੰ ਵਿਆਜ ਅਦਾਇਗੀ ਦੀ ਪ੍ਰਤੀਸ਼ਤਤਾ | 18.74 | 20.26 | 25.08 | 22.67 | 24.77 |
| ਕਰਜ਼ਾ ਪ੍ਰਾਪਤੀਆਂ ਨੂੰ ਕਰਜਾ ਮੁੜ ਅਦਾਇਗੀ ਦੀ ਪ੍ਰਤੀਸ਼ਤਤਾ | 57.38 | 38.79 | 76.02 | 72.50 | 72.25 |
| ਰਾਜ ਨੂੰ ਉਪਲਬੱਧ ਨਿਰੋਲ ਕਰਜ਼ਾ # | 8,596 | 41,462 | (-)2,263 | 212 | (-)52.15 |
| ਕਰਜ਼ਾ ਪ੍ਰਾਪਤੀਆਂ ਦੀ *ਪ੍ਰਤੀਸ਼ਤ* ਵਜੋਂ ਨਿਰੋਲ ਉਪਲੱਬਧ ਕਰਜ਼ਾ | 22.37 | 49.58 | (-)4.92 | 0.41 | (-)0.10 |
| ਮੁੱਢਲਾ ਘਾਟਾ (-)/ ਮੁੱਢਲਾ ਵਾਧਾ (+) | (-)7,578 | (-)35,429 | 2,840 | 247 | 741 |
| ਕਰਜ਼ਾ ਸਥਿਰਤਾ (ਕੁਆਂਟਮ ਸਪਰੈਡ$+ਮੁੱਢਲਾ ਘਾਟਾ) | (-)5,911.30 | (-)32,356.10 | 7,081.35 | 6,406.40 | 4,388.97 |

*ਸ੍ਰੋਤ: ਵਿੱਤ ਲੇਖੇ*

**ਬਕਾਇਆ ਜਨਤਕ ਕਰਜ਼ਾ, 6003-'ਅੰਦਰੂਨੀ ਕਰਜ਼ੇ' ਅਤੇ 6004- 'ਕੇਂਦਰ ਸਰਕਾਰ ਤੋਂ ਕਰਜ਼ੇ ਅਤੇ ਪੇਸ਼ਗੀਆਂ' ਮੱਦਾਂ ਅਧੀਨ ਪਏ ਬਕਾਇਆਂ ਦਾ ਜੋੜ ਹੈ।*

*#ਰਾਜ ਸਰਕਾਰ ਕੋਲ ਉਪਲੱਬਧ ਨਿਰੋਲ ਕਰਜ਼ੇ ਦੀ ਆਂਕਣਾ, ਜਨਤਕ ਕਰਜ਼ਾ ਮੁੜ ਅਦਾਇਗੀਆਂ ਅਤੇ ਜਨਤਕ ਕਰਜ਼ੇ ਉੱਤੇ ਵਿਆਜ ਅਦਾਇਗੀਆਂ ਤੋਂ ਵੱਧ ਹੋਈਆਂ ਜਨਤਕ ਕਰਜ਼ਾ ਪ੍ਰਾਪਤੀਆਂ ਵਜੋਂ ਕੀਤੀ ਜਾਂਦੀ ਹੈ।*

*$ ਕੁਆਂਟਮ ਸਪਰੈਡ =(ਕਰਜ਼ਾ * ਰੇਟ ਸਪਰੈਡ), ਜਦੋਂਕਿ ਰੇਟ ਸਪਰੈਡ=(ਜੀ ਐਸ ਡੀ ਪੀ ਦੀ ਵਿਕਾਸ ਦਰ –ਵਿਆਜ ਦਰ)।*

**ਚਾਰਟ 2.22: ਕਰਜ਼ਾ ਸਸਟੇਨੇਬਿਲਿਟੀ ਸੂਚਕਾਂ ਦੇ ਰੁਝਾਨ**

*(₹ ਕਰੋੜ ਵਿੱਚ)*




*ਸ੍ਰੋਤ: ਵਿੱਤ ਲੇਖੇ*

- ਘਟ ਰਹੀ ਕਰਜ਼ਾ-ਜੀ ਐਸ ਡੀ ਪੀ ਰੇਸ਼ੋ ਨੂੰ ਸਥਿਰਤਾ ਦਾ ਅਗਰਸਰ ਸਮਝਿਆ ਜਾ ਸਕਦਾ ਹੈ। ਕਰਜ਼ਾ-ਜੀ ਐਸ ਡੀ ਪੀ ਰੇਸ਼ੋ 2015-16 ਵਿੱਚ 26.30 *ਪ੍ਰਤੀਸ਼ਤ* ਤੋਂ ਵਧ ਕੇ 2016-17 ਵਿੱਚ 36.01 *ਪ੍ਰਤੀਸ਼ਤ* ਹੋ ਗਈ ਸੀ ਅਤੇ 2019-20 ਵਿੱਚ ਲਗਾਤਾਰ ਘਟਦੇ ਹੋਏ 33.81 *ਪ੍ਰਤੀਸ਼ਤ* ਰਹਿ ਗਈ ਸੀ,ਜੋਕਿ ਸਥਿਰਤਾ ਵੱਲ ਨੂੰ ਜਾਂਦੀ ਸਮਝੀ ਜਾ ਸਕਦੀ ਹੈ। ਕਰਜ਼ਾ ਸਥਿਰਤਾ ਦੀ ਸਥਿਤੀ ਇਹ ਵੀ ਦਸਦੀ ਹੈ ਕਿ ਜੇਕਰ ਮੁਢਲੇ ਘਾਟੇ ਦੇ ਨਾਲ ਨਾਲ ਕੁਆਂਟਮ ਸਪਰੈਡ ਜ਼ੀਰੋ ਹੈ ਤਾਂ ਕਰਜ਼ਾ-ਜੀ ਐਸ ਡੀ ਪੀ ਰੇਸ਼ੋ ਦੇ ਖੜੋਤ ਦਾ ਰੁਝਾਨ ਹੋਵੇਗਾ ਜਾਂ ਆਖਰਕਾਰ ਕਰਜ਼ਾ ਸਥਿਰ ਹੋ ਜਾਵੇਗਾ। ਦੂਜੇ ਪਾਸੇ ਜੇਕਰ ਮੁਢਲੇ ਘਾਟੇ ਦੇ ਨਾਲ ਨਾਲ ਕੁਆਂਟਮ ਸਪਰੈਡ ਨੈਗੇਟਿਵ ਹੁੰਦਾ ਹੈ ਤਾਂ ਕਰਜ਼ਾ-ਜੀ ਐਸ ਡੀ ਪੀ ਰੇਸ਼ੋ ਵੱਧ ਰਹੀ ਹੋਵੇਗੀ ਅਤੇ ਜੇਕਰ ਇਹ ਪਾਜ਼ੇਟਿਵ ਹੁੰਦਾ ਹੈ ਤਾਂ ਅੰਤ ਵਿੱਚ ਕਰਜ਼ਾ-ਜੀ ਐਸ ਡੀ ਪੀ ਰੇਸ਼ੋ ਘਟ ਰਹੀ ਹੋਵੇਗੀ। **ਸਾਰਣੀ** 2.42 ਦਰਸਾਉਂਦੀ ਹੈ ਕਿ 2017-18 ਤੋਂ ਇਹ ਰੁਝਾਨ ਪਾਜ਼ੇਟਿਵ ਸੀ ਜੋਕਿ ਸੰਕੇਤ ਦਿੰਦਾ ਹੈ ਕਿ ਕਰਜ਼ਾ-ਜੀ ਐਸ ਡੀ ਪੀ ਰੇਸ਼ੋ ਅੰਤ ਵਿੱਚ ਘਟ ਰਹੀ ਹੋਵੇਗੀ।

- ਰੈਵੀਨਿਊ ਪ੍ਰਾਪਤੀਆਂ ਨੂੰ ਵਿਆਜ ਅਦਾਇਗੀਆਂ ਦੀ ਰੇਸ਼ੋ ਵੀ ਕਰਜ਼ਾ ਸਸਟੇਨੇਬਿਲਟੀ ਦਾ ਇਕ ਚੰਗਾ ਪੈਮਾਨਾ ਹੈ। ਰੈਵੀਨਿਊ ਪ੍ਰਾਪਤੀਆਂ ਨੂੰ ਵਿਆਜ ਅਦਾਇਗੀਆਂ ਦੀ ਰੇਸ਼ੋ ਦਾ ਵਧਣਾ ਕਰਜ਼ਾ ਸਸਟੇਨੇਬਿਲਟੀ ਲਈ ਚੰਗਾ ਸੂਚਕ ਨਹੀਂ ਹੈ। ਇਹ ਰੇਸ਼ੋ 2015-16 ਵਿੱਚ 18.74 *ਪ੍ਰਤੀਸ਼ਤ* ਤੋਂ ਵੱਧ ਕੇ 2019-20 ਵਿੱਚ 24.77 *ਪ੍ਰਤੀਸ਼ਤ* ਹੋ ਗਈ।

- ਜਨਤਕ ਕਰਜ਼ਾ ਪ੍ਰਾਪਤੀਆਂ ਨੂੰ ਜਨਤਕ ਕਰਜਾ ਮੁੜ ਅਦਾਇਗੀਆਂ ਦੀ ਪ੍ਰਤੀਸ਼ਤਤਾ ਜਿੰਨੀ ਵੱਧ ਹੋਵੇਗੀ,ਕਰਜ਼ੇ ਦੇ ਓਨੇ ਹੀ ਵੱਡੇ ਅਨੁਪਾਤ ਦੀ ਵਰਤੋਂ,ਉਤਪਾਦਕਤਾ ਦੀ ਬਜਾਏ, ਕਰਜ਼ਾ ਚੁਕਾਉਣ ਲਈ ਹੋਵੇਗੀ। ਜਨਤਕ ਕਰਜ਼ਾ ਪ੍ਰਾਪਤੀਆਂ ਨੂੰ ਜਨਤਕ ਕਰਜ਼ਾ ਮੁੜ ਅਦਾਇਗੀਆਂ ਦੀ ਰੇਸ਼ੋ, 2015-20 ਦੇ ਸਮੇ ਦੌਰਾਨ 38.79 *ਪ੍ਰਤੀਸ਼ਤ* ਅਤੇ 76.02 *ਪ੍ਰਤੀਸ਼ਤ* ਦੀ ਰੇਂਜ਼ ਵਿਚਕਾਰ ਸੀ।

### 2.7.1 ਉਧਾਰ ਲਏ ਗਏ ਫੰਡਾਂ ਦੀ ਵਰਤੋਂ

ਉਧਾਰ ਲਏ ਗਏ ਫੰਡਾਂ ਦੀ ਵਰਤੋਂ ਆਦਰਸ਼ਕ ਤੌਰ ਤੇ ਪੂੰਜੀਗਤ ਨਿਰਮਾਣ ਅਤੇ ਵਿਕਾਸਮਈ ਗਤੀਵਿਧੀਆਂ ਲਈ ਹੋਣੀ ਚਾਹੀਦੀ ਹੈ। ਉਧਾਰ ਲਏ ਗਏ ਫੰਡਾਂ ਦੀ ਵਰਤੋਂ ਚਲੰਤ ਖਪਤ ਦੀ ਪੂਰਤੀ ਅਤੇ ਬਕਾਇਆ ਪਏ ਕਰਜ਼ਿਆਂ ਦੇ ਵਿਆਜ ਦੀ ਵਾਪਸੀ ਲਈ ਕਰਨਾ ਇੱਕ ਚੰਗਾ ਰੁਝਾਨ ਨਹੀਂ ਹੈ। **ਸਾਰਣੀ** 2.43 ਸਾਲ 2015-20 ਦੌਰਾਨ ਉਧਾਰ ਲਏ ਗਏ ਫੰਡਾਂ ਦੀ ਵਰਤੋਂ ਨੂੰ ਦਰਸਾਉਂਦੀ ਹੈ।

**ਸਾਰਣੀ 2.43: ਉਧਾਰ ਲਏ ਗਏ ਫੰਡਾਂ ਦੀ ਵਰਤੋਂ**

*(₹ ਕਰੋੜ ਵਿੱਚ)*

| ਲੜੀ ਨੰ. | ਸਾਲ | 2015-16 | 2016-17 | 2017-18 | 2018-19 | 2019-20 |
|---|---|---|---|---|---|---|
| 1. | ਕੁੱਲ ਉਧਾਰ | 38,428 | 91,180* | 47,757 | 53,925 | 57,200 |
| 2. | ਪਹਿਲਾਂ ਲਏ ਗਏ ਉਧਾਰਾਂ ਦੀ ਮੁੜ ਅਦਾਇਗੀ (ਮੂਲਧਨ) (ਪ੍ਰਤੀਸ਼ਤਤਾ) | 22,051 (57) | 32,443 (35) | 34,970 (73) | 37,771 (70) | 39,574 (70) |
| 3. | ਨਿਰੋਲ ਪੂੰਜੀਗਤ ਆਊਟਲੇਅ (ਪ੍ਰਤੀਸ਼ਤਤਾ) | 3,059 (8) | 4,346 (5) | 2,352 (5) | 2,412 (4) | 17,828 (31) |
| 4. | ਨਿਰੋਲ ਕਰਜ਼ੇ ਅਤੇ ਪੇਸ਼ਗੀਆਂ *(ਪ੍ਰਤੀਸ਼ਤਤਾ)* | 5,751 (15) | 35,414 (39) | 687 (1) | 512 (1) | (-)15,287 (-)27 |
| 5. (1-2-3-4) | ਨਿਰੋਲ ਉਪਲੱਬਧ ਉਧਾਰਾਂ ਵਿੱਚੋਂ ਕੀਤਾ ਗਿਆ ਰੈਵੀਨਿਊ ਖਰਚੇ ਦਾ ਅੰਸ਼ (ਪ੍ਰਤੀਸ਼ਤਤਾ) | 7,567 (20) | 18,977 (21) | 9,748 (21) | 13,230 (25) | 15,085 (26) |

*ਸ੍ਰੋਤ: ਵਿੱਤ ਲੇਖੇ*

* *ਅਨਾਜ ਖਰੀਦ ਏਜੰਸੀਆਂ ਨੂੰ ਅਨਾਜ ਖਰੀਦ ਵਿੱਚ ਵਿਰਾਸਤੀ ਰਾਸ਼ੀ (₹ 29,919.16 ਕਰੋੜ) ਦੇ ਵਿਰੁੱਧ ਅਤੇ ਪੀ ਐਸ ਪੀ ਸੀ ਐਲ ਨੂੰ ਯੂ ਡੀ ਏ ਵਾਈ ਅਧੀਨ (₹ 10,031.19 ਕਰੋੜ) ਡਿਸਕੋਮਜ ਦਾ ਕਰਜ਼ਾ ਅਪਣਾਉਣ ਲਈ ਪੇਸ਼ਗੀ ਦਿੱਤੇ ₹ 39,951 ਕਰੋੜ ਦੇ ਵੱਧ ਉਧਾਰਾਂ ਸਮੇਤ।*

**ਸਾਰਣੀ** 2.43 ਦਰਸਾਉਂਦੀ ਹੈ ਕਿ 2015-16 ਤੋਂ 2019-20 ਦੌਰਾਨ ਰਾਜ ਸਰਕਾਰ ਨੇ ਆਪਣੇ ਮੌਜੂਦਾ ਉਧਾਰਾਂ ਦੇ 35-73 *ਪ੍ਰਤੀਸ਼ਤ* ਪਿਛਲੇ ਉਧਾਰਾਂ ਦੀ ਵਾਪਸੀ ਲਈ ਵਰਤੇ। ਨਿਰੋਲ ਉਪਲੱਬਧ ਉਧਾਰਾਂ ਵਿੱਚੋਂ 20 ਅਤੇ 26 *ਪ੍ਰਤੀਸ਼ਤ* ਦੀ ਰੇਂਜ਼ ਵਿਚਕਾਰ ਰੈਵੀਨਿਊ ਖਰਚੇ ਦੀ ਪੂਰਤੀ ਕੀਤੀ ਗਈ। ਨਿਰੋਲ ਪੂੰਜੀਗਤ ਆਊਟਲੇਅ 4 ਅਤੇ 8 *ਪ੍ਰਤੀਸ਼ਤ* ਦੀ ਰੇਂਜ਼ ਵਿਚਕਾਰ ਸੀ, ਸਿਵਾਏ ਚਾਲੂ ਸਾਲ ਦੇ ਜਦੋਂ ਇਹ 31 *ਪ੍ਰਤੀਸ਼ਤ* ਸੀ। ਚਾਲੂ ਸਾਲ ਦੌਰਾਨ ਨਿਰੋਲ ਪੂੰਜੀਗਤ ਆਊਟਲੇਅ ਵਿੱਚ ਵਾਧਾ ਮੁੱਖ ਤੌਰ ਤੇ ₹ 15,628 ਕਰੋੜ ਦੇ ਯੂ ਡੀ ਏ ਵਾਈ ਕਰਜ਼ਿਆਂ ਨੂੰ ਪੀ ਐਸ ਪੀ ਸੀ ਐਲ ਵਿੱਚ ਇਕਿਊਟੀ ਵਿੱਚ ਬਦਲਣ ਕਰਕੇ ਸੀ ਜਿਵੇਂ ਕਿ ਪੈਰ੍ਹਾ 2.4.2.2 (v) ਵਿੱਚ ਚਰਚਾ ਕੀਤੀ ਗਈ ਸੀ। ਇਸ ਤਰ੍ਹਾਂ, ਉਧਾਰ ਲਏ ਗਏ ਫੰਡਾਂ ਦੀ ਵਰਤੋਂ ਪੂੰਜੀਗਤ ਨਿਰਮਾਣ/ਵਿਕਾਸਮਈ ਗਤੀਵਿਧੀਆਂ ਦੀ ਬਜਾਏ ਚਾਲੂ ਖਪਤ ਅਤੇ ਪਹਿਲਾਂ ਲਏ ਗਏ ਕਰਜ਼ਿਆ ਦੀ ਵਾਪਸੀ ਕਰਨ ਲਈ ਕੀਤੀ ਗਈ ਸੀ।

ਸਾਲ 2015-20 ਦੇ ਸਮੇਂ ਦੌਰਾਨ ਉਧਾਰ ਲਏ ਗਏ ਫੰਡਾਂ ਦੀ ਵਰਤੋਂ ਦੇ ਰੁਝਾਨ ਨੂੰ **ਚਾਰਟ** 2.23 ਵਿੱਚ ਦਰਸਾਇਆ ਗਿਆ ਹੈ।

**ਚਾਰਟ 2.23: ਉਧਾਰ ਲਏ ਗਏ ਫੰਡਾਂ ਦੀ ਵਰਤੋਂ ਦੇ ਰੁਝਾਨ**




*ਸ੍ਰੋਤ: ਵਿੱਤ ਲੇਖੇ*

ਰਾਜ ਸਰਕਾਰ ਇਸ ਤੱਥ ਨਾਲ ਸਹਿਮਤ ਸੀ (ਜੂਨ 2021) ਕਿ ਉਧਾਰਾਂ ਨੂੰ ਬਕਾਇਆ ਮੂਲਧਨ ਦੀ ਵਾਪਸੀ ਅਤੇ ਹੋਰ ਖਰਚਿਆਂ ਲਈ ਵਰਤਿਆ ਜਾ ਰਿਹਾ ਸੀ। ਇਸ ਲਈ ਸਕਲ ਉਧਾਰਾਂ ਵਿੱਚੋਂ ਜ਼ਿਆਦਾਤਰ ਕਰਜ਼ੇ ਦੀ ਰੀਫਾਇਨਾਂਸਿੰਗ ਕਰਨ ਅਤੇ ਬਾਕੀ ਦੇ ਖਰਚਾ (ਰੈਵੀਨਿਊ ਅਤੇ ਪੂੰਜੀਗਤ) ਕਰਨ ਵੱਲ ਸੇਧਿਤ ਕੀਤੇ ਗਏ ਸਨ।

## 2.7.2 ਗਰੰਟੀਆਂ ਦੀ ਸਥਿਤੀ-ਅਚੇਤ ਦੇਣਦਾਰੀਆਂ

ਉਧਾਰ ਲੈਣ ਵਾਲਿਆਂ, ਜਿਨ੍ਹਾਂ ਲਈ ਗਰੰਟੀਆਂ ਦਿੱਤੀਆਂ ਗਈਆਂ ਹਨ, ਦੇ ਡਿਫਾਲਟ ਹੋਣ ਦੀ ਸੂਰਤ ਵਿੱਚ ਗਰੰਟੀਆਂ ਰਾਜ ਦੇ ਸੰਚਿਤ ਫੰਡ ਤੇ ਅਚੇਤ ਦੇਣਦਾਰੀਆਂ ਹਨ। ਰਾਜ ਸਰਕਾਰ ਵਿਧਾਨਕ ਨਿਗਮਾਂ/ਬੋਰਡਾਂ, ਸਥਾਨਕ ਸੰਗਠਨਾਂ, ਸਹਿਕਾਰੀ ਬੈਂਕਾਂ ਅਤੇ ਸੁਸਾਇਟੀਆਂ ਆਦਿ ਵੱਲੋਂ ਲਏ ਗਏ ਕਰਜ਼ਿਆ ਦੀ ਵਾਪਸੀ ਲਈ ਗਰੰਟੀਆਂ ਦਿੰਦੀ ਹੈ। ਪੰਜਾਬ ਐਫ ਆਰ ਬੀ ਐਮ ਐਕਟ, 2003 ਅਨੁਸਾਰ ਬਕਾਇਆਂ ਗਰੰਟੀਆਂ ਦੀ ਸੀਮਾ, ਪਿਛਲੇ ਸਾਲ ਦੀਆਂ ਰੈਵੀਨਿਊ ਪ੍ਰਾਪਤੀਆਂ ਦੇ 80 *ਪ੍ਰਤੀਸ਼ਤ* ਤੱਕ ਰੱਖਣੀ ਸੀ। ਵਿੱਤ ਲੇਖਿਆਂ ਦੀ ਵਿਵਰਣੀ 9 ਅਨੁਸਾਰ ਪਿਛਲੇ ਪੰਜ ਸਾਲਾਂ ਲਈ ਗਰੰਟੀਆਂ ਦੇ ਵੇਰਵੇ ਅਤੇ ਕੁੱਲ ਪ੍ਰਾਪਤੀਆਂ ਨੂੰ ਬਕਾਇਆ ਗਰੰਟੀਆਂ ਦੀ ਸਥਿਤੀ **ਸਾਰਣੀ** 2.44 ਵਿੱਚ ਦਿੱਤੀ ਗਈ ਹੈ।

**ਸਾਰਣੀ 2.44: ਰਾਜ ਸਰਕਾਰ ਵੱਲੋਂ ਦਿੱਤੀਆ ਗਰੰਟੀਆਂ**

*(₹ ਕਰੋੜ ਵਿੱਚ)*

| ਗਰੰਟੀਆਂ | 2015-16 | 2016-17 | 2017-18 | 2018-19 | 2019-20 |
|---|---|---|---|---|---|
| ਗਰੰਟੀਆਂ ਦੀ ਬਕਾਇਆ ਰਾਸ਼ੀ ਤੇ ਲਾਗੂ ਸੀਮਾ (ਭਾਵ ਪਿਛਲੇ ਸਾਲ ਦੀਆਂ ਰੈਵੀਨਿਊ ਪ੍ਰਾਪਤੀਆਂ ਦਾ 80 *ਪ੍ਰਤੀਸ਼ਤ)* | 31,218 | 33,218 | 38,388 | 42,408 | 49,815 |
| ਗਰੰਟੀਆਂ ਦੀ ਬਕਾਇਆ ਰਾਸ਼ੀ | 56,819 | 20,677 | 19,760 | 23,719 | 25,352 |

*ਸ੍ਰੋਤ: ਵਿੱਤ ਲੇਖੇ ਅਤੇ ਸਾਲਾਨਾ ਵਿੱਤੀ ਵਿਵਰਣੀਆਂ*

*ਨੋਟ: 2014-15 ਤੋਂ 2018-19 ਦੇ ਸਮੇਂ ਦੌਰਾਨ ਪਿਛਲੇ ਸਾਲ ਦੇ ਅੰਤਮ ਬਕਾਏ ਨਾਲੋਂ ਮੁਢਲੇ ਬਕਾਏ ਵਿੱਚ ਅੰਤਰ ਹੈ। ਮਾਮਲਾ ਰਾਜ ਸਰਕਾਰ ਨੂੰ ਭੇਜਿਆ ਗਿਆ ਹੈ।*

31 ਮਾਰਚ 2020 ਨੂੰ ₹ 25,352 ਕਰੋੜ ਲਈ ਬਕਾਇਆ ਗਰੰਟੀਆਂ ਪਾਵਰ (₹ 13,505 ਕਰੋੜ); ਸਹਿਕਾਰੀ ਅਦਾਰਿਆਂ (₹ 1,512 ਕਰੋੜ); ਰਾਜ ਵਿੱਤ ਕੰਪਨੀਆਂ/ ਨਿਗਮਾਂ (₹ 776 ਕਰੋੜ); ਖੁਰਾਕ ਅਤੇ ਸਿਵਲ ਸਪਲਾਈਜ਼ (₹ 976 ਕਰੋੜ); ਅਤੇ ਹੋਰ (₹ 8,583 ਕਰੋੜ) ਨਾਲ ਸਬੰਧਤ ਸਨ।

ਸਰਕਾਰ ਨੇ 2016-20 ਦੌਰਾਨ ਐਫ ਆਰ ਬੀ ਐਮ ਐਕਟ ਵਿੱਚ ਨਿਰਧਾਰਤ ਸੀਮਾ ਦੇ ਅੰਦਰ ਰਹਿ ਕੇ ਗਰੰਟੀਆਂ ਦਿੱਤੀਆਂ। ਜਦੋਂਕਿ 2015-16 ਦੌਰਾਨ ਅਨਾਜ ਖਰੀਦ ਏਜੰਸੀਆਂ ਵੱਲੋਂ ਵਰਤੇ ਗਏ ਕੈਸ਼ ਕ੍ਰੈਡਿਟ (₹ 29,920 ਕਰੋੜ) ਨਾਲ ਸਬੰਧਤ ਦਿੱਤੀਆਂ ਗਈਆਂ ਗਰੰਟੀਆਂ ਦੇ ਕਾਰਣ, ਗਰੰਟੀਆਂ ਨਿਰਧਾਰਤ ਹੱਦਾਂ ਤੋਂ ਵੱਧ ਸਨ।

₹ 25,352 ਕਰੋੜ ਦੀਆਂ ਬਕਾਇਆ ਗਰੰਟੀਆਂ ਵਿੱਚੋਂ ਰਾਜ ਸਰਕਾਰ ਨੇ ₹ 1,677.41[18] ਕਰੋੜ ਦੀਆਂ ਗਰੰਟੀਆਂ ਛੇ ਪੀ ਐਸ ਯੂਜ਼, ਜਿਨ੍ਹਾਂ ਦਾ ਨਿਰੋਲ ਮੁੱਲ ਨੈਗੇਟਿਵ ਹੋ ਗਿਆ ਸੀ, ਨੂੰ ਦਿੱਤੀਆਂ ਗਈਆਂ ਸਨ। ਇਸ ਤੋਂ ਭਾਵ ਹੈ ਕਿ ਉਨ੍ਹਾ ਦੇ ਕਰਜ਼ੇ ਵਾਪਸ ਕਰਨ ਦੀ ਅਸਲ ਜ਼ਿੰਮੇਵਾਰੀ ਰਾਜ ਸਰਕਾਰ ਦੀ ਹੈ।

### 2.7.3 ਕੈਸ਼ ਬਕਾਇਆਂ ਦਾ ਪ੍ਰਬੰਧਨ

ਭਾਰਤੀ ਰਿਜ਼ਰਵ ਬੈਂਕ ਨਾਲ ਕੀਤੇ ਇਕਰਾਰਨਾਮੇ ਅਨੁਸਾਰ, ਰਾਜ ਸਰਕਾਰਾਂ ਨੇ ਬੈਂਕ ਕੋਲ ਰੋਜ਼ਾਨਾ ਘੱਟੋ ਘੱਟ ਕੈਸ਼ ਬਕਾਇਆ ਬਰਕਰਾਰ ਰੱਖਣਾ ਹੁੰਦਾ ਹੈ। ਜੇਕਰ ਕਿਸੇ ਦਿਨ ਸਹਿਮਤ ਕੀਤੇ ਹੋਏ ਬਕਾਏ ਤੋਂ ਬਕਾਇਆ ਘਟ ਜਾਂਦਾ ਹੈ ਤਾਂ ਇਸ ਕਮੀ ਨੂੰ ਸਮੇਂ ਸਮੇਂ ਤੇ ਸਧਾਰਣ ਵੇਅਜ਼ ਐਂਡ ਮੀਨਜ਼ ਪੇਸ਼ਗੀਆ (ਡਬਲਿਊ ਐਮ ਏ)/ਵਿਸ਼ੇਸ ਵੇਅਜ਼ ਐਂਡ ਮੀਨਜ਼ ਪੇਸ਼ਗੀਆ (ਐਸ ਡਬਲਿਊ ਐਮ ਏ)/ਓਵਰਡਰਾਫਟ (ਓ ਡੀ) ਲੈ ਕੇ ਪੂਰਾ ਕਰ ਲਿਆ ਜਾਂਦਾ ਹੈ। ਆਰ ਬੀ ਆਈ ਦੁਆਰਾ ਰਾਜ ਸਰਕਾਰ ਨੂੰ ਦਿੱਤੇ ਜਾਣ ਵਾਲੇ ਸਧਾਰਣ ਡਬਲਿਊ ਐਮ ਏ ਦੀ ਸੀਮਾਂ ਦੀ ਸਮੇਂ ਸਮੇਂ ਤੇ ਸੋਧ ਕੀਤੀ ਜਾਂਦੀ ਹੈ।

ਰਾਜ ਸਰਕਾਰ ਆਪਣੇ ਵਾਧੂ ਕੈਸ਼ ਬਕਾਏ ਨੂੰ ਭਾਰਤ ਸਰਕਾਰ ਦੀਆਂ ਲਘੂ ਅਤੇ ਦੀਰਘ ਕਾਲੀਨ ਸਕਿਓਰਟੀਆਂ ਅਤੇ ਖਜ਼ਾਨਾ ਬਿਲਾਂ ਵਿੱਚ ਨਿਵੇਸ਼ ਕਰਦੀ ਹੈ। ਅਜਿਹੇ ਨਿਵੇਸ਼ਾਂ ਤੋਂ ਪ੍ਰਾਪਤ ਲਾਭ '0049- ਵਿਆਜ ਪ੍ਰਾਪਤੀਆਂ' ਮੱਦ ਅਧੀਨ ਧਨ ਪ੍ਰਾਪਤੀਆਂ ਵਜੋਂ ਕ੍ਰੈਡਿਟ ਕੀਤੇ ਜਾਂਦੇ ਹਨ। ਕੈਸ਼ ਬਕਾਇਆਂ ਦਾ ਨਿਵੇਸ਼ ਸੰਚਿਤ ਸਿਕਿੰਗ ਫੰਡ ਅਤੇ ਇਸ ਦੇ ਨਾਲ ਨਾਲ ਗਰੰਟੀ ਰਿਡੰਪਸ਼ਨ ਫੰਡ ਵਿੱਚ ਵੀ ਕੀਤਾ ਜਾਂਦਾ ਹੈ।

---

[18] (i) ਪੰਜਾਬ ਰਾਜ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਟਿਡ: ₹ 551.75 ਕਰੋੜ; (ii) ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ ਲਿਮਟਿਡ: ₹ 486.71 ਕਰੋੜ; (iii) ਪੰਜਾਬ ਐਗਰੋ ਫੂਡਗ੍ਰੇਨ ਕਾਰਪੋਰੇਸ਼ਨ ਲਿਮਟਿਡ: ₹ 299.85 ਕਰੋੜ; (iv) ਪੰਜਾਬ ਵਿੱਤੀ ਕਾਰਪੋਰੇਸ਼ਨ: ₹ 214.54 ਕਰੋੜ; (v) ਪੰਜਾਬ ਰਾਜ ਵੇਅਰ ਹਾਊਸਿੰਗ ਕਾਰਪੋਰੇਸ਼ਨ: ₹ 86.14 ਕਰੋੜ; ਅਤੇ (vi) ਪੰਜਾਬ ਰਾਜ ਅਨਾਜ ਖਰੀਦ ਕਾਰਪੋਰੇਸ਼ਨ ਲਿਮਟਿਡ: ₹ 38.42 ਕਰੋੜ।

ਇਹ ਉਚਿਤ ਨਹੀਂ ਹੈ ਕਿ ਰਾਜ ਸਰਕਾਰ ਵੱਡੇ ਕੈਸ਼ ਬਕਾਏ ਹੋਣ ਦੇ ਬਾਵਜ਼ੂਦ ਮਾਰਕੀਟ ਕਰਜ਼ਿਆ ਦਾ ਸਹਾਰਾ ਲਏ ਜਿਸ ਕਰਕੇ ਬਿਨਾ ਕਿਸੇ ਲਾਭਕਾਰੀ ਵਰਤੋਂ ਦੇ ਪਏ ਕੈਸ਼ ਬਕਾਇਆ ਵਿੱਚ ਹੋਰ ਵਾਧਾ ਹੁੰਦਾ ਹੈ। 2018-19 ਅਤੇ 2019-20 ਦੌਰਾਨ ਕੈਸ਼ ਬਕਾਏ ਅਤੇ ਇਹਨਾਂ ਦੇ ਨਿਵੇਸ਼ ਦੇ ਵੇਰਵੇ **ਸਾਰਣੀ** 2.45 ਵਿੱਚ ਦਿੱਤੇ ਗਏ ਹਨ।

**ਸਾਰਣੀ 2.45: ਕੈਸ਼ ਬਕਾਏ ਅਤੇ ਇਨ੍ਹਾਂ ਦੇ ਨਿਵੇਸ਼**

*(₹ ਕਰੋੜ ਵਿੱਚ)*

| | 1 ਅਪ੍ਰੈਲ 2019 ਨੂੰ ਮੁਢਲਾ ਬਕਾਇਆ | 31 ਮਾਰਚ 2020 ਨੂੰ ਅੰਤਿਮ ਬਕਾਇਆ |
|---|---|---|
| **ੳ. ਆਮ ਕੈਸ਼ ਬਕਾਇਆ** | | |
| ਭਾਰਤੀ ਰਿਜ਼ਰਵ ਬੈਂਕ ਕੋਲ ਡਿਪਾਜ਼ਿਟਸ | 20.10 | 340.67 |
| ਕੈਸ਼ ਬਕਾਇਆ ਨਿਵੇਸ਼ ਲੇਖੇ ਵਿੱਚ ਕੀਤੇ ਨਿਵੇਸ਼ | 468.56 | 805.39 |
| **ਜੋੜ (ੳ)** | **488.66** | **1,146.06** |
| **ਅ. ਹੋਰ ਕੈਸ਼ ਬਕਾਏ ਅਤੇ ਨਿਵੇਸ਼** | | |
| ਵਿਭਾਗੀ ਅਧਿਕਾਰੀਆਂ ਭਾਵ ਜੰਗਲਾਤ ਅਤੇ ਲੋਕ ਨਿਰਮਾਣ ਕੋਲ ਕੈਸ਼ | 835.21 | 725.54 |
| ਕੰਟੀਜੈਂਟ ਖਰਚੇ ਲਈ ਵਿਭਾਗੀ ਅਧਿਕਾਰੀਆਂ ਕੋਲ ਸਥਾਈ ਪੇਸ਼ਗੀਆਂ | 0.26 | 0.26 |
| ਚਿੰਨਤ ਫੰਡਾਂ ਦਾ ਨਿਵੇਸ਼ | 0.70 | 253.20 |
| **ਜੋੜ (ਅ)** | **836.17** | **979.00** |
| **ਜੋੜ (ੳ+ ਅ)** | **1,324.83** | **2,125.06** |
| **ਪ੍ਰਾਪਤ ਕੀਤਾ ਵਿਆਜ** | **4.92** | **5.60** |

*ਸ੍ਰੋਤ: ਵਿੱਤ ਲੇਖੇ*

ਚਾਲੂ ਸਾਲ ਦੇ ਅਖੀਰ ਤੇ ਅੰਤਮ ਕੈਸ਼ ਬਕਾਇਆ (₹ 2,125.06 ਕਰੋੜ) ਪਿਛਲੇ ਸਾਲ (₹ 1,324.83 ਕਰੋੜ) ਨਾਲੋਂ ₹ 800.23 ਕਰੋੜ ਨਾਲ ਵਧ ਗਿਆ।

ਕੈਸ਼ ਬਕਾਏ ਵਿੱਚ ਚਿੰਨ੍ਹਤ ਫੰਡਾਂ ਦੇ ਕੀਤੇ ₹ 253.20 ਕਰੋੜ ਦੇ ਨਿਵੇਸ਼ ਸ਼ਾਮਲ ਸਨ। ਸਾਲ 2019-20 ਦੌਰਾਨ ਰਾਜ ਸਰਕਾਰ ਨੂੰ 44 ਦਿਨਾਂ ਲਈ ਓਵਰਡਰਾਫਟ ਦੀ ਸਹੂਲਤ ਦਾ ਸਹਾਰਾ ਲੈਣਾ ਪਿਆ ਸੀ। ਸਰਕਾਰ 139 ਦਿਨਾਂ ਲਈ ₹ 1.56 ਕਰੋੜ ਦਾ ਘੱਟੋ ਘੱਟ ਕੈਸ਼ ਬਕਾਇਆ ਰੱਖ ਸਕੀ ਸੀ ਅਤੇ ਇਸ ਨੂੰ 183 ਦਿਨਾਂ ਲਈ ਸਧਾਰਣ ਡਬਲਿਊ ਐਮ ਏ ਲੈ ਕੇ ਘੱਟੋ ਘੱਟ ਬਕਾਇਆ ਵੀ ਰੱਖਣਾ ਪਿਆ ਸੀ। ਰਾਜ ਨੂੰ ਸਾਲ 2019-20 ਦੌਰਾਨ ਡਬਲਿਊ ਐਮ ਏ 'ਤੇ ₹ 23.79 ਕਰੋੜ ਦੇ ਵਿਆਜ ਦੀ ਅਦਾਇਗੀ ਕਰਨੀ ਪਈ ਸੀ।

ਰਾਖਵੇਂ ਫੰਡਾਂ ਵਿੱਚ ਬਕਾਏ ਜਾਂ ਤਾਂ ਕੈਸ਼ ਵਿੱਚ ਰੱਖੇ ਜਾਂਦੇ ਹਨ ਜਾਂ ਸਬੰਧਤ ਫੰਡ ਦੇ ਦਿਸ਼ਾ ਨਿਰਦੇਸ਼ਾਂ ਵਿੱਚ ਨਿਰਧਾਰਤ ਕੀਤੀਆ ਵੱਖ-ਵੱਖ ਸਕਿਓਰਟੀਆਂ ਵਿੱਚ ਇਨ੍ਹਾਂ ਦਾ ਨਿਵੇਸ਼ ਕਰਨਾ ਲੋੜੀਂਦਾ ਹੈ। ਸਾਲ 2019-20 ਦੌਰਾਨ ਸੰਚਿਤ ਸਿੰਕਿਗ ਫੰਡ ਤੋਂ ਸਿਰਫ ₹ 243 ਕਰੋੜ ਨਿਵੇਸ਼ ਕੀਤੇ ਗਏ ਸਨ। ਸਾਲ ਦੇ ਅਖੀਰ ਤੇ ₹ 1,146.06 ਕਰੋੜ ਦਾ ਆਮ ਕੈਸ਼ ਬਕਾਇਆ, ਇਥੋਂ ਤੱਕ ਕਿ ਚਿੰਨਤ

ਰਿਜ਼ਰਵ ਫੰਡਾਂ ਦੇ ₹ 8,203.96 ਕਰੋੜ ਦੇ ਬਕਾਏ ਦੇ ਬਰਾਬਰ ਵੀ ਨਹੀਂ ਸੀ ਜਿਸ ਦਾ ਅਰਥ ਇਹ ਹੈ ਕਿ ਰਾਖਵੇਂ ਫੰਡ ਚਿਤਵੇ ਉਦੇਸ਼ ਨਾਲੋਂ ਕਿਤੇ ਹੋਰ ਵਰਤੇ ਗਏ ਸਨ।

ਪਿਛਲੇ ਪੰਜ ਸਾਲਾਂ ਦੌਰਾਨ ਕੈਸ਼ ਬਕਾਇਆ ਨਿਵੇਸ਼ ਲੇਖੇ ਦੇ ਵੇਰਵੇ; ਅਤੇ ਸਾਲ 2019-20 ਦੌਰਾਨ ਮਹੀਨਾਵਾਰ ਕੈਸ਼ ਬਕਾਇਆਂ ਅਤੇ ਮਹੀਨੇ ਦੇ ਅੰਤ ਤੇ ਨਿਰੋਲ ਕੈਸ਼ ਬਕਾਏ ਦੇ ਨਿਵੇਸ਼ਾਂ ਵਿੱਚ ਹਲਚਲ ਦੇ ਵੇਰਵੇ ਕ੍ਰਮਵਾਰ **ਸਾਰਣੀ** 2.46 ਅਤੇ **ਚਾਰਟ** 2.24 ਵਿੱਚ ਦਰਸਾਏ ਗਏ ਹਨ।

**ਸਾਰਣੀ 2.46: ਕੈਸ਼ ਬਕਾਇਆ ਨਿਵੇਸ਼ ਲੇਖਾ** (ਮੁੱਖ ਮੱਦ-8673)

(*₹ ਕਰੋੜ ਵਿੱਚ*)

| ਸਾਲ | ਮੁਢਲਾ ਬਕਾਇਆ | ਅੰਤਿਮ ਬਕਾਇਆ | ਵਾਧਾ (+) /ਘਾਟਾ (-) | ਕਮਾਇਆ ਵਿਆਜ |
|---|---|---|---|---|
| 2015-16 | 350.35 | 5,238.43 | (+) 4,888.08 | 12.31 |
| 2016-17 | 5,180.25* | 0.04 | (-)5,180.21 | (-)8.05 |
| 2017-18 | 0.04 | 0.04 | 0.00 | 1.56 |
| 2018-19 | 0.04 | 468.56 | (+) 468.52 | 4.92 |
| 2019-20 | 468.56 | 805.39 | (+) 336.83 | 5.60 |

*ਸ੍ਰੋਤ: ਵਿੱਤ ਲੇਖੇ*

* *ਪਹਿਲੇ ਸਮੇਂ ਦੇ ਸਮਾਯੋਜਨ ਨੂੰ ਸ਼ਾਮਲ ਕਰਨ ਲਈ ਪ੍ਰੋਫਾਰਮਾ ਸਮਾਯੋਜਨ ਰਾਹੀਂ ₹ 58.18 ਕਰੋੜ ਨਾਲ ਘਟਾਏ ਗਏ ।*

**ਚਾਰਟ 2.24:** 2019-20 ਦੌਰਾਨ ਨਿਰੋਲ ਕੈਸ਼ ਬਕਾਇਆ ਨਿਵੇਸ਼ਾਂ ਅਤੇ ਮਹੀਨੇ ਦੇ ਅਖੀਰ ਤੇ ਕੈਸ਼ ਬਕਾਏ ਦੀ ਮਹੀਨਾਵਾਰ ਹਲਚਲ




*ਸ੍ਰੋਤ: ਮਹਾਂ ਲੇਖਾਕਾਰ (ਲੇਖਾ ਤੇ ਹੱਕਦਾਰੀ) ਪੰਜਾਬ ਦਾ ਦਫਤਰ*

ਪਿਛਲੇ ਪੰਜ ਸਾਲਾਂ ਦੌਰਾਨ ਕੈਸ਼ ਬਕਾਇਆਂ ਦੀ ਤੁਲਨਾ ਵਿੱਚ ਮਾਰਕੀਟ ਕਰਜ਼ਿਆਂ ਦੇ ਵੇਰਵਿਆਂ ਨੂੰ ਚਾਰਟ 2.25 ਵਿੱਚ ਦਰਸਾਇਆ ਗਿਆ ਹੈ।

**ਚਾਰਟ 2.25: ਕੈਸ਼ ਬਕਾਏ ਦੀ ਤੁਲਨਾ ਵਿੱਚ ਮਾਰਕੀਟ ਕਰਜ਼ੇ**




*ਸ੍ਰੋਤ: ਵਿੱਤ ਲੇਖੇ*

ਸਾਲ 2019-20 ਦੌਰਾਨ, ਰਾਜ ਆਮ ਕੈਸ਼ ਬਕਾਏ (₹ 1,146 ਕਰੋੜ) ਦੀ ਹੱਦ ਤੱਕ ਮਾਰਕੀਟ ਉਧਾਰਾਂ ਤੋਂ ਬਚ ਸਕਦਾ ਸੀ। ₹ 1,146 ਕਰੋੜ ਦੇ ਆਮ ਕੈਸ਼ ਬਕਾਏ ਵਿੱਚ ₹ 805 ਕਰੋੜ ਦਾ ਕੈਸ਼ ਬਕਾਇਆ ਨਿਵੇਸ਼ ਸ਼ਾਮਲ ਸੀ। ਰਾਜ ਸਰਕਾਰ ਨੇ ਕਿਹਾ (ਜੂਨ 2021) ਕਿ ਉਧਾਰ ਲੈਣ, ਕੈਸ਼ ਬਕਾਏ ਅਤੇ ਖਰਚਾ ਵਚਨਬੱਧਤਾਵਾਂ ਦੇ ਸਮੇ ਦੀ ਪ੍ਰਕ੍ਰਿਤੀ ਅਨਿਯਮਤ ਸੀ। ਇਸ ਤੋਂ ਇਲਾਵਾ ਕੈਸ਼ ਬਕਾਏ ਦੀ ਅਸਥਾਈ ਪ੍ਰਕ੍ਰਿਤੀ ਅਤੇ ਕਰਜ਼ੇ ਦੇ ਦੀਰਘ ਕਾਲੀਨ ਨਤੀਜੇ ਵੇਖਦੇ ਹੋਏ, ਕਈ ਵਾਰੀ ਉਚੇਰੀਆਂ ਵਿਆਜ ਦਰਾਂ ਤੋਂ ਬਚਣ ਲਈ ਪਹਿਲਾਂ ਹੀ ਕਰਜ਼ਾ ਲੈਣਾ ਸਰਕਾਰ ਦੇ ਪੱਖ ਵਿੱਚ ਹੁੰਦਾ ਹੈ ਭਾਵੇਂ ਕਿ ਇਸ ਕੋਲ ਕੈਸ਼ ਬਕਾਏ ਹੋਣ। ਇਸ ਲਈ ਕੀਤੀ ਗਈ ਸਿਫਾਰਸ਼ ਵਰਤਮਾਨ ਦ੍ਰਿਸ਼ ਵਿੱਚ ਪੂਰੀ ਤਰਾਂ ਉਚਿਤ ਨਹੀਂ ਸੀ ਜਦੋਂਕਿ ਉਧਾਰਾਂ ਦਾ ਇੱਕ ਵੱਡਾ ਹਿੱਸਾ ਐਸ ਡੀ ਐਲਜ਼ (ਰਾਜ ਵਿਕਾਸ ਕਰਜ਼ੇ) ਰਾਹੀਂ ਲਿਆ ਗਿਆ ਸੀ। ਰਾਜ ਸਰਕਾਰ ਦਾ ਉੱਤਰ ਕੇਵਲ ਇੱਕ ਮਾਨਤਾ ਦੇ ਅਧਾਰ ਤੇ ਸੀ।

## 2.8 ਮੁੱਖ ਵਿਸ਼ੇਸ਼ਤਾਵਾਂ

ਸਰਕਾਰ ਦੀ ਵਿੱਤੀ ਕਾਰਗੁਜ਼ਾਰੀ ਨੂੰ ਵੇਖਣ ਲਈ ਘਾਟਾ ਸੂਚਕ, ਰੈਵੀਨਿਊ ਵਾਧਾ ਅਤੇ ਖਰਚਾ ਪ੍ਰਬੰਧਨ ਮੁੱਖ ਮਾਪਦੰਡ ਹਨ। 2019-20 ਦੌਰਾਨ ਰਾਜ ਵਿੱਤਾਂ ਦੇ ਮਹੱਤਵਪੂਰਣ ਮਾਪਦੰਡਾਂ ਦੀ ਪਿਛਲੇ ਸਾਲ ਭਾਵ 2018-19 ਨਾਲ ਤੁਲਨਾ ਨੂੰ **ਸਾਰਣੀ** 2.47 ਵਿੱਚ ਸੰਖੇਪ ਕੀਤਾ ਗਿਆ ਹੈ।

**ਸਾਰਣੀ 2.47: ਮਹੱਤਵਪੂਰਣ ਮਾਪਦੰਡ**

| ਸਾਕਾਰਾਤਮਕ ਸੂਚਕ | ਨਜ਼ਦੀਕੀ ਨਿਗਰਾਨੀ ਦੀ ਲੋੜ ਵਾਲੇ ਮਾਪਦੰਡ |
|---|---|
| ⇑ ਪਿਛਲੇ ਤਿੰਨ ਸਾਲਾਂ ਲਈ ਮੁਢਲਾ ਵਾਧਾ। | ⇓ ਪਿਛਲੇ ਸਾਲ ਨਾਲੋਂ ਰੈਵੀਨਿਊ ਘਾਟੇ ਵਿੱਚ 8.76 *ਪ੍ਰਤੀਸ਼ਤ* ਦਾ ਵਾਧਾ। |
| ⇑ ਸਮਾਜਿਕ ਸੇਵਾਵਾਂ ਤੇ ਰੈਵੀਨਿਊ ਖਰਚੇ ਵਿੱਚ ਪਿਛਲੇ ਸਾਲ ਨਾਲੋਂ 6.35 *ਪ੍ਰਤੀਸ਼ਤ* ਦਾ ਵਾਧਾ। | ⇓ ਆਪਣੇ ਰੈਵੀਨਿਊ (ਆਪਣਾ ਕਰ ਅਤੇ ਗੈਰ-ਕਰ ਰੈਵੀਨਿਊ) ਵਿੱਚ 6.40 *ਪ੍ਰਤੀਸ਼ਤ* ਦੀ ਗਿਰਾਵਟ। |
| ⇑ ਪਿਛਲੇ ਸਾਲ ਨਾਲੋਂ ਗੈਰ-ਵਚਨਬੱਧ ਖਰਚਿਆਂ ਦੀ ਪ੍ਰਤੀਸ਼ਤਤਾ ਵਜੋਂ ਸਬਸਿਡੀਆਂ ਵਿੱਚ 10.57 *ਪ੍ਰਤੀਸ਼ਤ* ਦੀ ਗਿਰਾਵਟ। | ⇓ ਜਨਤਕ ਕਰਜ਼ਾ ਪ੍ਰਾਪਤੀਆਂ ਵਿੱਚ 21.28 *ਪ੍ਰਤੀਸ਼ਤ* ਦਾ ਵਾਧਾ। |

## 2.9 ਸਿੱਟੇ

ਰਾਜ ਨੇ ਰੈਵੀਨਿਊ ਘਾਟੇ ਦੇ ਸਿਲਸਲੇਵਾਰ ਖਾਤਮੇ ਰਾਹੀਂ ਵਿੱਤੀ ਸਥਿਰਤਾ ਲਿਆਉਣ ਅਤੇ ਵਿੱਤੀ ਪ੍ਰਬੰਧਨ ਵਿੱਚ ਸਿਆਣਪ ਨੂੰ ਯਕੀਨੀ ਬਣਾਉਣ ਲਈ ਐਫ ਆਰ ਬੀ ਐਮ ਐਕਟ, 2003 ਪਾਸ ਕੀਤਾ। ਰਾਜ ਨਿਰੰਤਰ ਰੈਵੀਨਿਊ ਘਾਟੇ ਵਾਲਾ ਸੂਬਾ ਰਿਹਾ। 2018-19 ਦੌਰਾਨ 21 *ਪ੍ਰਤੀਸ਼ਤ* ਦੀ ਤੁਲਨਾ ਵਿੱਚ ਰੈਵੀਨਿਊ ਘਾਟਾ ਰੈਵੀਨਿਊ ਪ੍ਰਾਪਤੀਆਂ ਦਾ 2019-20 ਦੌਰਾਨ 23 *ਪ੍ਰਤੀਸ਼ਤ* ਸੀ।

ਰੈਵੀਨਿਊ ਘਾਟਾ ਜੋ 2008-09 ਤੱਕ ਜ਼ੀਰੋ ਤੱਕ ਹੇਠਾਂ ਲਿਆਉਣਾ ਸੀ, 2019-20 ਦੌਰਾਨ ₹ 14,285 ਕਰੋੜ ਤੱਕ ਵੱਧ ਗਿਆ। ਇਹ ਸੰਕੇਤ ਦਿੰਦਾ ਹੈ ਕਿ ਰਾਜ ਨੇ ਚਾਲੂ ਖਪਤ ਦੀ ਪੂਰਤੀ ਲਈ ਫੰਡ ਉਧਾਰ ਲਏ ਸਨ।

2015-20 ਦੌਰਾਨ ਸਬਸਿਡੀਆਂ ਰੈਵੀਨਿਊ ਖਰਚੇ ਦਾ 10 *ਪ੍ਰਤੀਸ਼ਤ* ਤੋਂ 18 *ਪ੍ਰਤੀਸ਼ਤ* ਸਨ ਅਤੇ ਇਨ੍ਹਾਂ ਨੇ ਰੈਵੀਨਿਊ ਘਾਟੇ ਨੂੰ 59 *ਪ੍ਰਤੀਸ਼ਤ* ਤੋਂ 102 *ਪ੍ਰਤੀਸ਼ਤ* ਦਾ ਯੋਗਦਾਨ ਦਿੱਤਾ। ਪਾਵਰ ਸਬਬਿਡੀ 63 *ਪ੍ਰਤੀਸ਼ਤ* ਅਤੇ 96 *ਪ੍ਰਤੀਸ਼ਤ* ਦੀ ਰੇਂਜ਼ ਵਿਚਕਾਰ ਕੁੱਲ ਸਬਸਿਡੀਆਂ ਦਾ ਵੱਡਾ ਹਿੱਸਾ ਸੀ।

2019-20 ਦੌਰਾਨ ਰਾਜ ਦਾ ਵਿੱਤੀ ਘਾਟਾ ₹ 16,826 ਕਰੋੜ ਸੀ ਜੋ ਕਿ ਜੀ ਐਸ ਡੀ ਪੀ ਦਾ 2.93 *ਪ੍ਰਤੀਸ਼ਤ* ਸੀ ਅਤੇ ਰਾਜ ਸਰਕਾਰ ਦੁਆਰਾ ਐਮ ਟੀ ਐਫ ਪੀ ਵਿੱਚ ਤੈਅ ਕੀਤੇ ਟੀਚੇ ਦੇ ਅੰਦਰ ਸੀ। ਵਿੱਤੀ ਘਾਟਾ ਮੁੱਖ ਤੌਰ ਤੇ ਮਾਰਕੀਟ ਉਧਾਰਾਂ ਰਾਹੀ ਫਾਈਨਾਂਸ ਕੀਤਾ ਗਿਆ ਸੀ।

2019-20 ਦੌਰਾਨ ₹ 57,200 ਕਰੋੜ ਦੇ ਕੁੱਲ ਉਧਾਰਾਂ ਵਿੱਚੋਂ ਰਾਜ ਸਰਕਾਰ ਨੇ ਸਿਰਫ ₹ 17,828 ਕਰੋੜ (31 *ਪ੍ਰਤੀਸ਼ਤ*) ਦਾ ਪੂੰਜੀਗਤ ਖਰਚਾ ਕੀਤਾ ਜਿਸ ਵਿੱਚ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਡ (ਪੀ ਐਸ ਪੀ ਸੀ ਐਲ) ਵਿੱਚ ਇਕਿਊਟੀ ਨਿਵੇਸ਼ ਦੇ ₹ 15,628 ਕਰੋੜ ਸ਼ਾਮਲ ਸਨ ਜਿਸ ਦਾ ਭਾਵ ਹੈ ਕਿ ਪੂੰਜੀਗਤ ਜਾਇਦਾਦਾਂ ਦੇ ਨਿਰਮਾਣ ਤੇ ਸਿਰਫ ₹ 2,200 ਕਰੋੜ (4 *ਪ੍ਰਤੀਸ਼ਤ*) ਹੀ ਖਰਚ ਕੀਤੇ ਗਏ।

ਰੈਵੀਨਿਊ ਪ੍ਰਾਪਤੀਆ ਦੀ ਸਾਲਾਨਾ ਵਾਧਾ ਦਰ 2015-16 ਵਿੱਚ 6.41 *ਪ੍ਰਤੀਸ਼ਤ* ਤੋਂ ਘਟ ਕੇ 2019-20 ਵਿੱਚ (-)1.11 *ਪ੍ਰਤੀਸ਼ਤ* ਰਹਿ ਗਈ, ਜਿਸ ਦੇ ਸਿੱਟੇ ਵੱਜੋਂ ਚਾਲੂ ਖਪਤ ਦੀ ਪੂਰਤੀ ਲਈ ਉਧਾਰ ਲਏ ਗਏ ਫੰਡਾਂ ਤੇ ਨਿਰਭਰਤਾ ਵਧੇਰੇ ਹੋ ਗਈ। ਇਸ ਤੋ ਇਲਾਵਾ, ਰਾਜ ਦੀ ਆਪਣੀ ਰੈਵੀਨਿਊ ਪਿਛਲੇ ਸਾਲ ਨਾਲੋਂ 6.40 *ਪ੍ਰਤੀਸ਼ਤ* ਦਾ ਨੇਗੈਟਿਵ ਵਾਧਾ ਹੋਣ ਕਰਕੇ ਭਾਰਤ ਸਰਕਾਰ ਦੇ ਯੋਗਦਾਨਾਂ ਤੇ ਨਿਰਭਰਤਾ ਵਧ ਗਈ।

ਰਾਜ ਨੇ ਤਰਜੀਹੀ ਖੇਤਰੀ ਖਰਚੇ ਲਈ 31 *ਪ੍ਰਤੀਸ਼ਤ* ਛਡਦੇ ਹੋਏ ਵਚਨਬੱਧ ਦੇਣਦਾਰੀਆਂ ਜਿਵੇਂ ਕਿ ਤਨਖਾਹਾਂ ਅਤੇ ਉਜਰਤਾਂ, ਪੈਨਸ਼ਨਾਂ, ਵਿਆਜ ਅਦਾਇਗੀਆਂ ਤੇ ਕੁੱਲ ਰੈਵੀਨਿਊ ਖਰਚੇ ਦਾ 69 *ਪ੍ਰਤੀਸ਼ਤ* ਖਰਚ ਕੀਤਾ। ਪੰਜਾਬ ਵਿੱਚ ਤਰਜੀਹੀ ਖੇਤਰ ਜਿਵੇਂ ਕਿ ਸਿੱਖਿਆ ਅਤੇ ਸਿਹਤ ਵਿੱਚ ਕੁੱਲ ਖਰਚੇ ਦੀ ਪ੍ਰਤੀਸ਼ਤਤਾ ਆਮ ਸ਼੍ਰੇਣੀ ਰਾਜਾਂ ਦੀ ਔਸਤ ਤੋਂ ਘੱਟ ਸੀ।

ਰਾਜ ਲੇਖਿਆਂ ਅਨੁਸਾਰ ਅਤੇ 19 ਪੀ ਐਸ ਯੂਜ਼ ਦੇ ਲੇਖਿਆਂ ਅਨੁਸਾਰ ਇਕਿਊਟੀ ਨਿਵੇਸ਼ ਦੀਆਂ ਰਾਸ਼ੀਆਂ ਵਿੱਚ ₹ 4,137 ਕਰੋੜ ਦਾ ਅੰਤਰ ਸੀ। ਅੰਤਰ ਮਿਲਾਨ ਅਧੀਨ ਸੀ (ਫਰਵਰੀ 2021)।

ਯੂ ਡੀ ਏ ਵਾਈ ਸਕੀਮ ਦਿਸ਼ਾ ਨਿਰਦੇਸ਼ਾਂ ਅਤੇ ਇਸ ਸਬੰਧੀ ਤਿਪੱਖੀ ਐਮ ਓ ਯੂ ਦੀ ਉਲਘੰਣਾ ਵਿੱਚ, ਰਾਜ ਨੇ ਡਿਸਕੌਮਜ਼ ਤੋਂ ਅਪਣਾਏ ਗਏ ਕਰਜ਼ੇ ਨੂੰ ਇਕਿਊਟੀ ਅਤੇ ਗ੍ਰਾਂਟ ਵਿੱਚ 25:75 ਦੀ ਰੇਸ਼ੋ ਵਿੱਚ ਸੀਮਤ ਕਰਨ ਦੀ ਬਜਾਏ, ਇਸ ਦੀ ਸਾਰੀ ਰਾਸ਼ੀ ਨੂੰ ਇਕਿਊਟੀ ਵਿੱਚ ਤਬਦੀਲ ਕਰ ਦਿੱਤਾ। ਇਸ ਨਾਲ ਪੂੰਜੀਗਤ ਖਰਚੇ ਵਿੱਚ ਵਾਧਾ ਹੋਇਆ ਅਤੇ ਇਸੇ ਸਮੇਂ ਰੈਵੀਨਿਊ ਖਰਚਾ ਘੱਟ ਗਿਆ ਜਿਸ ਦਾ ਸਿੱਧਾ ਅਸਰ ਰੈਵੀਨਿਊ ਘਾਟੇ ਤੇ ਪਿਆ।

ਰਾਜ ਸਰਕਾਰ ਨੇ 31 ਮਾਰਚ 2020 ਤੱਕ ਵਿਧਾਨਕ ਕਾਰਪੋਰੇਸ਼ਨਾਂ, ਸਰਕਾਰੀ ਕੰਪਨੀਆਂ ਅਤੇ ਸਹਿਕਾਰੀ ਅਦਾਰਿਆਂ ਵਿੱਚ ਆਪਣੇ ਕੁੱਲ ਨਿਵੇਸ਼ (19,898 ਕਰੋੜ) ਤੇ 0.02 *ਪ੍ਰਤੀਸ਼ਤ* ਦਾ ਮਾਮੂਲੀ ਪ੍ਰਤੀਫਲ ਕਮਾਇਆ।

2019-20 ਦੇ ਸ਼ੁਰੂ ਵਿੱਚ ਸਹਿਕਾਰੀ ਖੰਡ ਮਿੱਲਾਂ ਦੇ ਵਿਰੁੱਧ ₹ 839 ਕਰੋੜ ਦੀ ਰਾਸ਼ੀ ਦੇ ਕਰਜ਼ੇ ਬਕਾਇਆ ਸਨ। ਅੱਗੇ, ਇਨ੍ਹਾਂ ਖੰਡ ਮਿੱਲਾਂ ਤੋਂ ਪਹਿਲੇ ਕਰਜ਼ਿਆਂ ਦੀ ਵਸੂਲੀ ਕੀਤੇ ਬਗੈਰ ₹ 100 ਕਰੋੜ ਦੇ ਕਰਜ਼ੇ ਦੇ ਦਿੱਤੇ ਗਏ ਸਨ।

ਜਨਤਕ ਕਰਜ਼ਾ ਅਤੇ ਲੋਕ ਲੇਖਾ ਦੇਣਦਾਰੀਆਂ ਸਮੇਤ ਕੁੱਲ ਬਕਾਇਆ ਕਰਜ਼ਾ, ਜੀ ਐਸ ਡੀ ਪੀ ਦਾ 39.90 *ਪ੍ਰਤੀਸ਼ਤ* ਸੀ। ਕੁੱਲ ਕਰਜ਼ਾ ਪਿਛਲੇ ਸਾਲ ਨਾਲੋਂ ਅੱਠ *ਪ੍ਰਤੀਸ਼ਤ* ਨਾਲ ਵਧਿਆ। ਸਾਲ ਦੌਰਾਨ, ਰੈਵੀਨਿਊ ਖਰਚੇ ਦੇ 23 *ਪ੍ਰਤੀਸ਼ਤ* ਅਤੇ ਰੈਵੀਨਿਊ ਪ੍ਰਾਪਤੀਆਂ ਦੇ 29 *ਪ੍ਰਤੀਸ਼ਤ* ਦੇ ਬਰਾਬਰ ਵਿਆਜ ਅਦਾਇਗੀਆਂ ਵਿੱਚ ਚਲਾ ਗਿਆ ਸੀ।

2019-20 ਦੌਰਾਨ ਰਾਜ ਸਰਕਾਰ ਨੇ ਬਕਾਇਆ ਕਰਜ਼ਿਆ ਤੇ ₹ 1,336 ਕਰੋੜ (3.10 *ਪ੍ਰਤੀਸ਼ਤ*) ਵਿਆਜ ਵਜੋਂ ਪ੍ਰਾਪਤ ਕੀਤੇ ਜਦੋਂਕਿ ਬਕਾਇਆ ਕਰਜ਼ੇ ਉੱਤੇ 7.93 *ਪ੍ਰਤੀਸ਼ਤ* ਦੀ ਦਰ ਨਾਲ ਵਿਆਜ ਅਦਾਇਗੀ ਕੀਤੀ। ਰਾਜ ਸਰਕਾਰ ਨੇ 2019-20 ਦੌਰਾਨ 7.31 *ਪ੍ਰਤੀਸ਼ਤ* ਪ੍ਰਤੀ ਸਲਾਨਾ ਔਸਤ ਵਿਆਜ ਦਰ ਤੇ ਕਰਜ਼ੇ ਲਏ।

ਰਾਜ ਸਰਕਾਰ ਨੇ ਰਾਜ ਆਫਤ ਰਿਸਪਾਂਸ ਫੰਡ ਅਧੀਨ ਉਪਲੱਬਧ ₹ 6,999 ਕਰੋੜ ਦੇ ਫੰਡਾਂ ਦਾ ਨਿਵੇਸ਼ ਨਹੀਂ ਕੀਤਾ ਸੀ।

ਇਥੋਂ ਤੱਕ ਕਿ 31 ਮਾਰਚ 2020 ਨੂੰ ਮੁਕੰਮਲ ਹੋਣ ਲਈ ਸੂਚੀਬੱਧ ਕੀਤੇ ਗਏ 52 ਪ੍ਰੋਜੈਕਟ ਅਧੂਰੇ ਸਨ। ਇਨ੍ਹਾਂ ਅਧੂਰੇ ਪ੍ਰੋਜੈਕਟਾਂ ਤੇ ਕੀਤੇ ₹ 1,201.27 ਕਰੋੜ ਦੇ ਖਰਚੇ ਤੋਂ ਚਿਤਵੇ ਲਾਭ ਮਿਲਣੇ ਅਜੇ ਬਾਕੀ ਸਨ।

## 2.10 ਸਿਫਾਰਸ਼ਾਂ

(i) ਰਾਜ ਸਰਕਾਰ ਵਿਧਾਨਕ ਨਿਗਮਾਂ, ਸਰਕਾਰੀ ਕੰਪਨੀਆਂ, ਸਹਿਕਾਰੀ ਬੈਂਕਾਂ ਅਤੇ ਸੁਸਾਇਟੀਆਂ ਤੋਂ ਨਿਵੇਸ਼ ਤੇ ਨਾਕਾਫੀ ਪ੍ਰਤੀਫਲ ਲਈ ਕਾਰਣਾਂ ਦਾ ਮੁਲਾਂਕਣ ਕਰਨ ਅਤੇ ਸੋਧਮਈ ਉਪਾਵਾਂ ਦੇ ਸੁਝਾਅ ਲਈ ਇੱਕ ਕਮੇਟੀ ਦਾ ਗਠਨ ਕਰਨ ਤੇ ਵਿਚਾਰ ਕਰ ਸਕਦੀ ਹੈ।

(ii) ਰਾਜ ਅਧੂਰੇ ਪ੍ਰੋਜੈਕਟਾਂ ਦੇ ਸਮਾਂ-ਬੱਧ ਮੁਕੰਮਲ ਕਰਨ ਨੂੰ ਯਕੀਨੀ ਬਣਾ ਸਕਦਾ ਹੈ।

(iii) ਰਾਜ ਸਰਕਾਰ ਨੂੰ ਉਧਾਰਾਂ ਤੇ ਘੱਟ ਤੋਂ ਘੱਟ ਨਿਰਭਰਤਾ ਲਈ ਆਪਣੇ ਸਾਧਨ ਜੁਟਾਉਣੇ ਚਾਹੀਦੇ ਹਨ।

# ਅਧਿਆਇ-III

# ਬਜਟਰੀ ਪ੍ਰਬੰਧਨ

# ਅਧਿਆਇ-III

# ਬਜਟਰੀ ਪ੍ਰਬੰਧਨ

## 3.1 ਬਜਟ ਪ੍ਰਕ੍ਰਿਆ

ਭਾਰਤ ਦੇ ਸੰਵਿਧਾਨ ਦੇ ਅਨੁਛੇਦ 202 ਦੀ ਪਾਲਣਾ ਵਿੱਚ ਹਰ ਇੱਕ ਵਿੱਤੀ ਸਾਲ ਨਾਲ ਸਬੰਧਤ, ਉਸ ਸਾਲ ਲਈ ਰਾਜ ਦੀਆਂ ਅਨੁਮਾਨਿਤ ਪ੍ਰਾਪਤੀਆਂ ਅਤੇ ਖਰਚੇ ਦੀ ਇਕ ਵਿਵਰਣੀ ਜਿਸ ਨੂੰ ਕਿ "ਸਲਾਨਾ ਵਿੱਤੀ ਵਿਵਰਣੀ" (ਬਜਟ) ਕਿਹਾ ਜਾਂਦਾ ਹੈ, ਰਾਜ ਵਿਧਾਨਪਾਲਿਕਾ ਦੇ ਸਨਮੁੱਖ ਪੇਸ਼ ਕੀਤੀ ਜਾਣੀ ਹੈ। ਖਰਚੇ ਦੇ ਅਨੁਮਾਨਾਂ ਵਿੱਚ ਖਰਚੇ ਦੀਆਂ 'ਚਾਰਜਡ' ਅਤੇ 'ਵੋਟਡ' ਆਈਟਮਾਂ[1] ਨੂੰ ਵੱਖ-ਵੱਖ ਕਰਕੇ ਦਰਸਾਇਆ ਜਾਂਦਾ ਹੈ ਅਤੇ ਰੈਵੀਨਿਊ ਲੇਖੇ ਦੇ ਖਰਚੇ ਨੂੰ ਹੋਰ ਖਰਚੇ ਤੋਂ ਵੱਖਰਾ ਕਰਕੇ ਦਰਸਾਇਆ ਜਾਂਦਾ ਹੈ। ਰਾਜ ਸਰਕਾਰ ਵੱਲੋਂ ਕੋਈ ਵੀ ਖਰਚਾ ਕਰਨ ਤੋਂ ਪਹਿਲਾਂ ਵਿਧਾਨਕ ਅਧਿਕਾਰ ਹਾਸਲ ਕਰਨਾ ਜ਼ਰੂਰੀ ਹੈ।

ਪੰਜਾਬ ਬਜਟ ਮੈਨੂਅਲ ਅਨੁਸਾਰ, ਵਿੱਤ ਵਿਭਾਗ ਵੱਖ-ਵੱਖ ਵਿਭਾਗਾਂ ਤੋਂ ਅਨੁਮਾਨ ਪ੍ਰਾਪਤ ਕਰਕੇ ਸਲਾਨਾ ਬਜਟ ਤਿਆਰ ਕਰਨ ਲਈ ਜਿੰਮੇਵਾਰ ਹੈ। ਪ੍ਰਾਪਤੀਆਂ ਅਤੇ ਖਰਚੇ ਦੇ ਵਿਭਾਗੀ ਅਨੁਮਾਨ, ਕੰਟਰੋਲਿੰਗ ਅਫਸਰਾਂ ਵੱਲੋਂ ਵਿਭਾਗਾਂ ਦੇ ਮੁਖੀਆਂ ਦੀ ਸਲਾਹ ਨਾਲ ਤਿਆਰ ਕੀਤੇ ਜਾਂਦੇ ਹਨ ਅਤੇ ਨਿਰਧਾਰਤ ਤਰੀਕਾਂ ਤੇ ਵਿੱਤ ਵਿਭਾਗ ਨੂੰ ਭੇਜੇ ਜਾਂਦੇ ਹਨ। ਵਿੱਤ ਵਿਭਾਗ ਇਨ੍ਹਾਂ ਅਨੁਮਾਨਾਂ ਨੂੰ ਸੰਕਲਿਤ ਕਰਦਾ ਹੈ ਅਤੇ ਵਿਸਥਾਰਤ ਅਨੁਮਾਨ ਜਿਨ੍ਹਾਂ ਨੂੰ ਕਿ 'ਗ੍ਰਾਂਟਾਂ ਲਈ ਮੰਗ' ਕਿਹਾ ਜਾਂਦਾ ਹੈ, ਤਿਆਰ ਕਰਦਾ ਹੈ। ਰਾਜ ਦੇ ਬਜਟ ਵਿੱਚ ਹੇਠ ਲਿਖੇ ਦਸਤਾਵੇਜ਼ ਸ਼ਾਮਲ ਹੁੰਦੇ ਹਨ, ਜਿਵੇਂ ਕਿ ***ਚਾਰਟ 3.1*** ਵਿੱਚ ਦਿੱਤਾ ਗਿਆ ਹੈ।

---

[1] **ਚਾਰਜਡ ਖਰਚਾ:** ਖਰਚੇ ਦੀਆਂ ਕੁੱਝ ਸ਼੍ਰੇਣੀਆਂ (ਭਾਵ ਸੰਵਿਧਾਨਕ ਅਥਾਰਟੀਆਂ ਦੀਆਂ ਤਨਖਾਹਾਂ, ਕਰਜ਼ਾ ਵਾਪਸੀ ਆਦਿ) ਰਾਜ ਦੇ ਸੰਚਿਤ ਫੰਡ ਨੂੰ ਚਾਰਜ ਕੀਤੀਆਂ ਜਾਂਦੀਆਂ ਹਨ ਅਤੇ ਇਹ ਵਿਧਾਨਪਾਲਿਕਾ ਦੀ ਵੋਟ ਅਧੀਨ ਨਹੀਂ ਹੁੰਦੀਆਂ। **ਵੋਟਡ ਖਰਚਾ:** ਹੋਰ ਸਾਰੇ ਖਰਚਿਆਂ ਲਈ ਵਿਧਾਨਪਾਲਿਕਾਂ ਵੱਲੋਂ ਵੋਟ ਲਈ ਜਾਂਦੀ ਹੈ।

**ਚਾਰਟ 3.1: ਰਾਜ ਦੇ ਬਜਟ ਦਸਤਾਵੇਜ਼ਾ ਦੇ ਵੇਰਵੇ**




ਬਜਟ ਦੇ ਵੱਖ ਵੱਖ ਕੰਪੋਨੈਂਟਾਂ ਨੂੰ *ਚਾਰਟ 3.2* ਵਿੱਚ ਦਰਸਾਇਆ ਗਿਆ ਹੈ।

**ਚਾਰਟ 3.2 : ਬਜਟ ਲਾਗੂ ਕਰਨ ਦਾ ਫਲੋਅ ਚਾਰਟ**




*ਸ੍ਰੋਤ: ਨਿਮਿੱਤਣ ਲੇਖੇ*

### 3.1.1 ਵਿੱਤੀ ਸਾਲ 2019-20 ਦੌਰਾਨ ਕੁੱਲ ਉਪਬੰਧਾਂ, ਅਸਲ ਅਦਾਇਗੀਆਂ ਅਤੇ ਬੱਚਤਾਂ ਦਾ ਸਾਰ

ਸਾਲ 2019-20 ਦੌਰਾਨ ਕੁੱਲ 42 ਗ੍ਰਾਂਟਾਂ/ਨਿਮਿੱਤਣਾਂ ਲਈ ਕੁੱਲ ਬਜਟ ਉਪਬੰਧ, ਵੰਡ ਅਤੇ ਬੱਚਤ/ ਵੱਧ ਖਰਚੇ ਦੀ ਸੰਖੇਪਕ ਸਥਿਤੀ ਅਤੇ ਇਸ ਦੀ ਅੱਗੇ ਵੋਟਡ/ਚਾਰਜਡ ਵਿਚਕਾਰ ਵੰਡ ਸਾਰਣੀ 3.1 ਵਿੱਚ ਦਿੱਤੀ ਗਈ ਹੈ।

**ਸਾਰਣੀ 3.1: ਵਿੱਤੀ ਸਾਲ 2019-20 ਦੌਰਾਨ ਬਜਟ ਉਪਬੰਧ, ਅਦਾਇਗੀ ਅਤੇ ਬੱਚਤਾਂ/ਵੱਧ ਖਰਚਾ**

*(₹ ਕਰੋੜ ਵਿੱਚ)*

| | ਕੁੱਲ ਬਜਟ ਉਪਬੰਧ | | ਅਦਾਇਗੀ | | ਬੱਚਤ | |
|---|---|---|---|---|---|---|
| | ਵੋਟਡ | ਚਾਰਜਡ | ਵੋਟਡ | ਚਾਰਜਡ | ਵੋਟਡ | ਚਾਰਜਡ |
| ਰੈਵੀਨਿਊ | 75,421.32 | 18,084.65 | 58,376.67 | 18,023.78 | 17,044.65 | 60.87 |
| ਪੂੰਜੀਗਤ | 22,940.43 | 0.00 | 18,123.88 | 0.00 | 4,816.55 | 0.00 |
| ਕਰਜ਼ੇ ਅਤੇ ਪੇਸ਼ਗੀਆਂ | 973.77 | 0.00 | 783.88 | 0.00 | 189.89 | 0.00 |
| ਜਨਤਕ ਕਰਜ਼ਾ | 0.00 | 44,639.92 | 0.00 | 39,573.90 | 0.00 | 5,066.02 |
| **ਜੋੜ** | **99,335.52** | **62,724.57** | **77,284.43** | **57,597.68** | **22,051.09** | **5,126.89** |

*ਸ੍ਰੋਤ: ਨਿਮਿੱਤਣ ਲੇਖੇ*

### 3.1.2 ਚਾਰਜਡ ਅਤੇ ਵੋਟਡ ਅਦਾਇਗੀਆਂ

**ਸਾਰਣੀ 3.2: ਪਿਛਲੇ ਪੰਜ ਸਾਲਾਂ (2015-20) ਦੌਰਾਨ ਕੁੱਲ ਅਦਾਇਗੀ ਦੀ ਚਾਰਜਡ ਅਤੇ ਵੋਟਡ ਵਿਚਕਾਰ ਵੰਡ**

*(₹ ਕਰੋੜ ਵਿੱਚ)*

| ਸਾਲ | ਵੰਡ | | ਬੱਚਤ (-)/ਵੱਧ ਖਰਚਾ (+) | |
|---|---|---|---|---|
| | ਵੋਟਡ | ਚਾਰਜਡ | ਵੋਟਡ | ਚਾਰਜਡ |
| 2015-16 | 50,233.44 | 31,996.19 | (-)13,981.07 | (+)803.66 |
| 2016-17 | 89,712.60 | 44,273.75 | (+)21,667.63 | (+)731.96 |
| 2017-18 | 50,617.81 | 50,499.83 | (-)18,842.61 | (+)75.58 |
| 2018-19 | 63,196.26 | 54,259.02 | (-)16,027.89 | (-)872.71 |
| 2019-20 | 77,284.43 | 57,597.68 | (-)22,051.09 | (-)5,126.89 |

*ਸ੍ਰੋਤ: ਨਿਮਿੱਤਣ ਲੇਖੇ*

## 3.2 ਨਿਮਿੱਤਣ ਲੇਖੇ

ਜਿਵੇਂ ਕਿ ਨਿਮਿੱਤਣ ਐਕਟ ਨਾਲ ਨੱਥੀ ਸੂਚੀਆਂ ਵਿੱਚ ਸਪੱਸ਼ਟ ਕੀਤਾ ਗਿਆ ਹੈ, ਨਿਮਿੱਤਣ ਲੇਖੇ, ਭਾਰਤ ਦੇ ਸੰਵਿਧਾਨ ਦੇ ਅਨੁਛੇਦ 204 ਅਧੀਨ ਪਾਸ ਕੀਤੀਆਂ ਗਈਆਂ, ਹਰੇਕ ਵਿੱਤੀ ਸਾਲ ਲਈ ਵੱਖੋ ਵੱਖਰੇ ਮੰਤਵਾਂ ਲਈ ਵੋਟਡ ਗ੍ਰਾਂਟਾਂ ਅਤੇ ਚਾਰਜਡ ਨਿਮਿੱਤਣਾਂ ਦੀਆਂ ਰਾਸ਼ੀਆਂ ਨਾਲ ਤੁਲਨਾ ਕਰਦੇ ਹੋਏ, ਸਰਕਾਰ ਦੇ ਖਰਚਿਆਂ ਦੇ ਲੇਖੇ ਹਨ। ਨਿਮਿੱਤਣ ਲੇਖੇ ਸਕਲ ਅਧਾਰ ਤੇ ਹਨ। ਇਹ ਲੇਖੇ, ਮੂਲ ਬਜਟ ਉਪਬੰਧ, ਪੂਰਕ ਗ੍ਰਾਂਟਾਂ, ਸਪੁਰਦਗੀਆਂ ਅਤੇ ਪੁਨਰ-ਨਿਮਿੱਤਣਾਂ ਨੂੰ ਵੱਖ ਵੱਖ

ਕਰਕੇ ਦਰਸਾਉਂਦੇ ਹਨ ਅਤੇ ਇਹ ਬਜਟ ਦੀਆਂ ਚਾਰਜਡ ਅਤੇ ਵੋਟਡ ਦੋਵੇਂ ਮੱਦਾਂ ਦੇ ਵੱਖ ਵੱਖ ਨਿਸ਼ਚਿਤ ਸੇਵਾਵਾਂ ਉੱਤੇ ਨਿਮਿੱਤਣ ਐਕਟ ਦੁਆਰਾ ਅਧਿਕਾਰਿਤ ਕੀਤੇ ਗਏ, ਪੂੰਜੀਗਤ ਅਤੇ ਰੈਵੀਨਿਊ ਖਰਚੇ ਦੀ ਅਸਲ ਖਰਚੇ ਨਾਲ ਤੁਲਨਾ ਨੂੰ ਦਰਸਾਉਂਦੇ ਹਨ। ਇਸ ਤਰ੍ਹਾਂ ਨਿਮਿੱਤਣ ਲੇਖੇ ਫੰਡਾਂ ਦੀ ਵਰਤੋਂ ਨੂੰ ਸਮਝਣ, ਵਿੱਤਾਂ ਦੇ ਪ੍ਰਬੰਧਨ ਕਰਨ ਅਤੇ ਬਜਟਰੀ ਉਪਬੰਧਾਂ ਦੀ ਮਾਨੀਟਰਿੰਗ ਕਰਨ ਨੂੰ ਸੁਖਾਲਾ ਕਰਦੇ ਹਨ ਅਤੇ ਇਸ ਲਈ ਇਹ ਵਿੱਤ ਲੇਖਿਆਂ ਦੇ ਪੂਰਕ ਹਨ।

ਸੀ ਏ ਜੀ ਦੁਆਰਾ ਨਿਮਿੱਤਣਾਂ ਦੀ ਲੇਖਾ ਪ੍ਰੀਖਿਆ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਵੱਖ ਵੱਖ ਗ੍ਰਾਂਟਾਂ ਅਧੀਨ ਅਸਲ ਵਿੱਚ ਕੀਤਾ ਗਿਆ ਖਰਚਾ ਨਿਮਿੱਤਣ ਐਕਟ ਵਿੱਚ ਦਿੱਤੇ ਅਧਿਕਾਰ ਅਨੁਸਾਰ ਹੈ ਅਤੇ ਸੰਵਿਧਾਨ (ਅਨੁਛੇਦ 202) ਦੇ ਉਪਬੰਧਾਂ ਅਧੀਨ ਚਾਰਜ ਹੋਣ ਵਾਲਾ ਖਰਚਾ ਇਸ ਅਨੁਸਾਰ ਚਾਰਜ ਕੀਤਾ ਗਿਆ ਹੈ। ਇਹ ਇਸ ਗੱਲ ਨੂੰ ਵੀ ਯਕੀਨੀ ਬਣਾਉਂਦਾ ਹੈ ਕਿ ਇਸ ਤਰ੍ਹਾਂ ਕੀਤਾ ਗਿਆ ਖਰਚਾ ਕਾਨੂੰਨਾਂ, ਸਬੰਧਿਤ ਨਿਯਮਾਂ, ਵਿਨਿਯਮਾਂ ਅਤੇ ਹਦਾਇਤਾਂ ਦੇ ਅਨੁਕੂਲ ਹੈ।

## 3.3 ਬਜਟਰੀ ਅਤੇ ਲੇਖਾ ਪ੍ਰਕ੍ਰਿਆ ਦੀ ਇੰਟੈਗਰਿਟੀ

### 3.3.1 ਕਾਨੂੰਨੀ ਅਧਿਕਾਰ ਤੋਂ ਬਗੈਰ ਕੀਤਾ ਖਰਚਾ

ਸੰਵਿਧਾਨ ਦੇ ਅਨੁਛੇਦ 204 ਦੇ ਉਪਬੰਧਾਂ ਅਨੁਸਾਰ ਪਾਸ ਕੀਤੇ ਗਏ ਕਾਨੂੰਨ ਦੁਆਰਾ ਬਣਾਏ ਗਏ ਨਿਮਿੱਤਣ ਤੋਂ ਇਲਾਵਾ ਰਾਜ ਦੇ ਸੰਚਿਤ ਫੰਡ ਵਿਚੋਂ ਕੋਈ ਵੀ ਪੈਸਾ ਨਹੀਂ ਕਢਵਾਇਆ ਜਾ ਸਕੇਗਾ। ਪੰਜਾਬ ਬਜਟ ਮੈਨੂਅਲ ਦਾ ਪੈਰ੍ਹਾ 14.1 ਇਹ ਵਿਵਸਥਾ ਕਰਦਾ ਹੈ ਕਿ ਪੁਨਰ- ਨਿਮਿੱਤਣ, ਪੂਰਕ ਗ੍ਰਾਂਟ ਜਾਂ ਨਿਮਿੱਤਣ ਰਾਹੀਂ ਜਾਂ ਰਾਜ ਦੇ ਅਚੇਤ ਫੰਡ ਤੋਂ ਪੇਸ਼ਗੀ ਰਾਹੀਂ ਵੱਧ ਫੰਡ ਪ੍ਰਾਪਤ ਕੀਤੇ ਬਗੈਰ ਨਵੀਂ ਸਕੀਮ ਤੇ ਖਰਚਾ ਨਹੀਂ ਕੀਤਾ ਜਾਣਾ ਚਾਹੀਦਾ। ਜਦੋਂਕਿ, ਇਹ ਵੇਖਿਆ ਗਿਆ ਸੀ ਕਿ ਸਾਲ 2019-20 ਦੌਰਾਨ ਛੇ ਗ੍ਰਾਂਟਾਂ ਦੇ ਵੱਖ-ਵੱਖ ਭਾਗਾਂ ਅਧੀਨ 13 ਮਾਮਲਿਆਂ ਵਿੱਚ (ਹਰ ਇੱਕ ਕੇਸ ਵਿੱਚ ₹ ਇਕ ਕਰੋੜ ਜਾਂ ਵੱਧ), ਮੂਲ ਬਜਟ ਅਨੁਮਾਨਾਂ/ਪੂਰਕ ਮੰਗਾਂ ਵਿੱਚ ਬਿਨਾਂ ਕਿਸੇ ਬਜਟ ਉਪਬੰਧ ਦੇ ਅਤੇ ਇਸ ਸਬੰਧੀ ਕੋਈ ਪੁਨਰ ਨਿਮਿੱਤਣ ਦੇ ਆਦੇਸ਼ ਜਾਰੀ ਕੀਤਿਆਂ ਬਗੈਰ, ₹ 2113.58 ਕਰੋੜ ***(ਅੰਤਿਕਾ 3.1)*** ਦਾ ਖਰਚਾ ਕੀਤਾ ਗਿਆ ਸੀ।

### 3.3.2 ਰੈਵੀਨਿਊ ਖਰਚੇ ਦਾ ਪੂੰਜੀਗਤ ਖਰਚੇ ਵਜੋਂ ਗਲਤ ਵਰਗੀਕਰਣ

ਪੂੰਜੀਗਤ ਜਾਇਦਾਦਾਂ ਦੀ ਪ੍ਰਾਪਤੀ ਅਤੇ ਹੋਰ ਪੂੰਜੀਗਤ ਖਰਚਿਆਂ ਲਈ ਉਪਬੰਧ ਪ੍ਰਾਪਤ ਕਰਨ ਲਈ ਕੁਝ ਵਿਸ਼ੇਸ਼ ਆਬਜੈਕਟ ਮੱਦਾਂ ਹਨ। ਇਹ ਆਬਜੈਕਟ ਮੱਦਾਂ ਉਨ੍ਹਾਂ ਪੂੰਜੀਗਤ ਪ੍ਰਕ੍ਰਿਤੀ ਦੇ ਖਰਚਿਆਂ ਦੇ ਇੰਦਰਾਜ਼ ਨਾਲ ਸਬੰਧਤ ਹਨ, ਜੋ ਕਿ ਸਿਰਫ ਪੂੰਜੀਗਤ ਮੁੱਖ ਮੱਦਾਂ ਨਾਲ ਮੇਲ ਖਾਂਦੇ ਹੋਣੇ ਚਾਹੀਦੇ ਹਨ।

ਜਦੋਂਕਿ, ਇਹ ਵੇਖਿਆ ਗਿਆ ਸੀ ਕਿ ਤਿੰਨ ਮਾਮਲਿਆਂ ਵਿੱਚ, ਰੈਵੀਨਿਊ ਖਰਚੇ ਲਈ ਬਣੀਆਂ ਆਬਜੈਕਟ ਮੱਦਾਂ ਦਾ ਪੂੰਜੀਗਤ ਮੁੱਖ ਮੱਦਾਂ ਅਧੀਨ ਸੰਚਾਲਨ ਕੀਤਾ ਗਿਆ ਸੀ, ਜਿਵੇਂ ਕਿ **ਸਾਰਣੀ** 3.3 ਵਿੱਚ ਦਿੱਤਾ ਗਿਆ ਹੈ।

**ਸਾਰਣੀ 3.3: ਪੂੰਜੀਗਤ ਖਰਚੇ ਅਧੀਨ ਇੰਦਰਾਜ ਕੀਤੇ ਗਏ ਰੈਵੀਨਿਊ ਖਰਚਿਆਂ ਦਾ ਵੇਰਵਾ**

*(₹ ਕਰੋੜ ਵਿੱਚ)*

| ਲੜੀ ਨੰ | ਗ੍ਰਾਂਟ ਦਾ ਨੰਬਰ ਅਤੇ ਨਾਂਅ | ਗਲਤ ਵਰਗੀਕਰਣ ਦੀ ਕਿਸਮ | ਲੇਖੇ ਦੀ ਮੱਦ | ਰਾਸ਼ੀ |
|---|---|---|---|---|
| 1. | 12-ਗ੍ਰਹਿ ਮਾਮਲੇ | ਪੂੰਜੀਗਤ ਖਰਚੇ ਵਜੋਂ ਇੰਦਰਾਜ਼ ਕੀਤਾ ਰੈਵੀਨਿਊ ਖਰਚਾ | 4055-207-08-22- ਹਥਿਆਰ ਅਤੇ ਅਸਲਾ | 4.11 |
| 2. | 29-ਟਰਾਂਸਪੋਰਟ | | 5055-001-01-21- ਸਪਲਾਈਜ਼ ਅਤੇ ਮਟੀਰਿਅਲਜ਼ | 0.77 |
| 3. | | | 5055-201-20-21- ਸਪਲਾਈਜ਼ ਅਤੇ ਮਟੀਰਿਅਲਜ਼ | 0.45 |
| **ਜੋੜ** | | | | **5.33** |

*ਸ੍ਰੋਤ: 2019-20 ਦੀਆਂ ਗ੍ਰਾਂਟਾਂ ਲਈ ਮੰਗ*

### 3.3.3 ਗੈਰ- ਜ਼ਰੂਰੀ /ਵਾਧੂ ਪੂਰਕ ਗ੍ਰਾਂਟਾਂ

ਸੰਵਿਧਾਨ ਦੇ ਅਨਛੇਦ 205 ਅਨੁਸਾਰ, ਕਿਸੇ ਸਾਲ ਲਈ ਨਿਮਿੱਤਣ ਐਕਟ ਦੁਆਰਾ ਕੀਤੇ ਗਏ ਉਪਬੰਧ ਤੋਂ ਵੱਧ ਪੂਰਕ ਜਾਂ ਵਧੀਕ ਗ੍ਰਾਂਟ ਜਾਂ ਨਿਮਿੱਤਣ ਦੀ ਮੰਗ ਚਾਲੂ ਵਿੱਤੀ ਸਾਲ ਦੌਰਾਨ ਕੀਤੀ ਜਾ ਸਕਦੀ ਹੈ, ਪ੍ਰੰਤੂ, ਚਾਲੂ ਵਿੱਤੀ ਸਾਲ ਦੇ ਖਤਮ ਹੋਣ ਤੋਂ ਬਾਅਦ ਨਹੀਂ।

ਲੇਖਾ ਪ੍ਰਖਿਆ ਵਿਸ਼ਲੇਸ਼ਣ ਨੇ ਦਰਸਾਇਆ ਕਿ 2019-20 ਦੌਰਾਨ ਛੇ ਮਾਮਲਿਆਂ ਵਿੱਚ *(ਅੰਤਿਕਾ 3.2 -ਲੜੀ ਨੰ.:- 2,7,13,18, 22, 23 ਅਤੇ 30)* ਪੂਰਕ ਉਪਬੰਧ (ਹਰ ਇੱਕ ਕੇਸ ਵਿੱਚ ₹ ਇਕ ਕਰੋੜ ਜਾਂ ਵੱਧ) ਵਾਧੂ ਸਾਬਤ ਹੋਏ ਕਿਉਂਜੋਂ ਪੂਰਕ ਉਪਬੰਧਾਂ ਦੀ ਪੂਰੀ ਰਾਸ਼ੀ ਦੀ ਵਰਤੋਂ ਨਹੀਂ ਹੋ ਸਕੀ। ਇਸੇ ਤਰ੍ਹਾਂ, ਬਾਕੀ ਰਹਿੰਦੇ 24 ਮਾਮਲਿਆਂ ਵਿੱਚ ਪੂਰਕ ਉਪਬੰਧ ਗੈਰ-ਜ਼ਰੂਰੀ ਸਾਬਤ ਹੋਏ ਕਿਉਂਕਿ ਖਰਚਾ ਮੂਲ ਉਪਬੰਧ ਦੇ ਪੱਧਰ ਤੱਕ ਵੀ ਨਹੀਂ ਹੋਇਆ। ਸਰਕਾਰ ਦੁਆਰਾ ਵਾਧੂ/ਗੈਰ- ਜ਼ਰੂਰੀ ਪੂਰਕ ਗ੍ਰਾਂਟਾਂ ਨੂੰ ਪ੍ਰਾਪਤ ਕਰਨ ਲਈ ਕੋਈ ਸਪੱਸ਼ਟੀਕਰਣ ਨਹੀਂ ਦਿੱਤਾ ਗਿਆ ਸੀ।

ਰਾਜ ਸਰਕਾਰ ਨੇ ਕਿਹਾ (ਜੂਨ 2021) ਕਿ ਫੰਡਾਂ ਦੀ ਘਾਟ ਕਰਕੇ ਖਜ਼ਾਨੇ ਵਿੱਚੋਂ ਫੰਡ ਜਾਰੀ ਨਾ ਹੋਣ ਕਾਰਣ ਪੂਰਕ ਉਪਬੰਧ ਗੈਰ ਜਰੂਰੀ ਸਾਬਤ ਹੋਏ।

### 3.3.4 ਫੰਡਾਂ ਦਾ ਗੈਰ-ਜ਼ਰੂਰੀ ਪੁਨਰ-ਨਿਮਿੱਤਣ

ਪੁਨਰ-ਨਿਮਿੱਤਣ, ਕਿਸੇ ਗ੍ਰਾਂਟ ਵਿੱਚ ਨਿਮਿੱਤਣ ਦੀ ਇਕ ਇਕਾਈ ਜਿੱਥੇ ਬੱਚਤਾਂ ਦਾ ਪੂਰਵ ਅਨੁਮਾਨ ਹੋਵੇ, ਤੋਂ ਦੂਜੀ ਇਕਾਈ, ਜਿੱਥੇ ਕਿ ਵੱਧ ਫੰਡਾਂ ਦੀ ਲੋੜ ਹੋਵੇ, ਵਿੱਚ ਫੰਡਾਂ ਦੀ ਬਦਲੀ ਕਰਨਾ ਹੈ। ਸਾਲ 2019-20 ਦੌਰਾਨ, ₹ 12,207.03 ਕਰੋੜ ਦੇ 37 ਪੁਨਰ-ਨਿਮਿੱਤਣ ਆਦੇਸ਼ ਜਾਰੀ ਕੀਤੇ ਗਏ ਸਨ ਜਿਨ੍ਹਾਂ ਵਿਚੋਂ ₹ 9,209.17 ਕਰੋੜ (75.44 *ਪ੍ਰਤੀਸ਼ਤ*) ਦੇ 27 ਪੁਨਰ ਨਿਮਿੱਤਣ ਆਦੇਸ਼ 31 ਮਾਰਚ 2020 ਨੂੰ ਜਾਰੀ ਕੀਤੇ ਗਏ ਸਨ।

ਇਸ ਤੋਂ ਇਲਾਵਾ, ₹ ਇੱਕ ਕਰੋੜ ਤੋਂ ਵੱਧ ਦੇ 35 ਪੁਨਰ ਨਿਮਿੱਤਣ ਮਾਮਲਿਆਂ ਵਿੱਚੋਂ ਦੋ ਮਾਮਲਿਆਂ *(**ਅੰਤਿਕਾ** 3.3* – **ਲੜੀ ਨੰ** 23 **ਅਤੇ** 25) ਵਿੱਚ ਵੱਖ-ਵੱਖ ਵਿਭਾਗਾਂ ਵੱਲੋਂ ਪੁਨਰ ਨਿਮਿੱਤਣਾਂ ਦੇ ਆਦੇਸ਼ਾਂ ਰਾਹੀ ਘਟਾਇਆ ਉਪਬੰਧ ਗੈਰ-ਤਰਕਸੰਗਤ ਸਾਬਤ ਹੋਇਆ, ਕਿਉਂਜੋਂ ਇਨ੍ਹਾਂ ਮਾਮਲਿਆਂ ਵਿੱਚ ਵੱਧ ਖਰਚਾ ਹੋਇਆ ਸੀ। ਬਾਕੀ ਰਹਿੰਦੇ 33 ਮਾਮਲਿਆਂ ਵਿੱਚ, ਉਪਬੰਧਾਂ ਵਿੱਚ ਵਾਧਾ ਵੀ ਗੈਰ ਜਰੂਰੀ ਸਾਬਤ ਹੋਇਆ ਕਿਉਂਕਿ ਖਰਚਾ ਜਾਂ ਤਾਂ ਮੂਲ/ਪੂਰਕ ਬਜਟ ਉਪਬੰਧ ਦੇ ਬਰਾਬਰ ਸੀ ਜਾਂ ਉਸ ਪੱਧਰ ਤੱਕ ਵੀ ਨਹੀਂ ਹੋਇਆ ਸੀ।

ਸਰਕਾਰ ਗੈਰ ਜ਼ਰੂਰੀ ਪੁਨਰ ਨਿਮਿੱਤਣਾਂ ਤੋਂ ਬਚਣ ਲਈ ਖਰਚੇ ਦੀ ਨਿਗਰਾਨੀ ਕਰਨ ਅਤੇ ਜ਼ਰੂਰਤਾਂ ਦੇ ਅਨੁਮਾਨ ਤਿਆਰ ਕਰਨ ਲਈ ਸਖਤ ਮੈਕਾਨਿਜ਼ਮ ਬਣਾਉਣ ਬਾਰੇ ਵਿਚਾਰ ਕਰ ਸਕਦੀ ਹੈ।

### 3.3.5 ਅਣਖਰਚੀ ਰਾਸ਼ੀ ਅਤੇ ਸਪੁਰਦ ਕੀਤੇ ਨਿਮਿੱਤਣ ਅਤੇ/ਜਾਂ ਭਾਰੀ ਬੱਚਤਾਂ/ਸਪੁਰਦਗੀਆਂ

ਇਹ ਹੋ ਸਕਦਾ ਹੈ ਕਿ ਅਨੁਮਾਨਾਂ ਦਾ ਪੂਰੀ ਤਰਾਂ ਸਹੀ ਹੋਣਾ ਹਮੇਸ਼ਾ ਸੰਭਵ ਨਾ ਹੋਵੇ; ਪ੍ਰੰਤੂ ਜੇਕਰ ਇਹ ਦੂਰ-ਅੰਦੇਸ਼ੀ ਦੀ ਘਾਟ, ਪ੍ਰਤੱਖ ਦੀ ਅਣਗਹਿਲੀ ਜਾਂ ਗੈਰ ਵਿਵਹਾਰਕ ਅਨੁਮਾਨਾਂ ਦੇ ਨਤੀਜੇ ਵਜੋਂ ਭੁੱਲ ਜਾਂ ਗਲਤੀ ਹੋਵੇ, ਤਾਂ ਇਹ ਚਿੰਤਾ ਦਾ ਵਿਸ਼ਾ ਹੈ। ਅਨੁਮਾਨ ਲਗਾਉਣ ਵਾਲੇ ਸਾਰੇ ਅਧਿਕਾਰੀਆਂ ਨੂੰ ਬਜਟ ਵਿੱਚ ਉਹ ਸਭ ਕੁੱਝ ਜਿਸ ਦਾ ਪਹਿਲਾਂ ਤੋਂ ਅੰਦੇਸ਼ਾ ਹੋਵੇ, ਮੁੱਹਈਆ ਕਰਵਾਉਣ ਅਤੇ ਜਿੰਨਾ ਲੋੜੀਂਦਾ ਹੋਵੇ ਓਨਾ ਹੀ ਮੁਹੱਈਆ ਕਰਵਾਉਣ ਦੀ ਕੋਸ਼ਿਸ ਕਰਨੀ ਚਾਹੀਦੀ ਹੈ। ਪ੍ਰਸ਼ਾਸਨਿਕ ਅਤੇ ਵਿੱਤ ਵਿਭਾਗਾਂ ਨੂੰ ਅਨੁਮਾਨਾਂ ਦੀ ਅੰਤਿਮ ਜਾਂਚ ਕਰਦੇ ਹੋਏ, ਇਸ ਤੇ ਵਿਚਾਰ ਕਰਨਾ ਚਾਹੀਦਾ ਹੈ।

ਗੈਰ ਵਿਵਹਾਰਕ ਤਜਵੀਜ਼ਾਂ ਤੇ ਅਧਾਰਤ ਬਜਟਰੀ ਐਲੋਕੇਸ਼ਨਾਂ, ਸਾਧਨ ਜਟਾਉਣ ਦੀ ਸੰਭਾਵਨਾ ਨੂੰ ਲੋੜ ਤੋਂ ਵੱਧ ਆਂਕਣਾ, ਖਰਚੇ ਦਾ ਮਾੜਾ ਮਾਨੀਟਰਿੰਗ ਮੈਕਾਨਿਜ਼ਮ, ਸਕੀਮ ਲਾਗੂ ਕਰਨ ਦੀਆਂ ਕਮਜ਼ੋਰ ਸਮਰੱਥਾਵਾਂ/ਕਮਜ਼ੋਰ ਅੰਦਰੂਨੀ ਕੰਟਰੋਲ, ਵਿੱਤੀ ਸਾਲ ਦੇ ਅਖੀਰ ਤੇ ਫੰਡਾਂ ਦੇ ਜਾਰੀ ਕਰਨ ਨੂੰ ਉਤਸ਼ਾਹਿਤ ਕਰਦੇ ਹਨ। ਕੁੱਝ ਮੱਦਾਂ ਵਿੱਚ ਬਹੁਤ ਜ਼ਿਆਦਾ ਬੱਚਤਾਂ ਵੀ ਹੋਰ ਵਿਭਾਗਾਂ ਨੂੰ ਫੰਡਾਂ ਤੋਂ ਵਾਂਝੇ ਕਰਦੀਆਂ ਹਨ ਜਿਨ੍ਹਾਂ ਦੀ ਕਿ ਉਹ ਵਰਤੋਂ ਕਰ ਸਕਦੇ ਸਨ।

ਗ੍ਰਾਂਟਾਂ ਅਤੇ ਨਿਮਿੱਤਣਾ ਦੀ ਲੇਖਾ ਪ੍ਰੀਖਿਆ ਨੇ ਦਰਸਾਇਆ ਕਿ 20 ਮਾਮਲਿਆਂ ਵਿੱਚ (17 ਗ੍ਰਾਂਟਾਂ ਅਧੀਨ), ਬੱਚਤਾਂ (ਸਪੁਰਦਗੀਆਂ ਨੂੰ ਛੱਡ ਕੇ) ਕੁੱਲ ਉਪਬੰਧ ਨਾਲੋਂ ਹਰ ਇੱਕ ਕੇਸ ਵਿੱਚ *(**ਅੰਤਿਕਾ** 3.4)* ₹ 100 ਕਰੋੜ ਨਾਲ ਵਧ ਗਈਆਂ ਸਨ। ਅੱਗੇ ਇਹ ਵੀ ਧਿਆਨ ਵਿੱਚ ਆਇਆ ਸੀ ਕਿ ਅੱਠ ਗ੍ਰਾਂਟਾਂ (ਪੂੰਜੀਗਤ-ਵੋਟਡ) ਅਧੀਨ ₹ 92.98 ਕਰੋੜ (₹ ਇੱਕ ਕਰੋੜ ਤੋਂ ਵੱਧ) ਦੀ ਰਾਸ਼ੀ ਦੀ ਕੁੱਲ ਗ੍ਰਾਂਟ ਦੀ ਤੁਲਨਾ ਵਿੱਚ ਕੋਈ ਖਰਚਾ ਨਹੀਂ ਕੀਤਾ ਗਿਆ ਸੀ *(**ਅੰਤਿਕਾ** 3.5)* । 2015-20 ਦੌਰਾਨ 50 *ਪ੍ਰਤੀਸ਼ਤ* ਤੋਂ ਘੱਟ ਬਜਟ ਦੀ ਵਰਤੋਂ ਵਾਲੀਆ ਗ੍ਰਾਂਟਾਂ/ਨਿਮੱਤਣਾਂ ਦਾ ਵੇਰਵਾ **ਸਾਰਣੀ** 3.4 ਵਿੱਚ ਦਿੱਤਾ ਗਿਆ ਹੈ।

## ਸਾਰਣੀ 3.4: ਬਜਟ ਦੀ ਘੱਟ ਵਰਤੋਂ ਵਾਲੀਆਂ ਗ੍ਰਾਂਟਾਂ/ਨਿਮਿੱਤਣ

*(₹ ਕਰੋੜ ਵਿੱਚ)*

| ਲੜੀ ਨੰ: | ਗ੍ਰਾਂਟਾਂ | ਬਜਟ ਦੀ ਵਰਤੋਂ (*ਪ੍ਰਤੀਸ਼ਤ*) 2015-16 | 2016-17 | 2017-18 | 2018-19 | 2019-20 | ਸਾਲਾਂ* ਦੀ ਸੰਖਿਆ | ਬਜਟ 2019-20 | ਕੁੱਲ ਬਜਟ ਸਾਲ |
|---|---|---|---|---|---|---|---|---|---|
| 1. | 13-ਉਦਯੋਗ | 31 | 28 | 17 | 42 | 85 | 4 | 2,175.19 | 5 |
| 2. | 19-ਯੋਜਨਾਬੰਦੀ | 17 | 70 | 16 | 30 | 54 | 3 | 324.05 | 5 |
| 3. | 23-ਪੇਂਡੂ ਵਿਕਾਸ ਅਤੇ ਪੰਚਾਇਤਾਂ | 59 | 42 | 37 | 38 | 33 | 4 | 4,357.87 | 5 |

*ਸ੍ਰੋਤ: ਨਿਮਿਤੱਣ ਲੇਖੇ*

** 50 ਪ੍ਰਤੀਸ਼ਤ ਤੋਂ ਘੱਟ ਦੀ ਵਰਤੋਂ ਵਾਲੇ ਸਾਲਾਂ ਦੀ ਸੰਖਿਆ*

ਉਪਰੋਕਤ ਗ੍ਰਾਂਟਾਂ ਉਦਯੋਗਾਂ, ਯੋਜਨਾਬੰਦੀ ਅਤੇ ਪੇਂਡੂ ਵਿਕਾਸ ਨਾਲ ਸੰਬੰਧਤ ਹਨ। ਸਰਕਾਰ ਇਹ ਯਕੀਨੀ ਨਹੀਂ ਬਣਾ ਸਕੀ ਕਿ ਕਲੀਅਰੈਂਸ ਅਤੇ ਮਨਜ਼ੂਰੀਆਂ ਸਮੇਂ ਸਿਰ ਦਿੱਤੀਆਂ ਗਈਆਂ ਸਨ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਟੀਚਾਗਤ ਲਾਭਪਾਤਰੀਆਂ ਨੂੰ ਚਿਤਵੇਂ ਲਾਭ ਮਿਲੇ ਸਨ। ਪੇਂਡੂ ਬੁਨਿਆਦੀ ਢਾਂਚੇ ਵਿੱਚ ਸੁਧਾਰ ਕਰਨਾ ਰਾਜ ਲਈ ਇੱਕ ਚੁਣੌਤੀ ਦਾ ਸਾਹਮਣਾ ਕਰਨਾ ਹੈ ਅਤੇ ਗ੍ਰਾਂਟਾਂ ਦੀ ਘੱਟ ਵਰਤੋਂ ਇਕ ਚਿੰਤਾ ਦਾ ਕਾਰਣ ਹੈ। ਸਰਕਾਰ ਇਨ੍ਹਾਂ ਗ੍ਰਾਂਟਾਂ ਵਿੱਚ ਬਾਰ-ਬਾਰ ਘੱਟ ਵਰਤੋਂ ਦੇ ਕਾਰਣ ਦੀ ਪੜਤਾਲ ਕਰ ਸਕਦੀ ਹੈ ਅਤੇ ਸੋਧਮਈ ਕਾਰਵਾਈ ਕਰ ਸਕਦੀ ਹੈ।

ਵਰਤੋਂ ਦੀ ਪ੍ਰਤੀਸ਼ਤਤਾ ਦੇ ਅਨੁਸਾਰ ਬਣਦੇ ਗ੍ਰਾਂਟਾਂ ਦੇ ਸਮੂਹਾਂ ਅਤੇ ਇਸ ਦੇ ਨਾਲ ਕੁੱਲ ਬੱਚਤਾਂ ਦਾ ਵੇਰਵਾ ***ਅੰਤਿਕਾ 3.6*** ਵਿੱਚ ਦਰਸਾਇਆ ਗਿਆ ਹੈ।

**ਚਾਰਟ 3.3: ਬੱਚਤਾਂ ਦੀ ਪ੍ਰਤੀਸ਼ਤਤਾ ਅਨੁਸਾਰ ਬਣਦੇ ਗ੍ਰਾਂਟਾਂ/ਨਿਮਿੱਤਣਾਂ ਦੇ ਸਮੂਹਾਂ ਅਤੇ ਇਸ ਦੇ ਨਾਲ ਕੁੱਲ ਬੱਚਤਾਂ ਦੀ ਵੰਡ**




*ਸ੍ਰੋਤ: ਨਿਮਿੱਤਣ ਲੇਖੇ*

ਬੱਚਤਾਂ, ਜੋ ਕਿ ਆਦਰਸ਼ਕ ਤੌਰ ਤੇ ਸਮੇਂ ਸਿਰ ਸਪੁਰਦ ਕੀਤੀਆਂ ਜਾਣੀਆਂ ਚਾਹੀਦੀਆਂ ਹਨ, ਨੂੰ ਆਪਣੇ ਕੋਲ ਰੱਖਣ ਨਾਲ ਕੋਈ ਉਦੇਸ਼ ਪੂਰਾ ਨਹੀਂ ਹੁੰਦਾ ਹੈ। ਇਸ ਕਾਰਣ ਕਰਕੇ ਨਿਮਿੱਤਣਾਂ, ਜਿਨ੍ਹਾਂ ਦੇ ਅਣਖਰਚੇ ਰਹਿਣ ਦੀ ਸੰਭਾਵਨਾ ਹੋਵੇ, ਦੀ ਸਪੁਰਦਗੀ ਲਈ ਜਿੰਨਾਂ ਜਲਦੀ ਹੋ ਸਕੇ ਸੂਚਿਤ ਕੀਤਾ ਜਾਣਾ ਚਾਹੀਦਾ ਹੈ। ਜੇਕਰ ਇਹ ਨਹੀਂ ਕੀਤਾ ਜਾਂਦਾ, ਤਾਂ ਹੋਰ ਖਰਚਾ ਕਰਨ ਵਾਲੇ

ਵਿਭਾਗਾਂ ਨੂੰ ਉਨ੍ਹਾਂ ਫੰਡਾਂ ਤੋਂ ਵਾਂਝੇ ਰੱਖਿਆ ਜਾਂਦਾ ਹੈ ਜਿਨ੍ਹਾਂ ਦੀ ਕਿ ਉਹ ਵਰਤੋਂ ਕਰ ਸਕਦੇ ਸਨ ਅਤੇ ਇਸ ਤਰ੍ਹਾਂ ਟਾਲਣਯੋਗ ਪੂਰਕ ਗ੍ਰਾਂਟਾਂ ਦੀਆਂ ਮੰਗਾਂ ਪੇਸ਼ ਕਰ ਦਿੱਤੀਆਂ ਜਾਂਦੀਆਂ ਹਨ। ਸਪੁਰਦਗੀਆਂ ਆਮ ਤੌਰ ਤੇ ਮਾਰਚ ਦੇ ਮਹੀਨੇ ਵਿੱਚ ਕੀਤੀਆਂ ਜਾਂਦੀਆਂ ਹਨ, ਅਤੇ ਕੀਤੇ ਜਾ ਚੁੱਕੇ ਖਰਚੇ ਦੇ ਧਿਆਨ ਪੂਰਵਕ ਅਧਿਐਨ ਅਤੇ ਪਿਛਲੇ ਮਹੀਨੇ ਦੇ ਖਰਚਿਆਂ ਦੀ ਪ੍ਰਗਤੀ ਦੀ ਨਿਗਰਾਨੀ ਰੱਖਣ ਨਾਲ, ਕੰਟਰੋਲਿੰਗ ਅਫਸਰ, ਦਰੁਸਤਤਾ ਦੀ ਇੱਕ ਤਰਕਸੰਗਤ ਸੀਮਾਂ ਤੱਕ, ਆਪਣੀਆਂ ਮੁੰਕਮਲ ਲੋੜਾਂ ਨੂੰ ਨਿਰਧਾਰਤ ਕਰਨ ਦੇ ਯੋਗ ਹੋ ਜਾਣਾ ਚਾਹੀਦਾ ਹੈ।

ਜਦੋਂ ਸਪੁਰਦਗੀ ਦੀ ਜ਼ਰੂਰਤ ਪੈਦਾ ਹੁੰਦੀ ਹੈ ਤਾਂ ਕੰਟਰੋਲਿੰਗ ਅਫਸਰਾਂ ਨੂੰ ਧਿਆਨ ਨਾਲ ਉਨ੍ਹਾਂ ਰਕਮਾਂ ਦਾ ਅਨੁਮਾਨ ਲਾਉਣਾ ਚਾਹੀਦਾ ਹੈ, ਜੋ ਉਹ ਸਪੁਰਦ ਕਰ ਸਕਦੇ ਹਨ। ਇਸ ਦਾ ਉਦੇਸ਼ ਜਿੰਨਾ ਹੋ ਸਕੇ ਸਪੁਰਦ ਕਰਨ ਦਾ ਹੋਣਾ ਚਾਹੀਦਾ ਹੈ ਤਾਂ ਕਿ ਖਰਚੇ ਨੂੰ ਸੋਧੀ ਹੋਈ ਗ੍ਰਾਂਟ ਦੇ ਅੰਦਰ ਹੀ ਰੱਖਿਆ ਜਾ ਸਕੇ।

ਇਹ ਧਿਆਨ ਵਿੱਚ ਆਇਆ ਸੀ ਕਿ ਨੌਂ ਨਿਮਿਤੱਣਾਂ ਅਤੇ 15 ਗ੍ਰਾਂਟਾਂ ਅਧੀਨ ₹ 8,254.63 ਕਰੋੜ *(ਅੰਤਿਕਾ 3.7)* ਦੀ ਰਾਸ਼ੀ ਦੀਆਂ ਬੱਚਤਾਂ ਬਿਲਕੁਲ ਵੀ ਸਪੁਰਦ ਨਹੀਂ ਕੀਤੀਆਂ ਗਈਆਂ ਸਨ।

**ਸਾਰਣੀ 3.5: ਮਾਰਚ 2020 ਦੇ ਅੰਤ ਵਿੱਚ ₹ 10 ਕਰੋੜ ਤੋਂ ਵੱਧ ਹੋਈ ਫੰਡਾਂ ਦੀ ਸਪੁਰਦਗੀ ਦੇ ਵੇਰਵੇ**

*(₹ ਕਰੋੜ ਵਿੱਚ)*

| ਲੜੀ ਨੰ: | ਗ੍ਰਾਂਟ ਦਾ ਨੰਬਰ | ਮੂਲ ਬਜਟ | ਪੂਰਕ | ਕੁੱਲ ਉਪਬੰਧ | ਅਸਲ ਖਰਚਾ | ਬੱਚਤ (–) ਵੱਧ ਖਰਚਾ +) | ਸਪੁਰਦ ਕੀਤੀ ਰਾਸ਼ੀ |
|---|---|---|---|---|---|---|---|
| ਵੋਟਡ (ਰੈਵੀਨਿਊ) | | | | | | | |
| 1. | 1-ਖੇਤੀਬਾੜੀ | 13,292.10 | 0 | 13,292.10 | 7,499.91 | (-)5,792.19 | 2,650.59 |
| 2. | 3-ਸਹਿਕਾਰਤਾ | 151.02 | 0 | 151.02 | 90.41 | (-)60.61 | 58.28 |
| 3. | 5-ਸਿੱਖਿਆ | 12,078.32 | 98.38 | 12,176.70 | 10,674.04 | (-)1,502.66 | 962.05 |
| 4. | 6-ਚੋਣਾਂ | 334.41 | 0 | 334.41 | 195.41 | (-)139.00 | 86.37 |
| 5. | 9-ਖੁਰਾਕ ਅਤੇ ਸਪਲਾਈਜ਼ | 369.18 | 0 | 369.18 | 190.91 | (-)178.27 | 172.75 |
| 6. | 11-ਸਿਹਤ ਅਤੇ ਪਰਿਵਾਰ ਭਲਾਈ | 3,447.46 | 129.50 | 3,576.96 | 3,095.87 | (-)481.09 | 180.37 |
| 7. | 15- ਜਲ ਸਰੋਤ | 1,315.61 | 85.66 | 1,401.27 | 1,164.12 | (-)237.15 | 189.00 |
| 8. | 21-ਲੋਕ ਨਿਰਮਾਣ | 631.04 | 0 | 631.04 | 1,068.88 | 437.84 | 125.80 |
| 9. | 22-ਰੈਵੀਨਿਊ ਅਤੇ ਮੁੜ ਵਸੇਬਾ | 1,377.81 | 336.31 | 1,714.12 | 1,336.37 | (-)377.75 | 61.70 |
| 10. | 23- ਪੇਂਡੂ ਵਿਕਾਸ ਅਤੇ ਪੰਚਾਇਤਾਂ | 3,239.87 | 248.70 | 3,488.57 | 1,304.21 | (-)2,184.36 | 131.70 |
| 11 | 25-ਸਮਾਜਿਕ ਸੁੱਰਖਿਆ, ਮਹਿਲਾਵਾਂ ਅਤੇ ਬਾਲ ਭਲਾਈ | 2,804.66 | 299.46 | 3,104.12 | 2,819.16 | (-)284.96 | 59.01 |
| 12. | 31-ਰੁਜ਼ਗਾਰ | 156.49 | 75.81 | 232.30 | 83.82 | (-)148.48 | 70.63 |
| 13. | 35-ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ | 374.42 | 0 | 374.42 | 279.94 | (-)94.48 | 21.01 |
| 14. | 36-ਜੇਲ੍ਹਾਂ | 246.55 | 23.42 | 269.97 | 245.34 | (-)24.63 | 15.50 |
| 15. | 38-ਮੈਡੀਕਲ ਸਿੱਖਿਆ ਅਤੇ ਖੋਜ | 466.53 | 0 | 466.53 | 410.04 | (-)56.49 | 46.30 |
| 16. | 42-ਐਸ ਸੀ, ਐਸ ਟੀ, ਓ ਬੀ ਸੀ ਅਤੇ ਘੱਟ ਗਿਣਤੀਆਂ ਦੀ ਭਲਾਈ | 1,164.94 | 0 | 1,164.94 | 451.47 | (-)713.47 | 71.78 |

| ਲੜੀ ਨੰ: | ਗ੍ਰਾਂਟ ਦਾ ਨੰਬਰ | ਮੂਲ ਬਜਟ | ਪੂਰਕ | ਕੁੱਲ ਉਪਬੰਧ | ਅਸਲ ਖਰਚਾ | ਬੱਚਤ (–) ਵੱਧ ਖਰਚਾ +) | ਸਪੁਰਦ ਕੀਤੀ ਰਾਸ਼ੀ |
|---|---|---|---|---|---|---|---|
| | **ਜੋੜ** | **41,450.41** | **1297.24** | **42,747.65** | **30,909.90** | **(-)11,837.75** | **4,902.84** |
| **ਵੋਟਡ (ਪੂੰਜੀਗਤ)** | | | | | | | |
| 17. | 3-ਸਹਿਕਾਰਤਾ | 262.14 | 0 | 262.14 | 130.28 | (-)131.86 | 131.58 |
| 18. | 5-ਸਿੱਖਿਆ | 156.63 | 0 | 156.63 | 47.03 | (-)109.60 | 63.65 |
| 19. | 15- ਜਲ ਸਰੋਤ | 950.81 | 0 | 950.81 | 478.59 | (-)472.22 | 153.42 |
| 20. | 17-ਸਥਾਨਕ ਸਰਕਾਰ | 1,187.10 | 0 | 1187.10 | 323.86 | (-)863.24 | 611.58 |
| 21. | 19-ਯੋਜਨਾਬੰਦੀ | 252.88 | 8.66 | 261.54 | 133.66 | (-)127.88 | 84.50 |
| 22. | 21-ਲੋਕ ਨਿਰਮਾਣ | 1,367.28 | 0 | 1367.28 | 636.03 | (-)731.25 | 520.14 |
| 23. | 23- ਪੇਂਡੂ ਵਿਕਾਸ ਅਤੇ ਪੰਚਾਇਤਾਂ | 869.31 | 0 | 869.31 | 133.17 | (-)736.14 | 620.27 |
| 24. | 28-ਸੈਰ ਸਪਾਟਾ ਅਤੇ ਸਭਿਆਚਾਰਕ ਮਾਮਲੇ | 487.84 | 0 | 487.84 | 233.58 | (-)254.26 | 167.24 |
| 25. | 36-ਜੇਲ੍ਹਾਂ | 30.37 | 0 | 30.37 | 3.00 | (-)27.37 | 15.93 |
| 26. | 38-ਮੈਡੀਕਲ ਸਿੱਖਿਆ ਅਤੇ ਖੋਜ | 343.11 | 0 | 343.11 | 122.87 | (-)220.24 | 160.25 |
| 27. | 42-ਐਸ ਸੀ, ਐਸ ਟੀ, ਓ ਬੀ ਸੀ ਅਤੇ ਘੱਟ ਗਿਣਤੀਆਂ ਦੀ ਭਲਾਈ | 63.23 | 0 | 63.23 | 6.87 | (-)56.36 | 11.46 |
| **ਜੋੜ** | | **5,970.70** | **8.66** | **5,979.36** | **2,248.94** | **(-)3,730.42** | **2,540.02** |
| **ਕੁੱਲ ਜੋੜ** | | **47,421.11** | **1,305.90** | **48,727.01** | **33,158.84** | **(-)15,568.17** | **7,442.86** |

*ਸ੍ਰੋਤ: ਨਿਮਿੱਤਣ ਲੇਖੇ*

ਸਰਕਾਰ ਵੱਲੋਂ ਬਜਟਰੀ ਉਪਬੰਧਾਂ ਦੀ ਘੱਟ ਵਰਤੋਂ ਲਈ ਕੋਈ ਕਾਰਣ ਪੇਸ਼ ਨਹੀ ਕੀਤੇ ਗਏ ਸਨ।

### ਚਾਰਟ 3.4: ਵਿੱਤੀ ਸਾਲ 2019-20 ਦੀ ਸਮਾਪਤੀ ਤੋਂ ਪਹਿਲਾਂ ਬੱਚਤਾਂ* ਅਤੇ ਸਪੁਰਦਗੀਆਂ

*(₹ ਕਰੋੜ ਵਿੱਚ)*




*ਸ੍ਰੋਤ: ਨਿਮਿੱਤਣ ਲੇਖੇ*

** ਤਿੰਨ ਗ੍ਰਾਂਟਾਂ/ਨਿਮਿੱਤਣਾਂ ਅਧੀਨ ₹468.21 ਕਰੋੜ ਦੇ ਵੱਧ ਖਰਚੇ ਘਟਾਏ ਬਗੈਰ ਕੁੱਲ ਬੱਚਤਾਂ*

ਚਾਰਟ ਦੇ ਵਿਸ਼ਲੇਸ਼ਣ ਨੇ ਦਰਸਾਇਆ ਕਿ ₹ 8,332.43 ਕਰੋੜ ਦੀ ਸਪੁਰਦ ਕੀਤੀ ਕੁੱਲ ਰਾਸ਼ੀ ਵਿੱਚੋਂ, 90 *ਪ੍ਰਤੀਸ਼ਤ* ਬੱਚਤਾਂ 31 ਮਾਰਚ 2020 ਨੂੰ ਸਪੁਰਦ ਕੀਤੀਆਂ ਸਨ, ਜਿਨ੍ਹਾਂ ਦਾ ਪੁਨਰ-ਨਿਮਿੱਤਣ ਨਹੀ ਹੋ ਸਕਿਆ। ਸਰਕਾਰ ਵੱਲੋਂ ਵਿੱਤੀ ਸਾਲ ਦੇ ਆਖਰੀ ਦਿਨ ਕੀਤੀ ਗਈ ਬੱਚਤਾਂ ਦੀ ਸਪੁਰਦਗੀ ਲਈ ਕੋਈ ਕਾਰਣ ਨਹੀ ਦੱਸੇ ਗਏ ਸਨ। ਰਾਜ ਸਰਕਾਰ ਨੇ ਇਨ੍ਹਾਂ ਬੱਚਤਾਂ ਦਾ ਕਾਰਣ ਫੰਡਾਂ ਦੀ ਥੁੜ੍ਹ ਕਰਕੇ ਖਜ਼ਾਨੇ ਵਿੱਚੋਂ ਫੰਡ ਜਾਰੀ ਨਾ ਹੋਣਾ ਦੱਸਿਆ (ਜੂਨ 2021) ਪ੍ਰੰਤੂ ਉਨ੍ਹਾਂ ਨੇ ਬੱਚਤਾਂ ਦੀ ਗੈਰ-ਸਪੁਰਦਗੀ ਲਈ ਕੋਈ ਕਾਰਣ ਨਹੀਂ ਦੱਸੇ ਸਨ।

## 3.3.6 ਵੱਧ ਖਰਚਾ ਅਤੇ ਇਸ ਦੀ ਨਿਯਮਤਤਾ

ਭਾਰਤ ਦੇ ਸੰਵਿਧਾਨ ਦੇ ਅਨੁਛੇਦ 204 ਅਨੁਸਾਰ ਇਸ ਅਨੁਛੇਦ ਦੇ ਉਪਬੰਧਾਂ ਅਨੁਸਾਰ ਪਾਸ ਕੀਤੇ ਗਏ ਕਾਨੂੰਨ ਦੁਆਰਾ ਬਣਾਏ ਗਏ ਨਿਮਿੱਤਣ ਤੋਂ ਇਲਾਵਾ ਰਾਜ ਦੇ ਸੰਚਿਤ ਫੰਡ ਵਿੱਚੋਂ ਕੋਈ ਵੀ ਪੈਸਾ ਨਹੀਂ ਕਢਵਾਇਆ ਜਾਵੇਗਾ। ਅੱਗੇ, ਭਾਰਤ ਦੇ ਸੰਵਿਧਾਨ ਦੇ ਅਨੁਛੇਦ 205 ਅਨੁਸਾਰ ਗ੍ਰਾਂਟਾਂ/ਨਿਮਿੱਤਣਾਂ ਨਾਲੋਂ ਵੱਧ ਹੋਏ ਖਰਚੇ ਨੂੰ ਰਾਜ ਵਿਧਾਨਪਾਲਿਕਾ ਕੋਲੋਂ ਨਿਯਮਤ ਕਰਵਾਉਣਾ ਰਾਜ ਸਰਕਾਰ ਲਈ ਲਾਜ਼ਮੀ ਹੈ। ਭਾਵੇਂਕਿ, ਇਸ ਅਨੁਛੇਦ ਅਧੀਨ ਵਾਧੂ ਖਰਚਿਆਂ ਦੀ ਨਿਯਮਤਤਾ ਲਈ ਕੋਈ ਸਮਾਂ ਸੀਮਾਂ ਨਿਰਧਾਰਤ ਨਹੀਂ ਹੈ, ਫਿਰ ਵੀ ਵਾਧੂ ਖਰਚੇ ਦੀ ਨਿਯਮਤਤਾ ਲੋਕ ਲੇਖਾ ਕਮੇਟੀ ਦੁਆਰਾ ਨਿਮਿੱਤਣ ਲੇਖਿਆਂ ਤੇ ਚਰਚਾ ਪੂਰੀ ਹੋਣ ਤੋਂ ਬਾਅਦ ਕੀਤੀ ਜਾਂਦੀ ਹੈ।

### *3.3.6.1 ਵੱਧ ਖਰਚਾ*

ਸਾਲ ਲਈ ਕੀਤਾ ਗਿਆ ਉਪਬੰਧ ਨਾਲੋਂ ਵੱਧ ਖਰਚਾ, ਨਾ ਸਿਰਫ ਵਿਧਾਨਿਕ ਮਨਜ਼ੂਰੀ ਦੀ ਲੋੜ ਵਾਲੀਆਂ ਵਿਵਸਥਾਵਾਂ ਦੀ ਉਲੰਘਣਾ ਹੈ ਬਲਕਿ ਮਾੜੀ ਯੋਜਨਾਬੰਦੀ ਦਾ ਸੂਚਕ ਵੀ ਹੈ, ਜਿਸ ਨੂੰ ਕਿ ਇਸ ਮੰਤਵ ਦੀ ਪ੍ਰਾਪਤੀ ਲਈ ਬਣਾਏ ਗਏ ਬਜਟ ਦੇ ਨਾਲ ਨਾਲ ਖਰਚੇ ਦੀ ਪ੍ਰਗਤੀ ਤੇ ਨਜ਼ਰ ਰੱਖ ਕੇ ਟਾਲਿਆ ਜਾ ਸਕਦਾ ਸੀ।

**ਸਾਰਣੀ 3.6: ਵਿੱਤੀ ਸਾਲ 2019-20 ਦੌਰਾਨ ਗ੍ਰਾਂਟਾਂ/ਨਿਮਿੱਤਣਾਂ ਨਾਲੋਂ ਵੱਧ ਅਦਾਇਗੀਆਂ ਦਾ ਸਾਰ**

*(₹ ਕਰੋੜ ਵਿੱਚ)*

| | | ਵਿਭਾਗ ਦਾ ਨਾਂਅ | | | |
|---|---|---|---|---|---|
| | | ਲੋਕ ਨਿਰਮਾਣ | ਜਲ ਸਪਲਾਈ ਅਤੇ ਸੈਨੀਟੇਸ਼ਨ | ਕਾਨੂੰਨ ਅਤੇ ਨਿਆਂ | ਜੋੜ |
| ਵੋਟਡ | ਰੈਵੀਨਿਊ | 437.84 | 26.19 | 0.00 | 464.03 |
| ਚਾਰਜਡ | ਰੈਵੀਨਿਊ | 0.00 | 0.00 | 4.18 | 4.18 |
| ਗ੍ਰਾਂਟਾਂ/ਨਿਮਿੱਤਣਾਂ ਦੀ ਸੰਖਿਆ | | 01 | 01 | 01 | 03 |
| **ਕੁੱਲ ਵੱਧ ਖਰਚੇ** | | **437.84** | **26.19** | **4.18** | **468.21** |
| **ਕੁੱਲ ਜੋੜ** | | | | | **468.21** |

*ਸ੍ਰੋਤ: ਨਿਮਿੱਤਣ ਲੇਖੇ*

ਵਿੱਤੀ ਸਾਲ 2019-20 ਦੌਰਾਨ ਦੋ ਗ੍ਰਾਂਟਾਂ ਅਤੇ ਇੱਕ ਨਿਮਿੱਤਣ ਅਧੀਨ ਰਾਜ ਵਿਧਾਨਪਾਲਿਕਾ ਦੁਆਰਾ ਦਿੱਤੇ ਅਧਿਕਾਰ ਨਾਲੋਂ ₹ 468.21 ਕਰੋੜ ਦੀ ਵੱਧ ਅਦਾਇਗੀ ਹੋਈ ਸੀ। ਸਾਲ 2019-20 ਦੌਰਾਨ ਮਿਲੇ ਅਧਿਕਾਰ ਨਾਲ ਰਾਜ ਦੇ ਸੰਚਿਤ ਫੰਡ ਤੋਂ,ਮੁੱਖ-ਮੱਦ ਵਾਰ ਹੋਈ ਵੱਧ ਅਦਾਇਗੀ ***ਅੰਤਿਕਾ 3.8*** ਵਿੱਚ ਦਿੱਤੀ ਗਈ ਹੈ ਜਿਸ ਨੂੰ ਰਾਜ ਵਿਧਾਨਪਾਲਿਕਾ ਤੋਂ ਨਿਯਮਿਤ ਕਰਵਾਉਣਾ ਅਜੇ ਬਾਕੀ ਹੈ। ਸਰਕਾਰ ਵੱਲੋਂ ਵੱਧ ਖਰਚੇ ਦੇ ਕਾਰਣ ਨਹੀਂ ਦੱਸੇ ਗਏ ਸਨ।

### *3.3.6.2 ਕੁਝ ਗ੍ਰਾਂਟਾਂ ਵਿੱਚ ਨਿਰੰਤਰ ਵਾਧੇ*

ਬਹੁਤ ਸਾਰੀਆਂ ਗ੍ਰਾਂਟਾ ਵਿੱਚ ਸਾਲ ਦਰ ਸਾਲ ਵੱਧ ਖਰਚੇ ਦੇਖੇ ਗਏ ਹਨ। ਲੋਕ ਲੇਖਾ ਕਮੇਟੀ ਦੀਆਂ ਵੱਧ ਖਰਚੇ ਦੇ ਮਾਮਲਿਆਂ ਨੂੰ ਘੱਟ ਤੋਂ ਘੱਟ ਕਰਨ ਦੀਆਂ ਸਿਫਾਰਸ਼ਾਂ ਦੇ ਬਾਵਜੂਦ, ਗ੍ਰਾਂਟਾਂ ਵਿੱਚ ਨਿਰੰਤਰ ਵੱਧ ਖਰਚੇ ਧਿਆਨ ਵਿੱਚ ਆਏ ਸਨ। ਨਿਰੰਤਰ ਵੱਧ ਖਰਚੇ ਇਹ ਸੰਕੇਤ ਦਿੰਦੇ ਹਨ ਕਿ

ਵਿਭਾਗਾਂ ਵਿੱਚ ਬਜਟਰੀ ਕੰਟਰੋਲ ਅਸਰਦਾਰ ਨਹੀਂ ਸੀ ਅਤੇ ਬਜਟ ਅਨੁਮਾਨ ਵਿਵਹਾਰਕ ਅਧਾਰ ਤੇ ਨਹੀਂ ਬਣਾਏ ਗਏ ਸਨ। ਬਾਰ ਬਾਰ ਅਜਿਹੇ ਵੱਧ ਖਰਚੇ ਕਰਨਾ ਰਾਜ ਵਿਧਾਨ ਪਾਲਿਕਾ ਦੀ ਮਨਸ਼ਾ ਦੀ ਉਲੰਘਣਾ ਹੈ। ਅਸਲ ਵਿੱਚ ਅਗਾਊਂ ਵਿਧਾਨਿਕ ਅਧਿਕਾਰ ਤੋਂ ਬਗੈਰ ਇੱਕ ਰੁਪਇਆ ਵੀ ਖਰਚ ਨਹੀਂ ਕੀਤਾ ਜਾ ਸਕਦਾ ਅਤੇ ਇਸ ਲਈ ਇਸ ਨੂੰ ਗੰਭੀਰਤਾ ਨਾਲ ਵੇਖਣਾ ਹੋਵੇਗਾ। ਨਿਰੰਤਰ ਵੱਧ ਖਰਚੇ ਦਾ ਕਾਰਣ ਬਜਟ ਬਣਾਉਣ ਸਮੇਂ ਸਹੀ ਅਨੁਮਾਨ ਨਾ ਹੋਣਾ ਹੋ ਸਕਦਾ ਹੈ।

ਪੜਤਾਲ ਨੇ ਦਰਸਾਇਆ ਕਿ ਤਿੰਨ ਮਾਮਲਿਆਂ ਵਿੱਚ ਪਿਛਲੇ ਪੰਜ ਸਾਲਾਂ ਦੌਰਾਨ ਹਰ ਇਕ ਕੇਸ ਵਿੱਚ ₹ 50 ਕਰੋੜ ਤੋਂ ਵੱਧ ਦੇ ਨਿਰੰਤਰ ਵੱਧ ਖਰਚੇ ਕੀਤੇ ਗਏ ਸਨ ਜਿਵੇਂ ਕਿ **ਸਾਰਣੀ** 3.7 ਵਿੱਚ ਵੇਰਵਾ ਦਿੱਤਾ ਗਿਆ ਹੈ। ਦੋ ਮਾਮਲਿਆਂ (ਲੜੀ ਨੰ 2 ਅਤੇ 3) ਵਿੱਚ 2015-20 ਦੌਰਾਨ ਬਗੈਰ ਕਿਸੇ ਬਜਟ ਉਪਬੰਧ ਦੇ ਖਰਚ ਕੀਤਾ ਗਿਆ ਸੀ।

**ਸਾਰਣੀ 3.7: 2015-16 ਤੋਂ 2019-20 ਦੌਰਾਨ ਨਿਰਤੰਰ ਵੱਧ ਖਰਚੇ**

*(₹ ਕਰੋੜ ਵਿੱਚ)*

| ਲੜੀ ਨੰ: | ਗ੍ਰਾਂਟ/ਨਿਮਿੱਤਣ ਦਾ ਵੇਰਵਾ | 2015-16 | 2016-17 | 2017-18 | 2018-19 | 2019-20 |
|---|---|---|---|---|---|---|
| 1. | ਗ੍ਰਾਂਟ ਨੰਬਰ -08-ਵਿੱਤ<br>2071-ਪੈਨਸ਼ਨ ਅਤੇ ਹੋਰ ਰਿਟਾਇਰਮੈਂਟ ਲਾਭ<br>01-ਸਿਵਲ<br>101-ਸੁਪਰੈਨੁਏਸ਼ਨ ਅਤੇ ਰਿਟਾਇਰਮੈਂਟ ਭੱਤੇ<br>01-ਪੈਨਸ਼ਨ ਅਤੇ ਹੋਰ ਰਿਟਾਇਰਮੈਂਟ ਲਾਭ | | | | | |
| | ਗ੍ਰਾਂਟ | 4,240.00 | 4,678.76 | 5,574.45 | 6,000.00 | 6,300.00 |
| | ਖਰਚਾ | 4,904.92 | 5,376.74 | 6,191.40 | 6,290.39 | 6,487.05 |
| | ਵੱਧ ਖਰਚਾ | 664.92 | 697.98 | 616.95 | 290.39 | 187.05 |
| 2. | ਗ੍ਰਾਂਟ ਨੰਬਰ-21-ਲੋਕ ਨਿਰਮਾਣ<br>2059- ਲੋਕ ਨਿਰਮਾਣ<br>80-ਜਨਰਲ<br>001-ਨਿਰਦੇਸ਼ਨ ਅਤੇ ਪ੍ਰਬੰਧਨ<br>07-ਜਨ ਸਿਹਤ ਵਿਭਾਗ ਨੂੰ ਉਸ ਵਿਭਾਗ ਦੁਆਰਾ ਕੀਤੇ ਗਏ ਕੰਮ ਲਈ ਅਦਾ ਕੀਤੇ ਅਮਲਾ ਚਾਰਜਿਜ਼ | | | | | |
| | ਗ੍ਰਾਂਟ | 0.00 | 0.00 | 0.00 | 0.00 | 0.00 |
| | ਖਰਚਾ | 108.53 | 136.71 | 146.84 | 97.58 | 118.91 |
| | ਵੱਧ ਖਰਚਾ | 108.53 | 136.71 | 146.84 | 97.58 | 118.91 |
| 3 | ਗ੍ਰਾਂਟ ਨੰਬਰ-21-ਲੋਕ ਨਿਰਮਾਣ<br>3054-ਸੜ੍ਹਕਾਂ ਅਤੇ ਪੁਲਾਂ<br>80- ਜਨਰਲ<br>001-ਨਿਰਦੇਸ਼ਨ ਅਤੇ ਪ੍ਰਬੰਧਨ<br>01-ਅਨੁਪਾਤਕ ਆਧਾਰ ਤੇ ਮੁੱਖ ਮੱਦ 3054-ਸੜ੍ਹਕਾਂ ਅਤੇ ਪੁਲਾਂ ਨੂੰ ਟਰਾਂਸਫਰ ਕੀਤੇ ਗਏ ਅਮਲਾ ਚਾਰਜਜ਼ | | | | | |
| | ਗ੍ਰਾਂਟ | 0.00 | 0.00 | 0.00 | 0.00 | 0.00 |
| | ਖਰਚਾ | 135.53 | 94.10 | 141.29 | 169.87 | 213.90 |
| | ਵੱਧ ਖਰਚਾ | 135.53 | 94.10 | 141.29 | 169.87 | 213.90 |

*ਸ੍ਰੋਤ: ਨਿਮਿੱਤਣ ਲੇਖੇ*

ਵੱਧ ਖਰਚੇ ਵਾਲੇ ਸਾਰੇ ਮੌਜੂਦਾ ਮਾਮਲਿਆਂ ਨੂੰ ਜਲਦੀ ਤੋਂ ਜਲਦੀ ਨਿਯਮਿਤ ਕਰਵਾਉਣ ਦੀ ਲੋੜ ਹੈ ਅਤੇ, ਭਵਿੱਖ ਵਿੱਚ ਅਜਿਹੇ ਗੈਰ- ਵੋਟਡ ਖਰਚੇ ਨੂੰ ਪੂਰੀ ਤਰ੍ਹਾਂ ਰੋਕਿਆ ਜਾ ਸਕਦਾ ਹੈ। ਸਰਕਾਰ ਦੁਆਰਾ ਕੀਤੇ ਗਏ ਨਿਰੰਤਰ ਵੱਧ ਖਰਚੇ ਲਈ ਕੋਈ ਸਪਸ਼ਟੀਕਰਣ ਨਹੀਂ ਦਿੱਤਾ ਗਿਆ ਸੀ।

### *3.3.6.3 ਪਿਛਲੇ ਵਿੱਤੀ ਸਾਲਾਂ ਦੇ ਵੱਧ ਖਰਚੇ ਦੀ ਨਿਯਮਿਤਤਾ*

ਬਜਟ ਤੋਂ ਵੱਧ ਕੀਤੇ ਖਰਚੇ ਦਾ ਵਧੇਰੇ ਸਮੇਂ ਲਈ ਅਨਿਯਮਿਤ ਰਹਿਣਾ ਕਾਰਜਪਾਲਿਕਾ ਉੱਤੇ ਵਿਧਾਨ ਪਾਲਿਕਾ ਦੇ ਕੰਟਰੋਲ ਨੂੰ ਕਮਜ਼ੋਰ ਕਰਦਾ ਹੈ। ਜਿਵੇਂ ਕਿ **ਸਾਰਣੀ 3.8** ਵਿੱਚ ਦਰਸਾਇਆ ਗਿਆ ਹੈ 2015-16 ਤੋਂ 2018-19 ਨਾਲ ਸਬੰਧਤ ₹ 37,269.28 ਕਰੋੜ ਦੀਆਂ ਵੱਧ ਅਦਾਇਗੀਆਂ ਦਾ ਰਾਜ ਵਿਧਾਨਪਾਲਿਕਾ ਤੋਂ ਨਿਯਮਿਤ ਕਰਵਾਉਣਾ ਅਜੇਂ ਬਾਕੀ ਹੈ।

**ਸਾਰਣੀ 3.8: ਪਿਛਲੇ ਸਾਲਾਂ ਨਾਲ ਸਬੰਧਤ ਨਿਯਮਿਤ ਕਰਵਾਉਣ ਵਾਲਾ ਵੱਧ ਖਰਚਾ**

*(₹ ਕਰੋੜ ਵਿੱਚ)*

| ਸਾਲ | ਗ੍ਰਾਂਟ ਨੰ./ ਨਿਮਿੱਤਣ | ਗ੍ਰਾਂਟ /ਨਿਮਿੱਤਣ ਦੇ ਵੇਰਵੇ | ਵੱਧ ਰਾਸ਼ੀ ਜਿਸ ਦੀ ਨਿਯਮਿਤਤਾ ਕਰਵਾਉਣੀ ਲੋੜੀਂਦੀ ਹੈ, ਜਿਵੇਂ ਕਿ ਨਿਮਿੱਤਣ ਲੇਖੇ ਵਿੱਚ ਟਿੱਪਣੀ ਕੀਤੀ ਗਈ ਹੈ | ਨਿਯਮਿਤਤਾ ਦੀ ਸਥਿਤੀ |
|---|---|---|---|---|
| 2015-16 | 02 | ਪਸ਼ੂ ਪਾਲਣ ਅਤੇ ਮੱਛੀ ਪਾਲਣ (ਰੈਵੀਨਿਊ-ਚਾਰਜਡ) | 0.04 | ਨਿਯਮਤਤਾ ਨਹੀਂ ਹੋਈ |
| | 08 | ਵਿੱਤ (ਰੈਵੀਨਿਊ-ਵੋਟਡ) | 456.24 | |
| | | ਵਿੱਤ (ਪੂੰਜੀਗਤ-ਚਾਰਜਡ) | 952.79 | |
| | 21 | ਲੋਕ ਨਿਰਮਾਣ (ਰੈਵੀਨਿਊ-ਵੋਟਡ) | 221.51 | |
| | 22 | ਰੈਵੀਨਿਊ ਅਤੇ ਮੁੜ ਵਸੇਬਾ (ਰੈਵੀਨਿਊ-ਵੋਟਡ) | 430.88 | |
| | 26 | ਰਾਜ ਵਿਧਾਨ ਪਾਲਿਕਾ (ਰੈਵੀਨਿਊ-ਚਾਰਜਡ) | 0.20 | |
| 2016-17 | 08 | ਵਿੱਤ (ਰੈਵੀਨਿਊ-ਵੋਟਡ) | 400.48 | |
| | | ਵਿੱਤ (ਪੂੰਜੀਗਤ-ਚਾਰਜਡ) | 921.19 | |
| | 09 | ਖੁਰਾਕ ਅਤੇ ਸਪਲਾਈਜ਼ (ਰੈਵੀਨਿਊ-ਵੋਟਡ) | 29,081.45 | |
| | 12 | ਗ੍ਰਹਿ ਮਾਮਲੇ ਅਤੇ ਨਿਆਂ (ਪੂੰਜੀਗਤ-ਚਾਰਜਡ) | 1.15 | |
| | 15 | ਸਿੰਜਾਈ ਅਤੇ ਪਾਵਰ (ਪੂੰਜੀਗਤ- ਵੋਟਡ) | 3,852.06 | |
| | 21 | ਲੋਕ ਨਿਰਮਾਣ (ਰੈਵੀਨਿਊ-ਵੋਟਡ) | 182.71 | |
| | | ਲੋਕ ਨਿਰਮਾਣ (ਰੈਵੀਨਿਊ-ਚਾਰਜਡ) | 0.40 | |
| | | ਲੋਕ ਨਿਰਮਾਣ (ਪੂੰਜੀਗਤ-ਚਾਰਜਡ) | 19.36 | |
| 2017-18 | 08 | ਵਿੱਤ (ਰੈਵੀਨਿਊ-ਚਾਰਜਡ) | 159.25 | |
| | 10 | ਆਮ ਪ੍ਰਸ਼ਾਸਨ (ਪੂੰਜੀਗਤ-ਚਾਰਜਡ) | 0.33 | |
| | 21 | ਲੋਕ ਨਿਰਮਾਣ (ਰੈਵੀਨਿਊ-ਵੋਟਡ) | 264.20 | |
| 2018-19 | 09 | ਖੁਰਾਕ ਅਤੇ ਸਪਲਾਈਜ਼ (ਰੈਵੀਨਿਊ-ਚਾਰਜਡ) | 0.53 | |
| | 10 | ਆਮ ਪ੍ਰਸ਼ਾਸਨ (ਪੂੰਜੀਗਤ- ਵੋਟਡ) | 7.77 | |
| | 21 | ਲੋਕ ਨਿਰਮਾਣ (ਰੈਵੀਨਿਊ -ਵੋਟਡ) | 315.75 | |
| | | ਲੋਕ ਨਿਰਮਾਣ (ਰੈਵੀਨਿਊ-ਚਾਰਜਡ) | 0.99 | |
| | | **ਜੋੜ** | **37,269.28** | |

*ਸ੍ਰੋਤ: ਨਿਮਿੱਤਣ ਲੇਖੇ*

ਵੱਧ ਖਰਚਾ ਸੰਕੇਤ ਦਿੰਦਾ ਹੈ ਕਿ ਵਿਭਾਗ ਵਿੱਚ ਬਜਟਰੀ ਕੰਟਰੋਲ ਅਸਰਦਾਰ ਨਹੀਂ ਸੀ ਅਤੇ ਬਜਟ ਅਨੁਮਾਨ ਵਿਵਹਾਰਕ ਅਧਾਰ ਤੇ ਨਹੀਂ ਬਣਾਏ ਗਏ ਸਨ। ਰਾਜ ਵਿਧਾਨਪਾਲਿਕਾ ਵੱਲੋਂ ਪ੍ਰਵਾਨਿਤ ਗ੍ਰਾਂਟਾਂ ਨਾਂਲੋਂ ਅਜਿਹਾ ਬਾਰ-ਬਾਰ ਕੀਤਾ ਵੱਧ ਖਰਚਾ ਵਿਧਾਨਪਾਲਿਕਾ ਦੀ ਮਨਸ਼ਾ ਅਤੇ ਲੋਕਤੰਤਰ ਦੇ ਬੁਨਿਆਦੀ ਸਿਧਾਂਤ ਕਿ ਰਾਜ ਵਿਧਾਨ ਸਭਾ ਦੀ ਪ੍ਰਵਾਨਗੀ ਤੋਂ ਬਗੈਰ ਇਕ ਰੁਪਇਆ ਵੀ ਖਰਚ ਨਹੀਂ ਕੀਤਾ ਜਾ ਸਕਦਾ, ਦੀ ਉਲੰਘਣਾਂ ਹੈ ਅਤੇ ਇਸ ਲਈ ਇਸ ਨੂੰ ਗੰਭੀਰਤਾ ਨਾਲ ਵੇਖਣ ਦੀ ਲੋੜ ਹੈ। ਵੱਧ ਖਰਚੇ ਦੇ ਸਾਰੇ ਮੌਜੂਦਾ ਮਾਮਲਿਆਂ ਨੂੰ ਛੇਤੀ ਤੋਂ ਛੇਤੀ ਨਿਯਮਤ ਕਰਵਾਉਣ ਦੀ ਲੋੜ ਹੈ।

ਸਰਕਾਰ ਨੇ ਕਿਹਾ (ਜੂਨ 2021) ਕਿ 2015-16 ਤੋਂ 2018-19 ਦੇ ਸਾਲਾਂ ਲਈ ਵੱਧ ਖਰਚੇ ਦੀ ਨਿਯਮਤਤਾ ਲਈ ਪ੍ਰਕ੍ਰਿਆ ਸ਼ੁਰੂ ਕੀਤੀ ਗਈ ਸੀ। ਜਦੋਂਕਿ ਸਰਕਾਰ ਵੱਲੋਂ ਵੱਧ ਖਰਚੇ ਲਈ ਕਾਰਣ ਨਹੀਂ ਦੱਸੇ ਗਏ ਸਨ।

## 3.4 ਬਜਟਰੀ ਅਤੇ ਲੇਖਾ ਪ੍ਰਕ੍ਰਿਆ ਦੀ ਪਾਰਦਰਸ਼ਤਾ

### 3.4.1 ਉੱਕੇ ਪੁੱਕੇ ਬਜਟਰੀ ਉਪਬੰਧ

ਭਾਰਤ ਸਰਕਾਰ ਦੁਆਰਾ ਖਰਚੇ ਦੇ ਵਰਗੀਕਰਣ ਲਈ ਆਬਜੈਕਟ ਮੱਦਾਂ ਦੇ ਮਿਆਰੀਕਰਣ ਲਈ ਜਾਰੀ ਸਕੀਮ (ਦਸੰਬਰ 1994) ਅਨੁਸਾਰ, ਬਜਟ ਵਿੱਚ ਉੱਕਾ ਪੁੱਕਾ ਉਪਬੰਧ ਕੇਵਲ ₹ 10 ਲੱਖ ਤੱਕ ਦੇ ਖਰਚੇ ਲਈ ਕੀਤਾ ਜਾ ਸਕਦਾ ਹੈ ਅਤੇ ਹੋਰ ਕੇਸਾਂ ਵਿੱਚ ਖਰਚੇ ਦਾ ਨਿਖੇੜਾ ਜਰੂਰ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਖਰਚੇ ਦੇ ਸਹੀ ਆਬਜੈਕਟ ਨੂੰ ਦਰਸਾਇਆ ਜਾ ਸਕੇ।

ਪ੍ਰੰਤੂ, ਇਹ ਵੇਖਿਆ ਗਿਆ ਸੀ ਕਿ ਪੰਜਾਬ ਸਰਕਾਰ ਨੇ ਰਾਜ ਬਜਟ ਵਿੱਚ ਮੁੱਖ ਮੱਦ 2230-03-789-04-42 ਅਧੀਨ ਗ੍ਰਾਂਟ 27-ਤਕਨੀਕੀ ਸਿੱਖਿਆ ਅਤੇ ਸਿਖਲਾਈ ਅਧੀਨ, 2015-16 ਅਤੇ 2016-17 ਦੌਰਾਨ ₹ 0.98 ਕਰੋੜ ਅਤੇ ₹ 1.13 ਕਰੋੜ ਅਤੇ ਸਾਲ 2017-18 ਤੋਂ 2019-20 ਦੌਰਾਨ ਹਰ ਇੱਕ ਲਈ ₹ 0.50 ਕਰੋੜ ਦਾ ਉੱਕਾ ਪੁੱਕਾ ਉਪਬੰਧ ਕੀਤਾ ਸੀ, ਜੋ ਕਿ ਅਨਿਯਮਿਤ ਸੀ। ਭਾਵੇਂ ਕਿ ਉੱਕੇ ਪੁੱਕੇ ਉਪਬੰਧ ਦੀ ਪ੍ਰਤੀਸ਼ਤਤਾ ਬਹੁਤ ਘੱਟ ਹੈ ਫਿਰ ਵੀ ਇਸ ਨੂੰ ਰੁਟੀਨ ਦਾ ਮਾਮਲਾ ਨਹੀਂ ਬਣਾਉਣਾ ਚਾਹੀਦਾ।

## 3.5 ਬਜਟਰੀ ਅਤੇ ਲੇਖਾ ਪ੍ਰਕ੍ਰਿਆ ਦੀ ਪ੍ਰਭਾਵਿਕਤਾ

### 3.5.1 ਬਜਟ ਦੀ ਪ੍ਰੋਜੈਕਸ਼ਨ ਅਤੇ ਉਮੀਦ ਤੇ ਅਸਲ ਵਿਚਕਾਰ ਪਾੜਾ

ਕਰ ਪ੍ਰਬੰਧਨ/ਹੋਰ ਧਨ ਪ੍ਰਾਪਤੀਆਂ ਅਤੇ ਜਨਤਕ ਖਰਚੇ ਦਾ ਨਿਪੁੰਨਤਾ ਭਰਪੂਰ ਪ੍ਰੰਬਧਨ ਵੱਖ-ਵੱਖ ਵਿੱਤੀ ਸੰਕੇਤਾਂ ਦੀ ਪ੍ਰਾਪਤੀ ਵਿੱਚ ਸੰਤੁਲਨ ਬਣਾ ਕੇ ਰੱਖਦਾ ਹੈ। ਗੈਰ-ਵਿਵਹਾਰਕ ਪ੍ਰਸਤਾਵਾਂ ਤੇ ਆਧਾਰਤ ਬਜਟਰੀ ਵੰਡ, ਖਰਚੇ ਦਾ ਮਾੜਾ ਨਿਗਰਾਨੀ ਤੰਤਰ, ਸਕੀਮ ਲਾਗੂ ਕਰਨ ਦੀਆਂ ਕਮਜ਼ੋਰ ਸਮਰੱਥਾਵਾਂ ਅਤੇ ਮਾੜੇ ਅੰਦਰੂਨੀ ਕੰਟਰੋਲ ਵਿਕਾਸ ਦੀਆਂ ਵੱਖ-ਵੱਖ ਲੋੜਾਂ ਦੀ ਘੱਟ ਚੰਗੇਰੀ ਵੰਡ ਵੱਲ ਲੈ ਕੇ ਜਾਂਦਾ ਹੈ। ਕੁੱਝ ਵਿਭਾਗਾਂ ਵਿੱਚ ਬਹੁਤ ਜ਼ਿਆਦਾ ਬੱਚਤਾਂ ਦੂਜੇ ਵਿਭਾਗਾਂ ਨੂੰ ਫੰਡਾਂ ਤੋਂ ਵਾਂਝੇ ਕਰਦੀਆਂ ਹਨ, ਜਿਸ ਦੀ ਕਿ ਉਹ ਵਰਤੋਂ ਕਰ ਸਕਦੇ ਸਨ।

ਸਾਲ 2019-20 ਵਿੱਚ ਖਰਚੇ ਲਈ ਕੁੱਲ ਉਪਬੰਧ ₹ 1,62,060.09 ਕਰੋੜ ਸੀ। ਸਾਲ ਦੌਰਾਨ ਅਸਲ ਕੁੱਲ ਖਰਚਾ ₹ 1,34,882.11 ਕਰੋੜ ਸੀ। ਜਿਸ ਦੇ ਨਤੀਜੇ ਵਜੋਂ ਸਾਲ 2019-20 ਵਿੱਚ ₹ 27,177.98 ਕਰੋੜ ਦੀਆਂ ਬਚਤਾਂ ਹੋਈਆਂ। ਇਸ ਦੇ ਵੇਰਵੇ **ਸਾਰਣੀ** 3.9 ਵਿੱਚ ਦਿੱਤੇ ਗਏ ਹਨ।

### ਸਾਰਣੀ 3.9: ਵਿੱਤੀ ਸਾਲ 2019-20 ਦੌਰਾਨ ਬਜਟ ਉਪਬੰਧ ਦੀ ਤੁਲਨਾ ਵਿੱਚ ਅਸਲ ਖਰਚਾ

*(₹ ਕਰੋੜ ਵਿੱਚ)*

| | ਖਰਚੇ ਦੀ ਕਿਸਮ | ਮੂਲ ਗ੍ਰਾਂਟ/ ਨਿਮਿੱਤਣ | ਪੂਰਕ ਗ੍ਰਾਂਟ/ ਨਿਮਿੱਤਣ | ਜੋੜ | ਅਸਲ ਖਰਚਾ | ਨਿਰੋਲ ਬਚੱਤਾਂ | 2019-20 ਦੌਰਾਨ ਸਪੁਰਦਗੀ | |
|---|---|---|---|---|---|---|---|---|
| | | | | | | | ਰਾਸ਼ੀ | *ਪ੍ਰਤੀਸ਼ਤ* |
| ਵੋਟਡ | I. ਰੈਵੀਨਿਊ | 72,346.48 | 3,074.84 | 75,421.32 | 58,376.67 | 17,044.65 | 5,677.83 | 33. 31 |
| | II. ਪੂੰਜੀਗਤ | 22,842.05 | 98.38 | 22,940.43 | 18,123.88 | 4,816.55 | 2,522.93 | 52.38 |
| | III. ਕਰਜ਼ੇ ਅਤੇ ਪੇਸ਼ਗੀਆਂ | 813.73 | 160.04 | 973.77 | 783.88 | 189.89 | 131.58 | 69.29 |
| | **ਜੋੜ** | **96,002.26** | **3,333.26** | **99,335.52** | **77,284.43** | **22,051.09** | **8,332.34** | **37.79** |
| ਚਾਰਜਡ | V. ਰੈਵੀਨਿਊ | 1,7850.48 | 234.17 | 18,084.65 | 18,023.78 | 60.87 | 0.09 | 0.15 |
| | VII. ਪੂੰਜੀਗਤ | 0 | 0 | 0 | 0 | 0 | 0 | 0 |
| | VIII. ਜਨਤਕ ਕਰਜ਼ਾ-ਮੁੜ ਅਦਾਇਗੀ | 44,639.92 | 0 | 44,639.92 | 39,573.90 | 5,066.02 | 0 | 0 |
| | **ਜੋੜ** | **6,2490.40** | **234.17** | **62,724.57** | **57,597.68** | **5,126.89** | **0.09** | **0** |
| ਅਚੇਤ ਫੰਡ ਨੂੰ ਨਿਮਿੱਤਣ (ਜੇ ਕੋਈ ਹੋਵੇ) | | 0 | 0 | 0 | 0 | 0 | 0 | 0 |
| | **ਕੁੱਲ ਜੋੜ** | **1,58,492.66** | **3,567.43** | **1,62,060.09** | **1,34,882.11** | **27,177.98** | **8,332.43** | **30.66** |

*ਸ੍ਰੋਤ: ਨਿਮਿੱਤਣ ਲੇਖੇ*

*ਨੋਟ: ਉੱਪਰ ਦਰਸਾਏ ਗਏ ਖਰਚੇ ਰੈਵੀਨਿਊ ਮੱਦਾਂ (₹ 540.81 ਕਰੋੜ) ਅਤੇ ਪੂੰਜੀਗਤ ਮੱਦਾਂ (₹ 296.15 ਕਰੋੜ) ਅਧੀਨ ਖਰਚੇ ਦੀ ਕਟੌਤੀ ਵਜੋਂ ਲੇਖਿਆਂ ਵਿੱਚ ਸਮਾਯੋਜਿਤ ਵਸੂਲੀਆਂ ਨੂੰ ਹਿਸਾਬ ਵਿੱਚ ਲਏ ਬਗੈਰ ਸਕਲ ਰਾਸ਼ੀਆਂ ਹਨ।*

### ਚਾਰਟ 3.5: 2015-16 ਤੋਂ 2019-20 ਦੌਰਾਨ ਬਜਟ ਦੀ ਵਰਤੋਂ




*ਸ੍ਰੋਤ: ਨਿਮਿੱਤਣ ਲੇਖੇ*

ਸਾਲ 2015-16 ਤੋਂ 2019-20 ਦੇ ਸਮੇਂ ਲਈ ਮੂਲ ਬਜਟ, ਸੋਧਿਆ ਅਨੁਮਾਨ, ਅਸਲ ਖਰਚੇ ਦੇ ਰੁਝਾਨਾਂ ਨੂੰ **ਸਾਰਣੀ** 3.10 ਵਿੱਚ ਦਰਸਾਇਆ ਗਿਆ ਹੈ।

**ਸਾਰਣੀ 3.10: ਸਾਲ 2015-20 ਦੌਰਾਨ ਮੂਲ ਬਜਟ, ਸੋਧੇ ਅਨੁਮਾਨ ਅਤੇ ਅਸਲ ਖਰਚਾ**

*(₹ ਕਰੋੜ ਵਿੱਚ)*

| | 2015-16 | 2016-17 | 2017-18 | 2018-19 | 2019-20 |
|---|---|---|---|---|---|
| ਮੂਲ ਬਜਟ | 79,313.87 | 86,386.96 | 1,18,237.89 | 1,29,697.63 | 1,58,492.66 |
| ਪੂਰਕ ਬਜਟ | 16,093.17 | 25,199.80 | 1,646.78 | 4,658.26 | 3,567.43 |
| ਕੁੱਲ ਬਜਟ | 95,407.03 | 1,11,586.76 | 1,19,884.67 | 1,34,355.89 | 1,62,060.09 |
| ਸੋਧਿਆਂ ਅਨੁਮਾਨ | 78,599.78 | 1,44,513.99 | 1,12,797.42 | 1,27,415.49 | 1,51,696.94 |
| ਅਸਲ ਖਰਚਾ | 82,229.63 | 1,33,986.35 | 1,01,117.64 | 1,17,455.28 | 1,34,882.11 |
| ਬੱਚਤਾਂ | 13,177.40 | 22,399.59 | 18,767.03 | 16,900.61 | 27,177.98 |
| ਪੂਰਕ ਦੀ ਮੂਲ ਉਪਬੰਧ ਨੂੰ ਪ੍ਰਤੀਸ਼ਤਤਾ | 20.29 | 29.17 | 1.39 | 3.59 | 2.25 |
| ਸਮੁੱਚੀਆਂ ਬੱਚਤਾਂ ਦੀ ਸਮੁੱਚੇ ਉਪਬੰਧ ਨੂੰ ਪ੍ਰਤੀਸ਼ਤਤਾ | 13.81 | 20.07 | 15.65 | 12.58 | 16.77 |

*ਸ੍ਰੋਤ: ਸਲਾਨਾ ਵਿੱਤੀ ਵਿਵਰਣੀ ਅਤੇ ਨਿਮਿੱਤਣ ਲੇਖੇ*

**ਚਾਰਟ 3.6: ਨਿਮਿੱਤਣ ਲੇਖਿਆਂ ਵਿੱਚ ਅੰਤਰ ਲਈ ਸਪਸ਼ਟੀਕਰਣ ਦਾ ਸਾਰ**




*ਸ੍ਰੋਤ: ਮਹਾਂ ਲੇਖਾਕਾਰ (ਲੇਖਾ ਅਤੇ ਹੱਕਦਾਰੀ) ਪੰਜਾਬ ਦੇ ਦਫਤਰ ਦੁਆਰਾ ਦਿੱਤੀ ਗਈ ਜਾਣਕਾਰੀ*

ਸਾਰਣੀ 3.10 ਦਰਸਾਉਂਦੀ ਹੈ ਕਿ ₹ 3,567.43 ਕਰੋੜ ਦਾ ਪੂਰਕ ਉਪਬੰਧ ਪਿਛਲੇ ਸਾਲ ਵਿੱਚ ਮੂਲ ਉਪਬੰਧ ਦੇ 3.59 *ਪ੍ਰਤੀਸ਼ਤ* ਦੀ ਤੁਲਨਾ ਵਿੱਚ 2.25 *ਪ੍ਰਤੀਸ਼ਤ* ਸੀ। ਜਦੋਂਕਿ, ਸਾਲ 2019-20 ਦੌਰਾਨ ਪੂਰਕ ਉਪਬੰਧ ਗੈਰ ਜਰੂਰੀ ਸਾਬਤ ਹੋਇਆ ਕਿਉਂਕਿ ਖਰਚਾ (₹ 1,34,882.11 ਕਰੋੜ) ਮੂਲ ਬਜਟ ਉਪਬੰਧਾਂ (₹ 1,58,492.66 ਕਰੋੜ) ਦੇ ਪੱਧਰ ਤੱਕ ਵੀ ਨਹੀਂ ਹੋਇਆ ਸੀ।

ਰਾਜ ਸਰਕਾਰ ਨੇ ਕਿਹਾ (ਜੂਨ 2021) ਕਿ ਇਸਦੇ ਕਾਰਣਾਂ ਲਈ ਮਾਮਲਾ ਸਬੰਧਤ ਦਫਤਰਾਂ ਕੋਲ ਚੁੱਕਿਆ ਜਾਵੇਗਾ ਅਤੇ ਲੇਖਾ ਪ੍ਰੀਖਿਆ ਨੂੰ ਸੂਚਿਤ ਕੀਤਾ ਜਾਵੇਗਾ। ਇਹ ਵੀ ਦੱਸਿਆ ਗਿਆ ਸੀ ਕਿ ਭਾਰਤੀ ਰਿਜ਼ਰਵ ਬੈਂਕ (ਆਰ ਬੀ ਆਈ) ਤੋਂ ਵੇਅਜ਼ ਅਤੇ ਮੀਨਜ਼ (ਡਬਲਿਊ ਐਮ ਏ)/ਓਵਰਡਰਾਫਟ ਦੀ ਮੁੜ ਅਦਾਇਗੀ ਦਾ ਲਾਭ ਨਾ ਲਏ ਜਾਣ ਕਾਰਣ ₹ 5,045 ਕਰੋੜ ਦੀ ਰਾਸ਼ੀ ਦੀ ਬੱਚਤ ਕੀਤੀ ਗਈ ਸੀ।

ਇਹ ਦਰਸਾਉਂਦਾ ਹੈ ਕਿ ਬਜਟਰੀ ਵੰਡਾਂ ਗੈਰ-ਵਿਵਹਾਰਕ ਪ੍ਰਸਤਾਵਾਂ ਤੇ ਅਧਾਰਤ ਸਨ।

### 3.5.2 ਬਜਟ ਵਿੱਚ ਕੀਤੇ ਮੁੱਖ ਨੀਤੀਗਤ ਐਲਾਨ ਅਤੇ ਇਨ੍ਹਾਂ ਨੂੰ ਲਾਗੂ ਕਰਨ ਨੂੰ ਯਕੀਨੀ ਬਣਾਉਣ ਲਈ ਇਨ੍ਹਾਂ ਦੀ ਅਸਲ ਫੰਡਿੰਗ

ਸਕੀਮ ਦੇ ਦਿਸ਼ਾ ਨਿਰਦੇਸ਼ਾਂ/ਰੂਪ ਰੇਖਾ ਦੀ ਪ੍ਰਵਾਨਗੀ ਨਾ ਹੋਣ, ਪ੍ਰਸ਼ਾਸਨਿਕ ਮਨਜ਼ੂਰੀ ਦੇ ਨਾ ਮਿਲਣ ਕਰਕੇ ਕੰਮਾਂ ਦੇ ਸ਼ੁਰੂ ਨਾ ਹੋਣ, ਬਜਟ ਦੇ ਜਾਰੀ ਨਾ ਹੋਣ, ਆਦਿ ਕਾਰਣ, ਸਰਕਾਰ ਦੁਆਰਾ ਲਈਆਂ ਗਈਆਂ ਕਈ ਨੀਤੀਗਤ ਪਹਿਲਕਦਮੀਆਂ ਨੂੰ ਪੂਰੀ ਤਰਾਂ ਜਾਂ ਅੰਸ਼ਿਕ ਤੌਰ ਤੇ ਅਮਲ ਵਿੱਚ ਨਹੀਂ ਲਿਆਂਦਾ ਜਾਂਦਾ ਹੈ। ਇਹ ਲਾਭਪਾਤਰੀਆਂ ਨੂੰ ਚਿਤਵੇਂ ਲਾਭਾਂ ਤੋਂ ਵਾਂਝਾ ਕਰਦਾ ਹੈ। ਅਜਿਹੀਆਂ ਸਕੀਮਾਂ ਵਿੱਚ ਬੱਚਤਾਂ ਦੂਜੇ ਵਿਭਾਗਾਂ ਨੂੰ ਫੰਡਾਂ ਤੋਂ ਵਾਂਝਾ ਕਰਦੀਆਂ ਹਨ, ਜਿਨ੍ਹਾਂ ਨੂੰ ਕਿ ਉਹ ਵਰਤ ਸਕਦੇ ਸਨ।

ਇਹ ਵੇਖਿਆ ਗਿਆ ਸੀ ਕਿ 10 ਸਕੀਮਾਂ ਅਧੀਨ, ₹ 2,488.00 ਕਰੋੜ (ਹਰ ਸਕੀਮ ਵਿੱਚ ₹ 100 ਕਰੋੜ ਜਾਂ ਵੱਧ) ਦਾ ਪ੍ਰਵਾਨਤ ਆਊਟਲੇਅ ਸੀ ਪਰ ਕੋਈ ਵੀ ਖਰਚਾ ਨਹੀਂ ਕੀਤਾ ਗਿਆ ਸੀ, ਜਿਸ ਦੇ ਸਿੱਟੇ ਵਜੋਂ ਸਕੀਮਾਂ ਲਾਗੂ ਨਹੀਂ ਹੋਈਆਂ, ਜਿਵੇ ਕਿ **ਸਾਰਣੀ** 3.11 ਵਿੱਚ ਵੇਰਵਾ ਦਿੱਤਾ ਗਿਆ ਹੈ।

**ਸਾਰਣੀ 3.11: ਸਕੀਮਾਂ ਦੇ ਵੇਰਵੇ ਜਿਨ੍ਹਾਂ ਲਈ ਉਪਬੰਧ (₹ 100 ਕਰੋੜ ਅਤੇ ਵੱਧ) ਕੀਤਾ ਗਿਆ ਸੀ, ਪ੍ਰੰਤੂ ਕੋਈ ਵੀ ਖਰਚਾ ਨਹੀ ਕੀਤਾ ਗਿਆ ਸੀ**

*(₹ ਕਰੋੜ ਵਿੱਚ)*

| ਲੜੀ ਨੰ. | ਗ੍ਰਾਂਟ ਨੰਬਰ | ਲੇਖੇ ਦੀ ਮੱਦ | ਪ੍ਰਵਾਨਿਤ ਆਊਟਲੇਅ | ਸੋਧਿਆ ਆਊਟਲੇਅ |
|---|---|---|---|---|
| 1. | 01-ਖੇਤੀਬਾੜੀ | 2401-00-109-14- ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ | 168.00 | 84.00 |
| 2. | 08-ਵਿੱਤ | 6003-00-101-01- ਵਿਆਜਯੋਗ ਮਾਰਕੀਟ ਕਰਜ਼ੇ-61-8.83 *ਪ੍ਰਤੀਸ਼ਤ* ਪੰਜਾਬ ਸਰਕਾਰ ਦਾ ਸਟਾਕ 2018 | 1,000.00 | 1,000.00 |
| 3. | | 6003-00-101-01- ਵਿਆਜਯੋਗ ਮਾਰਕੀਟ ਕਰਜ਼ੇ-83.8.44 *ਪ੍ਰਤੀਸ਼ਤ* ਪੰਜਾਬ ਸਰਕਾਰ ਦਾ ਸਟਾਕ 2020 | 200.00 | 200.00 |
| 4. | 17-ਸਥਾਨਕ ਸਰਕਾਰ | 3604-00-200-12- ਰਾਜ ਵਿੱਚ ਸ਼ਰਾਬ ਉੱਤੇ ਚੂੰਗੀ ਖਤਮ ਕਰਨ ਦੇ ਬਦਲੇ ਵਿੱਚ ਮਿਊਂਸਪਲ ਕਮੇਟੀਆਂ/ਕਾਰਪੋਰੇਸ਼ਨਾਂ/ਨੋਟੀਫਾਈਡ ਏਰੀਆ ਕਮੇਟੀਆਂ ਨੂੰ ਸਹਾਇਤਾ ਗ੍ਰਾਂਟਾਂ | 155.00 | 170.90 |
| 5. | | 4217-60-789-38-ਸ਼ਹਿਰੀ ਨਵੀਨੀਕਰਣ ਮਿਸ਼ਨ-500 ਬਸਤੀਆਂ | 115.00 | 64.40 |
| 6. | 20-ਪਾਵਰ | 2801-80-101-02-ਪੰਜਾਬ ਪਾਵਰ ਕਾਰਪੋਰੇਸ਼ਨ ਲਿਮਟਿਡ ਨੂੰ ਸਹਾਇਤਾ–01 –ਧਾਰਾ 1.2 (1) ਦੇ ਅਨੁਸਾਰ ਯੂ ਡੀ ਏ ਵਾਈ ਸਕੀਮਾਂ ਅਧੀਨ ਨੁਕਸਾਨ ਲਈ ਮੁਆਵਜ਼ਾ | 150.00 | 150.00 |
| 7. | 21-ਲੋਕ ਨਿਰਮਾਣ | 5054-03-337-46- ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ–03–ਨਾਬਾਰਡ (ਪੇਂਡੂ ਬੁਨਿਆਦੀ ਢਾਂਚਾ ਵਿਕਾਸ ਫੰਡ)-(XXIV) | 100.00 | 110.00 |
| 8. | 23-ਪੇਂਡੂ ਵਿਕਾਸ ਅਤੇ ਪੰਚਾਇਤਾਂ | 4515-00-103-42-ਸਮਾਰਟ ਵਿਲੇਜ ਸਕੀਮ | 300.00 | 16.20 |
| 9. | | 4515-00-789-31- ਸਮਾਰਟ ਵਿਲੇਜ ਸਕੀਮ | 200.00 | 10.80 |
| 10. | 32-ਜੰਗਲਾਤ ਅਤੇ ਜੰਗਲੀ ਜੀਵਨ | 2406-04-904-01-ਸਟੇਟ ਕੰਪਨਸੇਟਰੀ ਅਫੋਰਸਟੇਸ਼ਨ ਫੰਡ (ਐਸ ਸੀ ਏ ਐਫ) | 1,00.00 | 1,00.00 |
| | | **ਜੋੜ** | **2,488.00** | **1,906.30** |

*ਸ੍ਰੋਤ: ਨਿਮਿੱਤਣ ਲੇਖੇ*

ਅੱਗੇ, 15 ਸਕੀਮਾਂ ਅਧੀਨ, ₹ 606.95 ਕਰੋੜ ਦਾ ਮਨਜ਼ੂਰਸ਼ੁਦਾ ਆਉਟਲੇਅ ਸੀ ਜਿਸ ਨੂੰ ਕਿ ਸੋਧੇ ਹੋਏ ਆਉਟਲੇਅ ਵਿੱਚ ਵਾਪਸ ਲੈ ਲਿਆ ਗਿਆ ਸੀ, ਜਿਵੇ ਕਿ **ਸਾਰਣੀ** 3.12 ਵਿੱਚ ਵੇਰਵਾ ਦਿੱਤਾ ਗਿਆ ਹੈ। ਇਹ ਦਰਸਾਉਂਦਾ ਹੈ ਕਿ ਬਜਟਰੀ ਵੰਡਾ ਗੈਰ-ਵਿਵਹਾਰਕ ਪ੍ਰਸਤਾਵਾਂ ਤੇ ਆਧਾਰਿਤ ਸਨ।

**ਸਾਰਣੀ 3.12: ਸਕੀਮਾਂ ਦੇ ਵੇਰਵੇ ਜਿਨ੍ਹਾਂ ਲਈ ਉਪਬੰਧ (₹ 10 ਕਰੋੜ ਅਤੇ ਵੱਧ) ਕੀਤਾ ਗਿਆ ਸੀ, ਪ੍ਰੰਤੂ ਸੋਧਿਤ ਆਊਟਲੇਅ ਵਿੱਚ ਵਾਪਸ ਲੈ ਲਿਆ ਗਿਆ ਸੀ**

*(₹ ਕਰੋੜ ਵਿੱਚ)*

| ਲੜੀ ਨੰ. | ਗ੍ਰਾਂਟ ਨੰਬਰ | ਲੇਖੇ ਦੀ ਮੱਦ | ਮਨਜ਼ੂਰਸ਼ੁਦਾ ਆਉਟਲੇਅ | ਸੋਧਿਆ ਆਉਟਲੇਅ |
|---|---|---|---|---|
| 1. | 05-ਸਿੱਖਿਆ | 4202-01-203-25-ਨਵੇਂ ਕਾਲਜਾ ਦੀ ਉਸਾਰੀ -02- ਸੁਲਤਾਨਪੁਰ ਲੋਧੀ ਵਿਖੇ ਬੇਬੇ ਨਾਨਕੀ ਸਰਕਾਰੀ ਕਾਲਜ (ਲੜਕੀਆਂ) ਦੀ ਸਥਾਪਨਾ- | 10.00 | 00 |
| 2. | 09-ਖੁਰਾਕ ਅਤੇ ਸਪਲਾਈਜ਼ | 2408-01-103-01-ਗ੍ਰਾਮ ਸਮ੍ਰਿਧੀ ਯੋਜਨਾ (ਇੰਡੀਆ ਫੂਡ ਪ੍ਰੋਸੈਸਿੰਗ ਅਤੇ ਪ੍ਰੋਗਰਾਮ)- | 90.00 | 00 |
| 3. | | 2408-01-789-01- ਗ੍ਰਾਮ ਸਮ੍ਰਿਧੀ ਯੋਜਨਾ (ਇੰਡੀਆ ਫੂਡ ਪ੍ਰੋਸੈਸਿੰਗ ਅਤੇ ਵੈਲਿਊ ਐਡੀਸ਼ਨ ਪਾਇਲਟ ਪ੍ਰੋਗਰਾਮ)- | 30.00 | 00 |
| 4. | 15-ਜਲ ਸਰੋਤ | 4711-03-103-63- ਪੰਜਾਬ ਦੇ ਦੱਖਣ-ਪੱਛਮੀ ਜਿਲ੍ਹਿਆਂ ਵਿੱਚ ਸੇਮ ਦੀ ਸਮੱਸਿਆ ਨੂੰ ਹੱਲ ਕਰਨ ਲਈ ਏਕੀਕ੍ਰਿਤ ਪ੍ਰੋਜੈਕਟ (ਵਧੀਕ ਕੇਂਦਰੀ ਸਹਾਇਤਾ) | 112.80 | 00 |
| 5. | 17-ਸਥਾਨਕ ਸਰਕਾਰ | 4217-60-051-14-ਸੌ ਸਮਾਰਟ ਸ਼ਹਿਰਾਂ ਦੇ ਵਿਕਾਸ ਲਈ ਮਿਸ਼ਨ - 01-ਗਰੀਨ ਜਨਤਕ ਟਰਾਂਸਪੋਰਟ | 80.00 | 00 |
| 6. | | 4217-60-051-14-ਸੌ ਸਮਾਰਟ ਸ਼ਹਿਰਾਂ ਦੇ ਵਿਕਾਸ ਲਈ ਮਿਸ਼ਨ - 02-ਆਈਕਾਨਿਕ ਸ਼ਹਿਰ ਅੰਮ੍ਰਿਤਸਰ | 10.00 | 00 |
| 7. | | 4217-60-051-15- ਸ਼ਹਿਰੀ ਨਵੀਨੀਕਰਣ ਮਿਸ਼ਨ-500 ਬਸਤੀਆਂ- ਏ ਐਮ ਆਰ ਯੂ ਟੀ -01- ਪਟਿਆਲਾ ਲਈ ਨਹਿਰ ਅਧਾਰਤ ਜਲ ਸਪਲਾਈ (ਏ ਡੀ ਬੀ) | 50.00 | 00 |
| 8. | | 4217-60-051-15- ਸ਼ਹਿਰੀ ਨਵੀਨੀਕਰਣ ਮਿਸ਼ਨ-500 ਬਸਤੀਆਂ- ਏ ਐਮ ਆਰ ਯੂ ਟੀ -02- ਜਲੰਧਰ ਲਈ ਨਹਿਰ ਅਧਾਰਤ ਜਲ ਸਪਲਾਈ (ਏ ਡੀ ਬੀ)- | 50.00 | 00 |
| 9. | | 4217-60-051-15- ਸ਼ਹਿਰੀ ਨਵੀਨੀਕਰਣ ਮਿਸ਼ਨ - 500 ਬਸਤੀਆਂ- ਏ ਐਮ ਆਰ ਯੂ ਟੀ -03-ਅੰਮ੍ਰਿਤਸਰ ਲਈ ਨਹਿਰ ਅਧਾਰਤ ਜਲ ਸਪਲਾਈ (ਵਿਸ਼ਵ ਬੈਂਕ) | 50.00 | 00 |
| 10. | | 4217-60-051-15- ਸ਼ਹਿਰੀ ਨਵੀਨੀਕਰਣ ਮਿਸ਼ਨ-500 ਬਸਤੀਆਂ- ਏ ਐਮ ਆਰ ਯੂ ਟੀ -04-ਲੁਧਿਆਣਾ ਲਈ ਨਹਿਰ ਅਧਾਰਤ ਜਲ ਸਪਲਾਈ (ਵਿਸ਼ਵ ਬੈਂਕ) | 50.00 | 00 |
| 11. | | 4217-60-789-12- ਜਵਾਹਰ ਲਾਲ ਨਹਿਰੂ ਸ਼ਹਿਰੀ ਨਵੀਨੀਕਰਨ ਮਿਸ਼ਨ (1) ਸ਼ਹਿਰੀ ਬੁਨਿਆਦੀ ਢਾਂਚਾ ਅਤੇ ਸ਼ਾਸਨ | 17.02 | 00 |
| 12. | 25-ਸਮਾਜਿਕ ਸੁੱਰਖਿਆ, ਮਹਿਲਾਵਾਂ ਅਤੇ ਬਾਲ ਭਲਾਈ | 4235-02-101-04- ਅਪਾਹਜ ਵਿਅਕਤੀਆਂ ਲਈ ਐਕਟ, 1995 ਨੂੰ ਲਾਗੂ ਕਰਨ ਲਈ ਸਕੀਮ (ਐਸ ਪੀ ਆਈ ਡੀ ਏ) | 10.50 | 00 |
| 13. | 27-ਤਕਨੀਕੀ ਸਿੱਖਿਆ ਅਤੇ ਸਿਖਲਾਈ | 2203-00-102-02-ਮਹਾਰਾਜਾ ਰਣਜੀਤ ਸਿੰਘ ਪੰਜਾਬ ਤਕਨੀਕੀ ਯੂਨੀਵਰਸਿਟੀ ਬਠਿੰਡਾ ਨੂੰ ਸਹਾਇਤਾ | 17.00 | 00 |
| 14. | | 2230-03-003-66- ਪੰਜਾਬ ਹੁਨਰ ਵਿਕਾਸ ਮਿਸ਼ਨ ਸੁਸਾਇਟੀ ਨੂੰ ਸਹਾਇਤਾ ਗ੍ਰਾਂਟਾਂ-03 ਪ੍ਰਧਾਨ ਮੰਤਰੀ ਕੌਸ਼ਲ ਵਿਕਾਸ ਯੋਜਨਾ | 13.88 | 00 |
| 15. | | 2501-06-102-01- ਪੰਜਾਬ ਹੁਨਰ ਵਿਕਾਸ ਮਿਸ਼ਨ ਸੁਸਾਇਟੀ ਨੂੰ ਸਹਾਇਤਾ-01 ਦੀਨ ਦਿਆਲ ਉਪਾਧਿਆਏ ਗ੍ਰਾਮੀਣ ਕੌਸ਼ਲਿਆ ਯੋਜਨਾ | 15.75 | 00 |
| **ਜੋੜ** | | | **606.95** | **00** |

*ਸ੍ਰੋਤ: ਨਿਮਿਤੱਣ ਲੇਖੇ*

ਬਜਟ ਦੀ ਗੈਰ-ਵਿਵਹਾਰਕ ਵੰਡ, ਜਿਸ ਕਰਕੇ ਸਕੀਮਾਂ ਲਾਗੂ ਨਹੀਂ ਹੋਈਆ ਸਨ, ਬਾਰੇ ਸਰਕਾਰ ਵੱਲੋਂ ਸਪਸ਼ਟੀਕਰਣ ਨਹੀਂ ਦਿੱਤਾ ਗਿਆ ਸੀ।

### 3.5.3 ਪੁਨਰ ਨਿਮਿੱਤਣ ਨਾਲ ਸਬੰਧਤ ਵਿੱਤੀ ਸ਼ਕਤੀਆਂ ਦੀ ਉਲੰਘਣਾ

ਪੰਜਾਬ ਬਜਟ ਮੈਨੂਅਲ ਦਾ ਪੈਰ੍ਹਾ 14.5 (v) ਵਿਵਸਥਾ ਕਰਦਾ ਹੈ ਕਿ ਵਿੱਤੀ ਵਰ੍ਹੇ ਦੀ ਸਮਾਪਤੀ ਤੋਂ ਬਾਅਦ ਪੁਨਰ ਨਿਮਿੱਤਣ ਦੀ ਆਗਿਆ ਨਹੀਂ ਹੈ। ਜਦੋਂਕਿ, ਇਹ ਵੇਖਿਆ ਗਿਆ ਸੀ ਕਿ ਮਹਾਂ ਲੇਖਾਕਾਰ (ਲੇਖਾ ਅਤੇ ਹੱਕਦਾਰੀ), ਪੰਜਾਬ ਦੁਆਰਾ ₹ 2,054.71 ਕਰੋੜ ਦੀ ਰਾਸ਼ੀ ਦੇ ਤਿੰਨ ਪੁਨਰ ਨਿਮਿੱਤਣ ਦੇ ਆਦੇਸ਼ਾਂ ਨੂੰ ਰੱਦ ਕਰ ਦਿੱਤਾ ਗਿਆ ਸੀ ਕਿਉਂਕਿ ਇਹ ਵਿੱਤੀ ਵਰ੍ਹੇ ਦੀ ਸਮਾਪਤੀ ਤੋਂ ਬਾਅਦ ਬਗੈਰ ਕਿਸੇ ਤਰਕਸੰਗਤ ਕਾਰਣਾਂ ਦੇ ਜਾਰੀ ਕੀਤੇ ਗਏ ਸਨ।

ਇਸ ਤੋਂ ਇਲਾਵਾ, ਅਸੈਂਬਲੀ ਦੁਆਰਾ ਨਿਸ਼ਚਿਤ ਉਦੇਸ਼ ਲਈ ਵੋਟਡ ਪੂਰਕ ਗ੍ਰਾਂਟਾਂ ਦਾ ਕਿਸੇ ਵੀ ਉਦੇਸ਼ ਲਈ, ਜੋ ਕਿ ਕੁਝ ਵੀ ਹੋਵੇ, ਪੁਨਰ ਨਿਮਿੱਤਣ ਨਹੀਂ ਕੀਤਾ ਜਾਵੇਗਾ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਪੂਰਕ ਗ੍ਰਾਂਟਾਂ ਦੀ ਵਰਤੋਂ ਉਨ੍ਹਾਂ ਉਦੇਸ਼ਾਂ ਲਈ ਹੀ ਕੀਤੀ ਜਾ ਸਕੇ ਜਿਨ੍ਹਾਂ ਲਈ ਵੋਟ ਕੀਤਾ ਗਿਆ ਸੀ ਅਤੇ ਕਿਸੇ ਹੋਰ ਉਦੇਸ਼ ਲਈ ਨਹੀਂ। ਪ੍ਰੰਤੂ, ਇਹ ਵੇਖਿਆ ਗਿਆ ਸੀ ਕਿ ਅਸੈਂਬਲੀ ਦੁਆਰਾ ਨਿਸ਼ਚਿਤ ਉਦੇਸ਼ ਲਈ ਵੋਟ ਕੀਤੇ ₹ 18 ਕਰੋੜ ਦੀ ਰਾਸ਼ੀ ਦੇ ਦੋ ਪੁਨਰ ਨਿਮਿੱਤਣ ਜਾਰੀ ਕੀਤੇ ਗਏ ਸਨ, ਜਿਨ੍ਹਾਂ ਦਾ ਵੇਰਵਾ **ਸਾਰਣੀ** 3.13 ਵਿੱਚ ਦਿੱਤਾ ਗਿਆ ਹੈ।

**ਸਾਰਣੀ 3.13: ਪੂਰਕ ਗ੍ਰਾਂਟਾਂ ਤੋਂ ਜਾਰੀ ਹੋਏ ਪੁਨਰ ਨਿਮਿੱਤਣ ਦੇ ਵੇਰਵੇ**

*(₹ ਕਰੋੜ ਵਿੱਚ)*

| ਲੜੀ ਨੰ. | ਲੇਖੇ ਦੀ ਮੱਦ | ਮੂਲ ਬਜਟ | ਪੂਰਕ | ਪੁਨਰ-ਨਿਮਿੱਤਣ | ਜੋੜ | ਖਰਚਾ | ਬੱਚਤਾਂ |
|---|---|---|---|---|---|---|---|
| 1. | 3604-00-200-27-ਪੰਜਾਬ ਮਿਊਂਸਿਪਲ ਬੁਨਿਆਦੀ ਢਾਂਚਾ ਵਿਕਾਸ ਫੰਡ (ਪੀ ਐਮ ਆਈ ਡੀ ਐਫ ਐਕਟ 2011) | 100.00 | 17.41 | (-)17.41 | 100.00 | 100.00 | 0 |
| 2. | 3053-80-800-01-ਹਵਾਈ ਜਹਾਜ਼ ਦਾ ਰੱਖ ਰਖਾਵ | 10.13 | 5.50 | (-)0.59 | 15.04 | 12.03 | (-)3.01 |
| **ਜੋੜ** | | **110.13** | **22.91** | **(-)18.00** | **115.04** | **112.03** | **(-)3.01** |

*ਸ੍ਰੋਤ: ਨਿਮਿੱਤਣ ਲੇਖੇ*

### 3.5.4 ਖਰਚੇ ਵਿੱਚ ਤੇਜ਼ੀ

ਆਮ ਵਿੱਤੀ ਨਿਯਮਾਵਲੀ ਦਾ ਨਿਯਮ 56 ਇਹ ਵਿਵਸਥਾ ਕਰਦਾ ਹੈ ਕਿ ਖਾਸ ਤੌਰ ਤੇ ਵਿੱਤੀ ਸਾਲ ਦੇ, ਅਖੀਰਲੇ ਮਹੀਨਿਆਂ ਵਿੱਚ ਖਰਚਾ ਕਰਨ ਵਿੱਚ ਤੇਜ਼ੀ ਨੂੰ ਵਿੱਤੀ ਉਚਿਤਤਾ ਦੀ ਉਲੰਘਣਾ ਸਮਝਿਆ ਜਾਵੇ ਅਤੇ ਇਸ ਤੋਂ ਬਚਣਾ ਚਾਹੀਦਾ ਹੈ।

ਲੇਖਾ ਪ੍ਰੀਖਿਆ ਪੜਤਾਲ ਨੇ ਦਰਸਾਇਆ ਕਿ ਚਾਰ ਮਾਮਲਿਆਂ ਵਿੱਚ ਜਿਵੇਂ ਕਿ **ਸਾਰਣੀ** 3.14 ਵਿੱਚ ਦਿੱਤਾ ਗਿਆ ਹੈ, ਸਾਲ ਦੀ ਚੌਥੀ ਤਿਮਾਹੀ ਵਿੱਚ 20 *ਪ੍ਰਤੀਸ਼ਤ* ਟੀਚੇ ਦੇ ਵਿਰੁੱਧ, 53.64 *ਪ੍ਰਤੀਸ਼ਤ* ਅਤੇ 96.52 *ਪ੍ਰਤੀਸ਼ਤ* ਦੀ ਰੇਂਜ ਵਿਚਕਾਰ ਖਰਚਾ ਕੀਤਾ ਗਿਆ ਸੀ ਅਤੇ ਕੇਵਲ ਮਾਰਚ 2020 ਦੇ ਮਹੀਨੇ ਦੌਰਾਨ ਕੀਤਾ ਗਿਆ ਖਰਚਾ 51.58 ਅਤੇ 87.18 *ਪ੍ਰਤੀਸ਼ਤ* ਦੀ ਰੇਂਜ ਵਿਚਕਾਰ ਸੀ। ਇਸ ਤੋਂ ਇਲਾਵਾ, 21 ਉਪ- ਮੱਦਾਂ ਵਿੱਚ ₹ 21,483.93 ਕਰੋੜ ਦਾ ਸਾਰਾ ਖਰਚਾ ਕੇਵਲ ਮਾਰਚ 2020 ***(ਅੰਤਿਕਾ 3.9)*** ਦੇ ਮਹੀਨੇ ਵਿੱਚ ਕੀਤਾ ਗਿਆ ਸੀ।

**ਸਾਰਣੀ 3.14: ਕੇਵਲ ਮਾਰਚ 2020 ਵਿੱਚ 50 *ਪ੍ਰਤੀਸ਼ਤ* ਤੋਂ ਵੱਧ ਖਰਚੇ ਵਾਲੀਆਂ ਮੁੱਖ ਮੱਦਾਂ**

*(₹ ਕਰੋੜ ਵਿੱਚ)*

| ਲੜੀ ਨੰ. | ਮੁੱਖ ਮੱਦ | ਵੇਰਵਾ | ਚੌਥੀ ਤਿਮਾਹੀ | 2019-20 ਦੌਰਾਨ ਕੁੱਲ ਖਰਚਾ | ਮਾਰਚ 2020 ਦੌਰਾਨ ਖਰਚਾ | ਕੁੱਲ ਖਰਚੇ ਦੀ ਪ੍ਰਤੀਸ਼ਤਤਾ ਵਜੋਂ ਚੌਥੀ ਤਿਮਾਹੀ ਵਿੱਚ ਖਰਚਾ | ਕੁੱਲ ਖਰਚੇ ਦੀ ਪ੍ਰਤੀਸ਼ਤਤਾ ਵਜੋਂ ਮਾਰਚ 2020 ਵਿੱਚ ਖਰਚਾ |
|---|---|---|---|---|---|---|---|
| 1. | 2852 | ਉਦਯੋਗ | 1,696.34 | 1,757.49 | 1,182.61 | 96.52 | 67.29 |
| 2. | 3054 | ਸੜਕਾਂ ਅਤੇ ਪੁੱਲਾਂ | 489.19 | 547.96 | 477.73 | 89.27 | 87.18 |
| 3. | 4217 | ਸ਼ਹਿਰੀ ਵਿਕਾਸ ਉੱਤੇ ਪੂੰਜੀਗਤ ਆਊਟਲੇਅ | 173.72 | 323.86 | 167.05 | 53.64 | 51.58 |
| 4. | 4700 | ਮੁੱਖ ਸਿੰਜਾਈ ਤੇ ਪੂੰਜੀਗਤ ਆਊਟਲੇਅ | 92.96 | 132.54 | 87.29 | 70.14 | 65.86 |

*ਸ੍ਰੋਤ: ਮਹਾਂ ਲੇਖਾਕਾਰ (ਲੇਖਾ ਤੇ ਹੱਕਦਾਰੀ) ਪੰਜਾਬ ਦੇ ਦਫਤਰ ਵੱਲੋਂ ਦਿੱਤੀ ਗਈ ਸੂਚਨਾ*

**ਚਾਰਟ 3.7: ਸਾਲ 2019-20 ਦੌਰਾਨ ਮੁੱਖ ਮੱਦ 3054-ਸੜ੍ਹਕਾਂ ਅਤੇ ਪੁਲਾਂ ਦਾ ਮਹੀਨਾਵਾਰ ਖਰਚਾ**

*(₹ ਕਰੋੜ ਵਿੱਚ)*




*ਸ੍ਰੋਤ: ਮਹਾਂ ਲੇਖਾਕਾਰ (ਲੇਖਾ ਤੇ ਹੱਕਦਾਰੀ), ਪੰਜਾਬ ਦਾ ਦਫਤਰ*

ਇਹ ਵੇਖਿਆ ਗਿਆ ਸੀ ਕਿ ਮੁੱਖ ਮੱਦ 3054-ਸੜ੍ਹਕਾਂ ਅਤੇ ਪੁਲਾਂ ਅਧੀਨ ਪੂਰੇ ਸਾਲ ਵਿੱਚ ₹ 547.96 ਕਰੋੜ ਖਰਚੇ ਦੀ ਤੁਲਨਾ ਵਿੱਚ, ਮਾਰਚ 2020 ਵਿੱਚ ₹ 477.73 ਕਰੋੜ (87 *ਪ੍ਰਤੀਸ਼ਤ*) ਦਾ ਭਾਰੀ ਖਰਚਾ ਕੀਤਾ ਗਿਆ ਸੀ ਪ੍ਰੰਤੂ ਸਰਕਾਰ ਦੁਆਰਾ ਇਸ ਬਾਰੇ ਕੋਈ ਸਪਸ਼ਟੀਕਰਣ ਨਹੀਂ ਦਿੱਤਾ ਗਿਆ ਸੀ।

## 3.5.5 ਚੁਣੀਆਂ ਹੋਈਆਂ ਗ੍ਰਾਂਟਾਂ ਦੀ ਸਮੀਖਿਆ

ਦੋ ਚੁਣੀਆਂ ਹੋਈਆਂ ਗ੍ਰਾਂਟਾਂ ਭਾਵ 01-ਖੇਤੀਬਾੜੀ ਅਤੇ 08-ਵਿੱਤ, ਨਾਲ ਸਬੰਧਤ ਬਜਟਰੀ ਪ੍ਰੀਕ੍ਰਿਆ ਅਤੇ ਖਰਚੇ ਉੱਤੇ ਕੰਟਰੋਲ ਦੀ ਸਮੀਖਿਆ ਕੀਤੀ ਗਈ ਸੀ ਜਿਨ੍ਹਾਂ ਵਿੱਚ ਅਸਲ ਗ੍ਰਾਂਟਾਂ, ਪੂਰਕ ਮੰਗਾਂ ਅਤੇ ਅਸਲ ਖਰਚੇ ਵਿੱਚ ਬਦਲਾਅ ਦੇ ਅਕਾਰ ਦਾ ਵਿਸ਼ਲੇਸ਼ਣ ਕੀਤਾ ਗਿਆ ਸੀ।

### *3.5.5.1 ਗ੍ਰਾਂਟ ਨੰਬਰ 01 – ਖੇਤੀਬਾੜੀ*

#### *(i) ਜਾਣ-ਪਛਾਣ*

ਗ੍ਰਾਂਟ 01-ਖੇਤੀਬਾੜੀ ਵਿੱਚ ਮੁੱਖ ਮੱਦ 2401-ਫਸਲ ਪਾਲਣ, 2402-ਭੂਮੀ ਅਤੇ ਜਲ ਸੰਭਾਲ, 2406-ਜੰਗਲਾਤ ਅਤੇ ਜੰਗਲੀ ਜੀਵਨ, 2415-ਖੇਤੀਬਾੜੀ ਖੋਜ ਅਤੇ ਸਿੱਖਿਆ, 4059-ਲੋਕ ਨਿਰਮਾਣ ਉੱਤੇ ਪੂੰਜੀਗਤ ਆਊਟਲੇਅ ਅਤੇ 4401-ਫਸਲ ਪਾਲਣ ਤੇ ਪੂੰਜੀਗਤ ਆਊਟਲੇਅ, ਸ਼ਾਮਲ ਹਨ।

#### *(ii) ਬਜਟ ਅਤੇ ਖਰਚਾ*

ਪਿਛਲੇ ਤਿੰਨ ਸਾਲਾਂ (2017-18 ਤੋਂ 2019-20) ਲਈ ਇਸ ਗ੍ਰਾਂਟ ਦੀਆਂ ਫੰਕਸ਼ਨਲ ਮੱਦਾਂ ਅਧੀਨ ਬਜਟ ਉਪਬੰਧਾਂ, ਅਸਲ ਅਦਾਇਗੀਆਂ ਅਤੇ ਬੱਚਤਾਂ ਦੀ ਸੱਮੁਚੀ ਸਥਿਤੀ **ਸਾਰਣੀ** 3.15 ਵਿੱਚ ਦਿੱਤੀ ਗਈ ਹੈ।

## ਸਾਰਣੀ 3.15: ਸਾਲ 2017-18 ਤੋਂ 2019-20 ਦੌਰਾਨ ਬਜਟ ਅਤੇ ਖਰਚਾ

*(₹ ਕਰੋੜ ਵਿੱਚ)*

| ਸਾਲ | ਸੈਕਸ਼ਨ | ਬਜਟ ਉਪਬੰਧ | ਜੋੜ | ਖਰਚਾ | ਅਣਵਰਤਿਆਂ ਉਪਬੰਧ ਅਤੇ ਇਸ ਦੀ ਪ੍ਰਤੀਸ਼ਤਤਾ |
|---|---|---|---|---|---|
| 2017-18 | ਰੈਵੀਨਿਊ-ਮੂਲ (ਵੋਟਡ) | 10,577.34 | 10,657.13 | 6,923.03 | 3,734.10 (35.04) |
| | ਪੂਰਕ | 79.79 | | | |
| | ਰੈਵੀਨਿਊ-ਮੂਲ (ਚਾਰਜਡ) | 0.13 | 0.61 | 0.46 | 0.15 (24.59) |
| | ਪੂਰਕ | 0.48 | | | |
| | ਪੂੰਜੀਗਤ-ਮੂਲ (ਵੋਟਡ) | 3.52 | 3.52 | (-)6.50 | 10.02 (284.66) |
| | ਪੂਰਕ | 0 | | | |
| 2018-19 | ਰੈਵੀਨਿਊ-ਮੂਲ (ਵੋਟਡ) | 14,425.32 | 14,425.32 | 11,457.23 | 2,968.09 (20.58) |
| | ਪੂਰਕ | 0 | | | |
| | ਰੈਵੀਨਿਊ-ਮੂਲ (ਚਾਰਜਡ) | 0.01 | 0.11 | 0.09 | 0.02 (18.18) |
| | ਪੂਰਕ | 0.10 | | | |
| | ਪੂੰਜੀਗਤ-ਮੂਲ (ਵੋਟਡ) | 2.04 | 2.04 | 1.90 | 0.14 (6.86) |
| | ਪੂਰਕ | 0 | | | |
| 2019-20 | ਰੈਵੀਨਿਊ-ਮੂਲ (ਵੋਟਡ) | 13,292.10 | 13,292.10 | 7,499.91 | 5,792.19 (43.58) |
| | ਪੂਰਕ | 0 | | | |
| | ਰੈਵੀਨਿਊ-ਮੂਲ (ਚਾਰਜਡ) | 0.03 | 1.20 | 1.00 | 0.20 (16.67) |
| | ਪੂਰਕ | 1.17 | | | |
| | ਪੂੰਜੀਗਤ-ਮੂਲ (ਵੋਟਡ) | 6.24 | 6.24 | 1.90 | 4.34 (69.55) |
| | ਪੂਰਕ | 0 | | | |

*ਸ੍ਰੋਤ: ਨਿਮਿੱਤਣ ਲੇਖੇ*

2017-20 ਦੌਰਾਨ ਅਣਵਰਤਿਆਂ ਬਜਟ ਉਪਬੰਧ 6.86 *ਪ੍ਰਤੀਸ਼ਤ* ਅਤੇ 284.66 *ਪ੍ਰਤੀਸ਼ਤ* ਦੀ ਰੇਂਜ ਵਿਚਕਾਰ ਸੀ।

### *(iii) ਬੱਚਤਾਂ ਸਪੁਰਦ ਨਾ ਕਰਨਾ*

ਪੰਜਾਬ ਵਿੱਤੀ ਨਿਯਮਾਵਲੀ ਦੇ ਨਿਯਮ 17.20 ਅਨੁਸਾਰ ਜਿਵੇਂ ਅਤੇ ਜਦੋਂ ਬੱਚਤਾਂ ਦਾ ਅੰਦੇਸ਼ਾ ਹੋਵੇ ਤਾਂ ਗ੍ਰਾਂਟਾਂ/ਨਿਮਿੱਤਣਾਂ ਜਾਂ ਉਨ੍ਹਾਂ ਦੇ ਕੁੱਝ ਹਿੱਸੇ ਨੂੰ ਖਰਚ ਵਿਭਾਗਾਂ ਵੱਲੋਂ ਵਿੱਤ ਵਿਭਾਗ ਨੂੰ ਸਪੁਰਦ ਕਰਨ ਦੀ ਜ਼ਰੂਰਤ ਹੁੰਦੀ ਹੈ। 2017-20 ਦੌਰਾਨ ਗ੍ਰਾਂਟ-1-ਖੇਤੀਬਾੜੀ ਅਧੀਨ ਬੱਚਤਾਂ ਅਤੇ ਸਪੁਰਦਗੀਆਂ ਦੀ ਸਥਿਤੀ ਨੂੰ **ਸਾਰਣੀ** 3.16 ਵਿੱਚ ਦਰਸਾਇਆ ਗਿਆ ਹੈ।

## ਸਾਰਣੀ 3.16: ਬੱਚਤਾਂ ਸਪੁਰਦ ਨਾ ਕਰਨਾ

*(₹ ਕਰੋੜ ਵਿੱਚ)*

| ਸਾਲ | ਬੱਚਤਾਂ | | | ਸਪੁਰਦ ਕੀਤੀ ਗਈ ਰਾਸ਼ੀ (ਪ੍ਰਤੀਸ਼ਤਤਾ) | | |
|---|---|---|---|---|---|---|
| | ਰੈਵੀਨਿਊ (ਵੋਟਡ) | ਰੈਵੀਨਿਊ (ਚਾਰਜਡ) | ਪੂੰਜੀਗਤ (ਵੋਟਡ) | ਰੈਵੀਨਿਊ (ਵੋਟਡ) | ਰੈਵੀਨਿਊ (ਚਾਰਜਡ) | ਪੂੰਜੀਗਤ (ਵੋਟਡ) |
| 2017-18 | 3,734.11 | 0.15 | 10.02 | 1,305.11 (34.95) | 0.00 | 1.42 (14.17) |
| 2018-19 | 2,968.09 | 0.02 | 0.14 | 2,592.03 (87.33) | 0.00 | 0.09 (64.29) |
| 2019-20 | 5,792.19 | 0.20 | 4.34 | 2,650.59 (45.76) | 0.00 | 2.14 (49.31) |

*ਸ੍ਰੋਤ: ਨਿਮਿਤਣ ਲੇਖੇ*

*ਬਰੈਕਟਾਂ ਵਿੱਚ ਦਿੱਤੀ ਰਾਸ਼ੀ ਕੁੱਲ ਬੱਚਤਾਂ ਦੀ ਪ੍ਰਤੀਸ਼ਤਤਾ ਨੂੰ ਦਰਸਾਉਂਦੀ ਹੈ*

### *(iv) ਨਿਰੰਤਰ ਬੱਚਤਾਂ*

ਇਹ ਵੇਖਿਆ ਗਿਆ ਸੀ ਕਿ 2017-18 ਤੋਂ 2019-20 ਦੌਰਾਨ ਹਰ ਸਾਲ ਕੁਝ ਲੇਖਿਆਂ ਦੀਆਂ ਮੱਦਾਂ ਵਿੱਚ ਬਜਟ ਦੀ ਵੰਡ ਦਾ ਵੱਡਾ ਹਿੱਸਾ ਅਣਵਰਤਿਆ ਰਿਹਾ, ਜੋਕਿ ਸਬੰਧਤ ਸਾਲਾਂ ਵਿੱਚ ਪ੍ਰੋਜੈਕਟਿਡ ਵਿੱਤੀ ਆਊਟਲੇਅ ਨੂੰ ਪ੍ਰਾਪਤ ਨਾ ਕਰਨ ਵੱਲ ਸੰਕੇਤ ਕਰਦਾ ਹੈ ਜਿਵੇਂ ਕਿ **ਸਾਰਣੀ 3.17** ਵਿੱਚ ਦਰਸਾਇਆ ਗਿਆ ਹੈ।

**ਸਾਰਣੀ 3.17: ਗ੍ਰਾਂਟ ਨੰ. 01 ਅਧੀਨ ਨਿਰੰਤਰ ਬਚਤਾਂ**

*(₹ ਕਰੋੜ ਵਿੱਚ)*

| ਲੜੀ ਨੰ. | ਲੇਖੇ ਦੀ ਮੱਦ | 2017-18 | 2018-19 | 2019-20 |
|---|---|---|---|---|
| 1. | 2401-00-001-01-ਨਿਰਦੇਸ਼ਨ | 9.30 (4.79) | 20.01 (9.13) | 15.24 (6.75) |
| 2. | 2401-00-111-05-ਖੇਤੀਬਾੜੀ ਜਨਗਣਨਾ | 0.99 (68.75) | 0.36 (48) | 1.02 (79.06) |
| 3. | 2401-00-111-07-ਸਿੰਜਾਈ ਅੰਕੜਿਆਂ ਦੀ ਤਰਕਸੰਗਤਤਾ | 1.75 (77.43) | 0.56 (36.36) | 2.13 (93.01) |
| 4. | 2402-00-102-20- ਨੈਸ਼ਨਲ ਮਿਸ਼ਨ ਆਨ ਮਾਈਕਰੋ ਇਰੀਗੇਸ਼ਨ | 0.68 (57.63) | 1.97 (58.81) | 0.51 (15.22) |

*ਸ੍ਰੋਤ: ਨਿਮਿੱਤਣ ਲੇਖੇ*

ਬਰੈਕਟ ਵਿੱਚ ਦਿੱਤੀ ਰਾਸ਼ੀ ਕੁਲ ਉਪਬੰਧਾਂ ਨੂੰ ਬੱਚਤਾਂ ਦੀ ਪ੍ਰਤੀਸ਼ਤਤਾ ਦਰਸਾਉਂਦੀ ਹੈ

## *3.5.5.2 ਗ੍ਰਾਂਟ ਨੰ. 08-ਵਿੱਤ*

### *(i) ਜਾਣ-ਪਛਾਣ*

ਗ੍ਰਾਂਟ 08 - ਵਿੱਤ ਵਿੱਚ, ਮੁੱਖ ਮੱਦਾਂ 2047- ਹੋਰ ਵਿੱਤੀ ਸੇਵਾ, 2048- ਕਰਜ਼ੇ ਵਿੱਚ ਕਟੌਤੀ ਕਰਨ ਜਾਂ ਇਸ ਤੋਂ ਬਚਣ ਲਈ ਨਿਮਿੱਤਣ, 2049- ਵਿਆਜ ਅਦਾਇਗੀਆਂ, 2054 - ਖਜ਼ਾਨਾ ਅਤੇ ਲੇਖਾ ਪ੍ਰਸ਼ਾਸਨ, 2070- ਹੋਰ ਪ੍ਰਸ਼ਾਸਨਿਕ ਸੇਵਾਵਾਂ, 2071- ਪੈਨਸ਼ਨ ਅਤੇ ਹੋਰ ਰਿਟਾਇਰਮੈਂਟ ਲਾਭ, 2075-ਫੁੱਟਕਲ ਆਮ ਸੇਵਾਵਾਂ, 2235- ਸਮਾਜਿਕ ਸੁਰੱਖਿਆ ਅਤੇ ਭਲਾਈ, 3451-ਸੱਕਤਰੇਤ-ਆਰਥਿਕ ਸੇਵਾਵਾਂ, 6003- ਰਾਜ ਸਰਕਾਰ ਦਾ ਅੰਦਰੂਨੀ ਕਰਜ਼ਾ, 6004- ਕੇਂਦਰ ਸਰਕਾਰ ਵਲੋਂ ਕਰਜ਼ੇ ਅਤੇ ਪੇਸ਼ਗੀਆਂ, 7610-ਸਰਕਾਰੀ ਕਰਮਚਾਰੀਆਂ ਨੂੰ ਕਰਜ਼ੇ ਆਦਿ ਅਤੇ 7615-ਫੁਟਕਲ ਕਰਜ਼ੇ, ਸ਼ਾਮਲ ਹਨ।

### *(ii) ਬਜਟ ਅਤੇ ਖਰਚਾ*

ਪਿਛਲੇ ਤਿੰਨ ਸਾਲਾਂ ਲਈ ਇਸ ਗ੍ਰਾਂਟ ਦੀਆਂ ਫੰਕਸ਼ਨਲ ਮੱਦਾਂ ਅਧੀਨ ਬਜਟ ਉਪਬੰਧਾਂ, ਅਸਲ ਅਦਾਇਗੀਆਂ ਅਤੇ ਬੱਚਤਾਂ ਦੀ ਸਮੁੱਚੀ ਸਥਿਤੀ ਨੂੰ **ਸਾਰਣੀ 3.18** ਵਿੱਚ ਦਿੱਤਾ ਗਿਆ ਹੈ।

## ਸਾਰਣੀ 3.18: ਸਾਲ 2017-18 ਤੋਂ 2019-20 ਦੌਰਾਨ ਬਜਟ ਅਤੇ ਖਰਚਾ

*(₹ ਕਰੋੜ ਵਿੱਚ)*

| ਸਾਲ | ਸੈਕਸ਼ਨ | ਬਜਟ ਉਪਬੰਧ | ਜੋੜ | ਖਰਚਾ | ਅਣਵਰਤੇ ਉਪਬੰਧ ਅਤੇ ਇਸਦੀ ਪ੍ਰਤੀਸ਼ਤਤਾ |
|---|---|---|---|---|---|
| 2017-18 | ਰੈਵੀਨਿਊ-ਮੂਲ (ਵੋਟਡ) | 11,087.10 | 11,087.10 | 10,737.64 | 349.46 (3.25) |
| | ਪੂਰਕ | 0 | | | |
| | ਰੈਵੀਨਿਊ-ਮੂਲ (ਚਾਰਜਡ) | 14,910.50 | 15,174.73 | 15,333.97 | ਬਜਟ ਉਪਬੰਧ ਤੋਂ ਵੱਧ ਖਰਚਾ |
| | ਪੂਰਕ | 264.23 | | | |
| | ਪੂੰਜੀਗਤ-ਮੂਲ (ਵੋਟਡ) | 50.11 | 50.11 | 37.78 | 12.33 (24.61) |
| | ਪੂਰਕ | 0 | | | |
| | ਪੂੰਜੀਗਤ-ਮੂਲ (ਚਾਰਜਡ) | 34,985.96 | 35,029.64 | 34,969.58 | 60.06 (0.17) |
| | ਪੂਰਕ | 43.68 | | | |
| 2018-19 | ਰੈਵੀਨਿਊ-ਮੂਲ (ਵੋਟਡ) | 12,622.54 | 12,622.54 | 11,607.79 | 1,014.75 (8.04) |
| | ਪੂਰਕ | 0 | | | |
| | ਰੈਵੀਨਿਊ-ਮੂਲ (ਚਾਰਜਡ) | 16,260.10 | 16,311.55 | 16,306.17 | 5.38 (0.03) |
| | ਪੂਰਕ | 51.45 | | | |
| | ਪੂੰਜੀਗਤ-ਮੂਲ (ਵੋਟਡ) | 74.70 | 74.70 | 34.06 | 40.64 (54.40) |
| | ਪੂਰਕ | 0 | | | |
| | ਪੂੰਜੀਗਤ-ਮੂਲ (ਚਾਰਜਡ) | 36,109.99 | 38,623.32 | 37,770.93 | 852.39 (2.21) |
| | ਪੂਰਕ | 2,513.33 | | | |
| 2019-20 | ਰੈਵੀਨਿਊ-ਮੂਲ (ਵੋਟਡ) | 12,658.69 | 12,658.69 | 11,585.62 | 1,073.07 (8.48) |
| | ਪੂਰਕ | 0 | | | |
| | ਰੈਵੀਨਿਊ-ਮੂਲ (ਚਾਰਜਡ) | 17,669.26 | 17,868.10 | 17,810.64 | 57.46 (0.32) |
| | ਪੂਰਕ | 198.84 | | | |
| | ਪੂੰਜੀਗਤ-ਮੂਲ (ਵੋਟਡ) | 51.60 | 51.60 | 30.06 | 21.54 (41.74) |
| | ਪੂਰਕ | 0 | | | |
| | ਪੂੰਜੀਗਤ-ਮੂਲ (ਚਾਰਜਡ) | 44,639.92 | 44,639.92 | 39,573.90 | 5,066.02 (11.35) |
| | ਪੂਰਕ | 0 | | | |

*ਸ੍ਰੋਤ; ਨਿਮਿਤੱਣ ਲੇਖੇ*

ਸਾਲ 2017-18 ਦੌਰਾਨ ਰੈਵੀਨਿਊ (ਵੋਟਡ) ਅਤੇ ਪੂੰਜੀਗਤ ਸੈਕਸ਼ਨ ਅਧੀਨ ਅਣਵਰਤੇ ਬਜਟ ਉਪਬੰਧ 0.17 *ਪ੍ਰਤੀਸ਼ਤ* ਅਤੇ 24.61 *ਪ੍ਰਤੀਸ਼ਤ ਦੀ* ਰੇਂਜ ਦੇ ਵਿਚਕਾਰ ਸਨ। ਜਦੋਂਕਿ ਸਾਲ 2017-18 ਦੌਰਾਨ ਰੈਵੀਨਿਊ ਚਾਰਜਡ ਸੈਕਸ਼ਨ ਅਧੀਨ ਬਜਟ ਉਪਬੰਧ ਨਾਲੋਂ ਵੱਧ ਖਰਚਾ ਧਿਆਨ ਵਿੱਚ ਆਇਆ ਸੀ। ਸਾਲ 2018-19 ਅਤੇ 2019-20 ਦੌਰਾਨ ਅਣਵਰਤਿਆ ਬਜਟ ਉਪਬੰਧ 0.03 *ਪ੍ਰਤੀਸ਼ਤ* ਅਤੇ 54.40 *ਪ੍ਰਤੀਸ਼ਤ* ਦੀ ਰੇਂਜ ਵਿਚਕਾਰ ਸੀ।

### (iii) ਬੱਚਤਾਂ ਸਪੁਰਦ ਨਾ ਕਰਨਾ

ਪੰਜਾਬ ਵਿੱਤੀ ਨਿਯਮਾਵਲੀ ਦਾ ਨਿਯਮ 17.20 ਵਿਵਸਥਾ ਕਰਦਾ ਹੈ ਕਿ ਜਿਵੇਂ ਅਤੇ ਜਦੋਂ ਵੀ ਬੱਚਤਾਂ ਦਾ ਅੰਦੇਸ਼ਾ ਹੋਵੇ ਤਾਂ ਅਜਿਹੀਆਂ ਗ੍ਰਾਂਟਾਂ/ਨਿਮਿੱਤਣਾਂ ਜਾਂ ਉਨ੍ਹਾਂ ਦੇ ਕੁੱਝ ਹਿੱਸੇ ਨੂੰ ਖਰਚ ਕਰਨ ਵਾਲੇ ਵਿਭਾਗਾਂ ਵੱਲੋਂ ਵਿੱਤ ਵਿਭਾਗ ਨੂੰ ਸਪੁਰਦ ਕਰਨ ਦੀ ਜ਼ਰੂਰਤ ਹੁੰਦੀ ਹੈ। ਇਸ ਵਿਵਸਥਾ ਦੀ ਉਲੰਘਣਾ ਕੀਤੀ ਗਈ ਸੀ ਕਿਉਂਜੋ 2017-18 ਅਤੇ 2019-20 ਦੌਰਾਨ ਕੋਈ ਵੀ ਬਚਤਾਂ ਸਪੁਰਦ ਨਹੀਂ ਕੀਤੀਆ ਗਈਆਂ ਸਨ ਅਤੇ 2018-19 ਦੌਰਾਨ ਰੈਵੀਨਿਊ ਅਤੇ ਪੂੰਜੀਗਤ (ਚਾਰਜਡ) ਸੈਕਸ਼ਨਾਂ ਅਧੀਨ ਕੋਈ ਵੀ ਬੱਚਤਾਂ ਸਪੁਰਦ ਨਹੀਂ ਕੀਤੀਆਂ ਗਈਆਂ ਸਨ। ਅਣਵਰਤੇ ਉਪਬੰਧ ਨੂੰ ਸਪੁਰਦ ਕਰਨ ਦੀ ਸਥਿਤੀ ਨੂੰ **ਸਾਰਣੀ** 3.19 ਵਿੱਚ ਦਰਸਾਇਆ ਗਿਆ ਹੈ।

**ਸਾਰਣੀ 3.19: ਬੱਚਤਾਂ ਸਪੁਰਦ ਨਾ ਕਰਨਾ**

*(₹ ਕੋਰੜ ਵਿੱਚ)*

| ਸਾਲ | ਬੱਚਤਾਂ | | | | ਸਪੁਰਦ ਕੀਤੀ ਗਈ ਰਾਸ਼ੀ (ਪ੍ਰਤੀਸ਼ਤਤਾ) | | | |
|---|---|---|---|---|---|---|---|---|
| | ਰੈਵੀਨਿਊ (ਵੋਟਡ) | ਰੈਵੀਨਿਊ (ਚਾਰਜਡ) | ਪੂੰਜੀਗਤ (ਵੋਟਡ) | ਪੂੰਜੀਗਤ (ਚਾਰਜਡ) | ਰੈਵੀਨਿਊ (ਵੋਟਡ) | ਰੈਵੀਨਿਓ (ਚਾਰਜਡ) | ਪੂੰਜੀਗਤ (ਵੋਟਡ) | ਪੂੰਜੀਗਤ (ਚਾਰਜਡ) |
| 2017-18 | 349.45 | 0 | 12.33 | 60.06 | 0 | 0 | 0 | 0 |
| 2018-19 | 1,014.75 | 5.38 | 40.64 | 852.39 | 936.84 (92.32) | 0 | 28.45 (70.00) | 0 |
| 2019-20 | 1,073.07 | 57.46 | 21.54 | 5,066.02 | 0 | 0 | 0 | 0 |

*ਸ੍ਰੋਤ: ਨਿਮਿਤੱਣ ਲੇਖੇ*

*ਬਰੈਕਟਾਂ ਵਿਚਲੇ ਅੰਕ ਕੁੱਲ ਬਚਤਾਂ ਦੀ ਪ੍ਰਤੀਸ਼ਤਤਾ ਨੂੰ ਦਰਸਾਉਂਦੇ ਹਨ*

### (iv) ਨਿਰੰਤਰ ਬੱਚਤਾਂ

ਇਹ ਵੇਖਿਆ ਗਿਆ ਸੀ ਕਿ ਸਾਲ 2017-18 ਤੋਂ 2019-20 ਦੌਰਾਨ ਹਰ ਸਾਲ ਕੁੱਝ ਲੇਖਿਆਂ ਦੀਆਂ ਮੱਦਾਂ ਅਧੀਨ ਬਜਟ ਵੰਡ ਦਾ ਇੱਕ ਵੱਡਾ ਹਿੱਸਾ ਅਣਵਰਤਿਆ ਰਿਹਾ ਜੋ ਕਿ ਸਬੰਧਤ ਸਾਲਾਂ ਵਿੱਚ ਪ੍ਰੋਜੈਕਟ ਕੀਤੇ ਗਏ ਵਿੱਤੀ ਆਉਟਲੇਅ ਦੇ ਪ੍ਰਾਪਤ ਨਾ ਹੋਣ ਦਾ ਸੰਕੇਤ ਦੇ ਰਿਹਾ ਸੀ, ਜਿਵੇਂ ਕਿ **ਸਾਰਣੀ** 3.20 ਵਿੱਚ ਦਰਸਾਇਆ ਗਿਆ ਹੈ।

**ਸਾਰਣੀ 3.20: ਗ੍ਰਾਂਟ ਨੰ. 08 ਅਧੀਨ ਨਿਰੰਤਰ ਬੱਚਤਾਂ**

*(₹ ਕਰੋੜ ਵਿੱਚ)*

| ਲੜੀ ਨੰ. | ਲੇਖੇ ਦੀ ਮੱਦ | 2017-18 | 2018-19 | 2019-20 |
|---|---|---|---|---|
| | ਰੈਵੀਨਿਊ (ਵੋਟਡ) | | | |
| 1. | 2054-00-097-01-ਖਜ਼ਾਨਾ ਅਸ਼ਟੈਬਲਿਸ਼ਮੈਂਟ | 3.26 (10.23) | 0.69 (2.46) | 5.12 (15.83) |
| 2. | 2071-01-102-01-ਪੈਨਸ਼ਨ ਦਾ ਕਮਿਊਟਡ ਮੁੱਲ | 53.21 (19.26) | 4.96 (1.95) | 48.07 (17.94) |
| 3. | 2071-01-104-01-ਗਰੈਚੁਟੀਜ਼ | 118.59 (10.24) | 295.45 (27.51) | 438.04 (40.03) |
| 4. | 2071-01-115-01-ਲੀਵ ਐਨਕੈਸ਼ਮੈਂਟ ਲਾਭ | 133.52 (17.84) | 143.90 (20.56) | 114.89 (15.63) |
| 5. | 2075-00-103-01--ਇਨਾਮ | 12.96 (20.83) | 6.35 (15.88) | 627.16 (90.70) |

| ਲੜੀ ਨੰ. | ਲੇਖੇ ਦੀ ਮੱਦ | 2017-18 | 2018-19 | 2019-20 |
|---|---|---|---|---|
| | **ਰੈਵੀਨਿਊ (ਵੋਟਡ)** | | | |
| 6. | 2075-00-103-02-ਨਿਰਦੇਸ਼ਨ ਅਤੇ ਪ੍ਰਬੰਧਨ | 1.06 (20.42) | 0.33 (7.25) | 6.46 (56.92) |
| 7. | 2235-60-104-01-ਡਿਪਾਜ਼ਿਟ ਲਿੰਕਡ ਬੀਮਾ ਸਕੀਮ | 0.86 (50.29) | 0.93 (54.07) | 0.93 (53.45) |
| 8. | 3451-00-092-01-ਵਿੱਤੀ ਸਾਧਨ ਅਤੇ ਆਰਥਿਕ ਇੰਟੈਲੀਜੈਂਸ ਦਾ ਡਾਇਰੈਕਟੋਰੇਟ | 1.63 (62.69) | 1.11 (41.11) | 1.79 (51.44) |
| | **ਰੈਵੀਨਿਊ (ਚਾਰਜਡ)** | | | |
| 9. | 2049-01-115-01-ਰਿਜ਼ਰਵ ਬੈਂਕ ਆਫ ਇਡੀਆ ਤੋਂ ਵੇਅਜ਼ ਅਤੇ ਮੀਨਜ਼ ਪੇਸ਼ਗੀਆਂ ਉੱਤੇ ਵਿਆਜ | 12.50 (25) | 5.30 (18.60) | 10.10 (35.44) |
| | **ਪੂੰਜੀਗਤ (ਵੋਟਡ)** | | | |
| 10. | 7610-00-800-01-ਤਿਉਹਾਰਾਂ ਲਈ ਪੇਸ਼ਗੀਆਂ | 5.50 (23.91) | 9.67 (38.68) | 10.23 (40.92) |
| 11. | 7610-00-800-11- ਕਣਕ ਲਈ ਪੇਸ਼ਗੀਆਂ | 6.03 (23.19) | 2.37 (11.29) | 10.98 (42.23) |
| | **ਪੂੰਜੀਗਤ (ਚਾਰਜਡ)** | | | |
| 12. | 6004-02-105-01-ਬਾਰਵੇਂ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਸੰਕਲਿਤ ਕੀਤੇ ਗਏ ਰਾਜ ਪਲਾਨ ਕਰਜ਼ੇ | 24.34 (13.69) | 24.34 (13.69) | 24.34 (13.69) |

*ਸ੍ਰੋਤ: ਨਿਮਿਤੱਣ ਲੇਖੇ*

*ਬਰੈਕਟਾਂ ਵਿੱਚ ਰਾਸ਼ੀ ਕੁੱਲ ਉਪਬੰਧਾਂ ਨੂੰ ਬੱਚਤਾਂ ਦੀ ਪ੍ਰਤੀਸ਼ਤਤਾ ਦਰਸਾਉਂਦੀ ਹੈ*

### *(v) ਨਿਰੰਤਰ ਵਾਧਾ*

ਪਿਛਲੇਂ ਤਿੰਨ ਸਾਲਾਂ ਦੌਰਾਨ ਤਿੰਨ ਮਾਮਲਿਆਂ ਵਿੱਚ ਹਰ ਮਾਮਲੇ ਵਿੱਚ ₹ ਇਕ ਕਰੋੜ ਤੋਂ ਵੱਧ ਦਾ ਨਿਰੰਤਰ ਵੱਧ ਖਰਚਾ ਸੀ, ਜਿਵੇਂ ਕਿ **ਸਾਰਣੀ** 3.21 ਵਿੱਚ ਵੇਰਵਾ ਦਿੱਤਾ ਗਿਆ ਸੀ।

**ਸਾਰਣੀ 3.21: ਗ੍ਰਾਂਟ ਨੰ. 08 ਅਧੀਨ ਬਜਟ ਉਪਬੰਧ ਨਾਲੋਂ ਨਿਰੰਤਰ ਵੱਧ ਖਰਚਾ**

*(₹ ਕਰੋੜ ਵਿੱਚ)*

| ਲੜੀ ਨੰ. | ਲੇਖੇ ਦੀ ਮੱਦ | 2017-18 | 2018-19 | 2019-20 |
|---|---|---|---|---|
| | **ਰੈਵੀਨਿਊ (ਵੋਟਡ)** | | | |
| 1. | 2071-01-101-01-ਪੈਨਸ਼ਨ ਅਤੇ ਹੋਰ ਰਿਟਾਇਰਮੈਂਟ ਲਾਭ | 616.95 | 290.39 | 187.05 |
| 2. | 2049-01-101-01-ਮਾਰਕੀਟ ਕਰਜ਼ੇ ਉੱਤੇ ਵਿਆਜ | 1,324.01 | 1,306.95 | 85.23 |
| 3. | 2049-04-101-01-ਬਲਾਕ ਕਰਜ਼ਿਆਂ ਉੱਤੇ ਵਿਆਜ | 23.46 | 32.11 | 8.17 |
| | **ਜੋੜ** | **1,964.42** | **1,629.45** | **280.45** |

*ਸ੍ਰੋਤ: ਨਿਮਿਤੱਣ ਲੇਖੇ*

### *(vi) ਉਪਬੰਧਾਂ ਨਾਲੋਂ ਵੱਧ ਖਰਚੇ, ਜਿਨ੍ਹਾਂ ਦੀ ਨਿਯਮਤਤਾ ਲੋੜੀਂਦੀ ਸੀ*

ਭਾਰਤ ਦੇ ਸੰਵਿਧਾਨ ਦਾ ਅਨੁਛੇਦ 205 (I) (ਬੀ) ਵਿਵਸਥਾ ਕਰਦਾ ਹੈ ਕਿ ਜੇਕਰ ਕਿਸੇ ਵਿੱਤੀ ਸਾਲ ਦੌਰਾਨ ਕਿਸੇ ਸੇਵਾ ਤੇ, ਉਸ ਸੇਵਾ ਲਈ, ਪ੍ਰਦਾਨ ਕੀਤੀ ਗਈ ਰਾਸ਼ੀ ਨਾਲੋਂ ਕੋਈ ਵੱਧ ਖਰਚਾ ਹੋਇਆ ਹੋਵੇ ਤਾਂ ਰਾਜਪਾਲ ਵਲੋਂ ਰਾਜ ਦੀ ਵਿਧਾਨ ਸਭਾ ਦੇ ਸਨਮੁਖ ਅਜਿਹੇ ਵੱਧ ਖਰਚੇ ਲਈ ਮੰਗ ਪੇਸ਼ ਕਰਵਾਈ ਜਾਵੇਗੀ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਸਾਲ 2019-20 ਦੌਰਾਨ 12 ਸਕੀਮਾਂ ਅਧੀਨ ₹ 552.33 ਕਰੋੜ (***ਅੰਤਿਕਾ 3.8, ਲੜੀ ਨੰ. 2 ਤੋਂ 13***) ਦਾ ਵੱਧ ਖਰਚਾ ਕੀਤਾ ਗਿਆ ਸੀ, ਜਿਸ ਨੂੰ ਕਿ ਉਪਰ ਦੱਸੇ ਉਪਬੰਧਾਂ ਅਨੁਸਾਰ ਨਿਯਮਤ ਕਰਵਾਇਆ ਜਾ ਸਕਦਾ ਹੈ।

ਸਰਕਾਰ ਵੱਧ ਖਰਚੇ ਨੂੰ ਨਿਯਿਮਤ ਕਰਵਾਉਣ ਲਈ ਜ਼ਰੂਰੀ ਕਾਰਵਾਈ ਕਰਨ ਬਾਰੇ ਵਿਚਾਰ ਕਰ ਸਕਦੀ ਹੈ।

## 3.6 ਸਿੱਟੇ

ਰਾਜ ਦਾ ਬਜਟਰੀ ਸਿਸਟਮ ਲੋੜੀਂਦੇ ਪੱਧਰ ਤੱਕ ਨਹੀਂ ਸੀ, ਕਿਉਂਜੋ ਸਾਲ 2019-20 ਦੌਰਾਨ ਕੁੱਲ ਗ੍ਰਾਂਟਾਂ ਅਤੇ ਨਿਮਿੱਤਣਾਂ ਦੇ ਬਜਟ ਦੀ ਸਮੁੱਚੀ ਵਰਤੋਂ 83.23 *ਪ੍ਰਤੀਸ਼ਤ* ਸੀ। ਬਜਟ ਵੰਡਾਂ ਗੈਰ-ਵਿਵਹਾਰਕ ਪ੍ਰਸਤਾਵਾਂ ਤੇ ਅਧਾਰਤ ਸਨ ਕਿਉਂਜੋ ਕੁੱਲ 42 ਗ੍ਰਾਂਟਾਂ ਵਿੱਚੋਂ 17 ਗ੍ਰਾਂਟਾਂ ਵਿੱਚ, ਸਪੁਰਦਗੀਆਂ ਨੂੰ ਛੱਡਕੇ, ₹ 100 ਕਰੋੜ ਨਾਲੋਂ ਵੱਧ ਬੱਚਤਾਂ ਸਨ।

ਸਾਲ 2019-20 ਦੌਰਾਨ ਮੂਲ ਬਜਟ ਅਨੁਮਾਨਾਂ/ਪੂਰਕ ਮੰਗਾਂ ਵਿੱਚ ਬਗੈਰ ਕਿਸੇ ਬਜਟ ਉਪਬੰਧ ਦੇ ਅਤੇ ਇਸ ਸਬੰਧ ਵਿੱਚ ਬਗੈਰ ਕੋਈ ਪੁਨਰ-ਨਿਮਿੱਤਣ ਆਦੇਸ਼ ਜਾਰੀ ਕੀਤਿਆਂ ₹ 2,113.58 ਕਰੋੜ ਦਾ ਖਰਚਾ ਕੀਤਾ ਗਿਆ ਸੀ।

ਪੂਰਕ ਉਪਬੰਧ ਵਿਵਹਾਰਕਤਾ ਤੇ ਵੀ ਅਧਾਰਤ ਨਹੀਂ ਸਨ ਕਿਉਂਜੋ 24 ਮਾਮਲਿਆਂ ਵਿੱਚ ਪੂਰਕ ਉਪਬੰਧ ਗੈਰ-ਜ਼ਰੂਰੀ ਸਨ। ਸਾਲ ਦੇ ਬਿਲਕੁੱਲ ਅਖੀਰ ਵਿੱਚ ਖਰਚ ਕਰਨ ਵਿੱਚ ਤੇਜ਼ੀ ਸੀ। ਚਾਰ ਮੁੱਖ ਮੱਦਾਂ ਵਿੱਚ ਸਾਲ 2019-20 ਦੌਰਾਨ ਹਰ ਇੱਕ ਮੁੱਖ ਮੱਦ ਅਧੀਨ 50 *ਪ੍ਰਤੀਸ਼ਤ* ਤੋਂ ਜ਼ਿਆਦਾ ਖਰਚਾ ਮਾਰਚ 2020 ਦੇ ਮਹੀਨੇ ਵਿੱਚ ਕੀਤਾ ਗਿਆ ਸੀ।

ਸਾਲ 2019-20 ਦੌਰਾਨ ਦੋ ਗ੍ਰਾਂਟਾਂ ਅਤੇ ਇੱਕ ਨਿਮਿੱਤਣ ਵਿੱਚ ₹ 468.21 ਕਰੋੜ ਦਾ ਖਰਚਾ ਰਾਜ ਵਿਧਾਨਪਾਲਿਕਾ ਵੱਲੋਂ ਦਿੱਤੇ ਅਧਿਕਾਰ ਨਾਲੋਂ ਵੱਧ ਸੀ ਜੋ ਕਿ ਬਜਟਰੀ ਅਤੇ ਵਿੱਤੀ ਕੰਟਰੋਲ ਦੇ ਸਿਸਟਮ ਨੂੰ ਬੇਅਸਰ ਕਰਦਾ ਹੈ। ਸਾਲ 2015-16 ਤੋਂ 2018-19 ਦੇ ਸਮੇਂ ਲਈ ₹ 37,269.28 ਕਰੋੜ ਦਾ ਵੱਧ ਖਰਚਾ ਵੀ ਰਾਜ ਵਿਧਾਨਪਾਲਿਕਾ ਤੋਂ ਨਿਯਮਤ ਕਰਵਾਉਣਾ ਲੋੜੀਂਦਾ ਹੈ।

10 ਸਕੀਮਾਂ ਅਧੀਨ ₹ 2,488.00 ਕਰੋੜ (ਹਰ ਸਕੀਮ ਵਿੱਚ ₹ 100 ਕਰੋੜ ਜਾਂ ਵੱਧ) ਦਾ ਪ੍ਰਵਾਨਿਤ ਆਉਟਲੇਅ ਸੀ ਪ੍ਰੰਤੂ ਕੋਈ ਖਰਚਾ ਨਹੀਂ ਕੀਤਾ ਗਿਆ ਸੀ। ਇਸ ਤੋਂ ਇਲਾਵਾ, 15 ਸਕੀਮਾਂ ਅਧੀਨ ₹ 606.95 ਕਰੋੜ ਦਾ ਪ੍ਰਵਾਨਿਤ ਆਉਟਲੇਅ ਸੀ, ਜਿਸ ਨੂੰ ਕਿ ਸੋਧੇ ਹੋਏ ਆਉਟਲੇਅ ਵਿੱਚ ਵਾਪਸ ਲੈ ਲਿਆ ਗਿਆ ਸੀ, ਜਿਸ ਨੇ ਕਿ ਲਾਭਪਾਤਰੀਆਂ ਨੂੰ ਚਿਤਵੇ ਲਾਭਾਂ ਤੋਂ ਵਾਂਝੇ ਰੱਖਿਆ।

## 3.7 ਸਿਫਾਰਸ਼ਾਂ

(i) ਸਰਕਾਰ ਨੂੰ ਵੱਡੀਆਂ ਬੱਚਤਾਂ ਅਤੇ ਪੂਰਕ ਉਪਬੰਧਾਂ ਤੋਂ ਬਚਣ ਲਈ, ਸਾਧਨਾਂ ਦੀ ਉਪਲੱਬਧਤਾ ਅਤੇ ਖਰਚੇ ਦੀ ਸੰਭਾਵਨਾ ਦੀ ਸਹੀ ਅਸੈਸਮੈਂਟ ਦਾ ਸਹਾਰਾ ਲੈਂਦੇ ਹੋਏ, ਵਿਵਹਾਰਕ ਬਜਟ ਅਨੁਮਾਨ ਤਿਆਰ ਕਰਨੇ ਚਾਹੀਦੇ ਹਨ;

(ii) ਸਰਕਾਰ ਨੂੰ ਗੈਰ–ਜ਼ਰੂਰੀ ਪੂਰਕ ਉਪਬੰਧਾਂ ਤੋਂ ਬਚਣ ਲਈ, ਪੂਰਕ ਉਪਬੰਧ ਬਣਾਉਣ ਲਈ ਬਜਟ ਮੈਨੂਅਲ ਦੇ ਉਪਬੰਧਾਂ ਦੀ ਸਖਤੀ ਨਾਲ ਪਾਲਣਾ ਕਰਨ ਅਤੇ ਅਨੁਮਾਨਾਂ ਵਿੱਚ ਪਾਰਦਰਸ਼ਤਾ ਲਿਆਉਣ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ;

(iii) ਸਰਕਾਰ ਬਜਟਰੀ ਅਨੁਮਾਨ ਤਿਆਰ ਕਰਨ ਸਮੇਂ, ਰਾਜ ਵਿੱਚ ਵੱਡੇ ਨੀਤੀਗਤ ਫੈਸਲਿਆਂ ਨੂੰ ਅਸਲ ਵਿੱਚ ਅਮਲ ਵਿੱਚ ਲਿਆਉਣ ਲਈ ਰਣਨੀਤੀਆਂ ਬਣਾਉਣ ਬਾਰੇ ਵਿਚਾਰ ਕਰ ਸਕਦੀ ਹੈ; ਅਤੇ

(iv) ਸਰਕਾਰ ਨੂੰ, ਸਾਲ ਦੇ ਅੰਤ ਵਿੱਚ ਖਰਚੇ ਵਿੱਚ ਤੇਜ਼ੀ ਤੋਂ ਬਚਣ ਲਈ ਅਤੇ ਸਮੇਂ ਸਿਰ ਸਪੁਰਦਗੀ ਰਾਹੀਂ ਬੱਚਤਾਂ ਦੀ ਉਚਿਤ ਵਰਤੋਂ ਕਰਨ ਲਈ, ਖਰਚਾ ਕਰਨ ਲਈ ਤੈਅ ਕੀਤੇ ਗਏ ਤਿਮਾਹੀ ਟੀਚਿਆਂ ਦੀ ਸਮੇਂ ਸਮੇਂ ਤੇ ਨਿਗਰਾਨੀ ਕਰਕੇ, ਪਾਲਣਾ ਕਰਨੀ ਚਾਹੀਦੀ ਹੈ।

# ਅਧਿਆਇ-IV

# ਲੇਖਿਆਂ ਅਤੇ ਵਿੱਤੀ ਰਿਪੋਰਟਿੰਗ ਦੇ ਪ੍ਰਚਲਨਾਂ ਦੀ ਗੁਣਵੱਤਾ

# ਅਧਿਆਇ-IV

## ਲੇਖਿਆਂ ਅਤੇ ਵਿੱਤੀ ਰਿਪੋਰਟਿੰਗ ਦੇ ਪ੍ਰਚਲਨਾਂ ਦੀ ਗੁਣਵੱਤਾ

ਢੁਕਵੀਂ ਅਤੇ ਭਰੋਸੇਯੋਗ ਸੂਚਨਾ ਵਾਲੀ ਇੱਕ ਮਜ਼ਬੂਤ ਅੰਦਰੂਨੀ ਵਿੱਤੀ ਰਿਪੋਰਟਿੰਗ ਪ੍ਰਣਾਲੀ, ਰਾਜ ਸਰਕਾਰ ਦੁਆਰਾ ਨਿਪੁੰਨ ਅਤੇ ਅਸਰਦਾਰ ਸ਼ਾਸਨ ਪ੍ਰਬੰਧ ਚਲਾਉਣ ਵਿੱਚ ਮਹੱਤਵਪੂਰਣ ਯੋਗਦਾਨ ਪਾਉਂਦੀ ਹੈ। ਇੰਜ, ਵਿੱਤੀ ਨਿਯਮਾਂ, ਪ੍ਰਕਿਆਵਾਂ ਅਤੇ ਆਦੇਸ਼ਾਂ ਦੀ ਪਾਲਣਾ ਕਰਨ ਦੇ ਨਾਲ ਨਾਲ ਇਸ ਪਾਲਣਾ ਦੀ ਸਥਿਤੀ ਬਾਰੇ ਸਮੇਂ ਸਿਰ ਅਤੇ ਗੁਣਵੱਤਾ ਭਰਪੂਰ ਵਿੱਤੀ ਰਿਪੋਰਟਿੰਗ ਦਾ ਹੋਣਾ, ਇਕ ਚੰਗੇ ਸ਼ਾਸਨ ਪ੍ਰਬੰਧ ਦੇ ਗੁਣਾਂ ਵਿੱਚੋਂ ਇੱਕ ਹੈ। ਪਾਲਣਾ ਅਤੇ ਕੰਟ੍ਰੋਲਾਂ ਉੱਤੇ ਰਿਪੋਰਟਾਂ, ਜੇਕਰ ਅਸਰਦਾਰ ਅਤੇ ਆਪ੍ਰੇਸ਼ਨਲ ਹੋਣ ਤਾਂ ਇਹ ਸਰਕਾਰ ਦੁਆਰਾ ਨੀਤੀਗਤ ਯੋਜਨਾਬੰਦੀ ਕਰਨ ਅਤੇ ਫੈਸਲੇ ਲੈਣ ਸਮੇਤ ਇਸ ਦੀਆਂ ਮੁਢਲੀਆਂ ਪ੍ਰਬੰਧਕੀ ਜ਼ਿੰਮੇਵਾਰੀਆਂ ਨੂੰ ਨਿਭਾਉਣ ਵਿੱਚ ਸਹਾਈ ਹੁੰਦੀਆਂ ਹਨ।

## ਲੇਖਿਆਂ ਦੀ ਮੁਕੰਮਲਤਾ ਨਾਲ ਸਬੰਧਤ ਮਾਮਲੇ

### 4.1 ਰਾਜ ਦੇ ਸੰਚਿਤ ਫੰਡ ਜਾਂ ਲੋਕ ਲੇਖੇ ਤੋਂ ਬਾਹਰ ਫੰਡ

ਭਾਰਤ ਦੇ ਸੰਵਿਧਾਨ ਦੇ ਅਨੁਛੇਦ 267 ਦੇ ਉਪਬੰਧਾਂ ਅਧੀਨ, ਅਨੁਛੇਦ 266 (I) ਵਿਵਸਥਾ ਕਰਦਾ ਹੈ ਕਿ ਕਿਸੇ ਰਾਜ ਸਰਕਾਰ ਦੁਆਰਾ ਪ੍ਰਾਪਤ ਕੀਤੇ ਗਏ ਸਾਰੇ ਰੈਵੀਨਿਊ, ਸਰਕਾਰ ਦੁਆਰਾ ਖਜ਼ਾਨਾ ਬਿਲ ਜਾਰੀ ਕਰਕੇ ਲਏ ਗਏ ਸਾਰੇ ਕਰਜ਼ੇ, ਕਰਜ਼ੇ ਜਾਂ ਵੇਅਜ਼ ਅਤੇ ਮੀਨਜ਼ ਪੇਸ਼ਗੀਆਂ ਅਤੇ ਉਸ ਸਰਕਾਰ ਦੁਆਰਾ ਕਰਜ਼ਾ ਵਾਪਸੀ ਵਜੋਂ ਪ੍ਰਾਪਤ ਕੀਤੇ ਗਏ ਸਾਰੇ ਧਨ ਨਾਲ "ਰਾਜ ਦਾ ਸੰਚਿਤ ਫੰਡ" ਨਾਮਕ ਇਕ ਸੰਚਿਤ ਫੰਡ ਬਣੇਗਾ। ਅਨੁਛੇਦ 266 (2) ਵਿਵਸਥਾ ਕਰਦਾ ਹੈ ਕਿ ਰਾਜ ਸਰਕਾਰ ਦੁਆਰਾ ਜਾਂ ਸਰਕਾਰ ਦੀ ਤਰਫੋਂ ਪ੍ਰਾਪਤ ਕੀਤਾ ਗਿਆ ਹੋਰ ਸਾਰਾ ਜਨਤਕ ਧਨ, ਜਿਵੇਂ ਵੀ ਕੇਸ ਹੋਵੇ, ਲੋਕ ਲੇਖੇ ਵਿੱਚ ਜਮ੍ਹਾਂ ਹੋਵੇਗਾ।

ਵਿੱਤ ਵਿਭਾਗ, ਪੰਜਾਬ ਸਰਕਾਰ ਨੇ ਆਦੇਸ਼ ਦਿੱਤੇ (ਫਰਵਰੀ 2018) ਕਿ ਕਿਸੇ ਵੀ ਪ੍ਰਸ਼ਾਸਨਿਕ ਵਿਭਾਗ ਜਾਂ ਇਸ ਅਧੀਨ ਆਉਣ ਵਾਲੀਆਂ ਏਜੰਸੀਆਂ ਵਲੋਂ ਰਾਜ ਦੀ ਕਿਸੇ ਵੀ ਲੈਵੀਜ਼ (ਕਰ, ਡਿਊਟੀਆਂ, ਫੀਸਾਂ, ਯੂਜ਼ਰ ਚਾਰਜਜ਼, ਆਦਿ) ਅਤੇ ਧਨ ਪ੍ਰਾਪਤੀਆਂ ਨੂੰ ਆਪਣੇ ਕੋਲ ਨਹੀਂ ਰੱਖਿਆ ਜਾਵੇਗਾ। ਇਨ੍ਹਾਂ ਨੂੰ ਰਾਜ ਦੇ ਸੰਚਿਤ ਫੰਡ ਅਧੀਨ ਲੇਖੇ ਦੀ ਉਚਿਤ ਮੱਦ ਅਧੀਨ ਜਮ੍ਹਾਂ ਕਰਵਾਇਆ ਜਾਵੇਗਾ। ਅਜਿਹੇ ਫੰਡਾਂ ਨੂੰ ਆਪਣੇ ਕੋਲ ਰੱਖਣਾ ਜਾਂ ਇਨ੍ਹਾਂ ਦੀ ਦਿਸ਼ਾ ਬਦਲੀ ਕਰਨਾ ਕੇਵਲ ਵਿੱਤ ਵਿਭਾਗ ਤੋਂ ਵਿਸ਼ੇਸ ਅਧਿਕਾਰ ਮਿਲਣ ਤੇ ਹੀ ਕੀਤਾ ਜਾਵੇਗਾ, ਜੋ ਕਿ 31 ਮਾਰਚ 2018 ਤੱਕ ਨਵੇਂ ਸਿਰੇ ਤੋਂ ਹਾਸਲ ਕਰਨਾ ਹੋਵੇਗਾ।

ਇਹ ਵੇਖਿਆ ਗਿਆ ਹੈ ਕਿ ਸੰਚਿਤ ਫੰਡ ਵਿੱਚ ਜਮ੍ਹਾਂ ਕਰਵਾਉਣ ਲਈ ਬਣੇ ਫੰਡਾਂ ਨੂੰ ਰਾਜ ਦੇ ਸੰਚਿਤ ਫੰਡ ਤੋਂ ਬਾਹਰ ਰਖਿਆ ਗਿਆ ਸੀ, ਜਿਵੇਂ ਕਿ ਹੇਠਾਂ ਚਰਚਾ ਕੀਤੀ ਗਈ ਹੈ :

**ਸੈਸ/ਰਾਇਲਟੀ ਵਰਗੀਆਂ ਲੈਵੀਜ਼ ਦੀ ਉਗਰਾਹੀ** : ਵਿਸ਼ੇਸ ਮੰਤਵਾਂ ਲਈ ਖਰਚੇ ਦੀ ਪੂਰਤੀ ਲਈ ਰਾਜ ਸਰਕਾਰ ਨੇ ਵੱਖ-ਵੱਖ ਸੈੱਸਾਂ/ਫੀਸਾਂ ਲਾਈਆਂ ਅਤੇ ਵੱਖ ਵੱਖ ਫੰਡ ਬਣਾਏ। ਇਨ੍ਹਾਂ ਵਿੱਚੋਂ ਕੁੱਝ ਸੈੱਸਾਂ ਦੀ ਹੇਠਾਂ ਚਰਚਾ ਕੀਤੀ ਗਈ ਹੈ:

### (i) ਸਭਿਆਚਾਰਕ ਸੈੱਸ

ਰਾਜ ਸਰਕਾਰ ਨੇ, ਪੰਜਾਬ ਪੁਰਾਤਨ, ਇਤਿਹਾਸਕ ਸਮਾਰਕ, ਪੁਰਾਤੱਤਵ ਸਥਾਨਾਂ ਅਤੇ ਸਭਿਆਚਾਰਕ ਵਿਰਾਸਤ ਰੱਖ ਰਖਾਵ ਬੋਰਡ ਐਕਟ, 2013 ਅਧੀਨ, ₹ 50 ਕਰੋੜ (ਦਸੰਬਰ 2013 ਤੋਂ ਸੋਧ ਕੇ ₹ 15 ਕਰੋੜ ਕੀਤਾ ਗਿਆ) ਤੋਂ ਜ਼ਿਆਦਾ ਦੀ ਉਸਾਰੀ ਲਾਗਤ ਵਾਲੇ ਸੜ੍ਹਕਾਂ, ਪੁਲਾਂ, ਫਲਾਈਓਵਰਾਂ, ਪੁਲਾਂ ਉੱਤੇ ਸੜ੍ਹਕ/ਪੁੱਲਾਂ ਹੇਠ ਸੜ੍ਹਕ ਆਦਿ ਦੀ ਉਸਾਰੀ ਲਾਗਤ ਦੇ ਇੱਕ *ਪ੍ਰਤੀਸ਼ਤ* ਦੀ ਦਰ ਨਾਲ ਸਭਿਆਚਾਰਕ ਸੈੱਸ ਲਗਾਇਆ (ਅਪ੍ਰੈਲ 2013)। ਇਸ ਸੈੱਸ ਦੀ ਆਮਦਨ ਨੂੰ ਸਬੰਧਤ ਏਜੰਸੀਆਂ ਦੁਆਰਾ ਰਾਜ ਦੇ ਸੰਚਿਤ ਫੰਡ (ਸੀ ਐਫ ਐਸ) ਵਿੱਚ ਸਿੱਧੇ ਹੀ ਜਮ੍ਹਾ ਕਰਵਾਉਣਾ ਸੀ।

ਜਦੋਂਕਿ, ਇਹ ਵੇਖਿਆ ਗਿਆ ਸੀ ਕਿ ₹ 4.14 ਕਰੋੜ ਦੀ ਰਾਸ਼ੀ ਜੋਕਿ ਰਾਜ ਦੇ ਸੰਚਿਤ ਫੰਡ ਵਿੱਚ ਜਮ੍ਹਾਂ ਕਰਵਾਉਣੀ ਬਣਦੀ ਸੀ, ਮਾਰਚ 2020 ਤੱਕ ਕੁਲੈਕਟਿੰਗ ਏਜੰਸੀਆਂ ਕੋਲ ਪਈ ਸੀ। ਰਾਜ ਸਰਕਾਰ ਨੇ ਕਿਹਾ (ਜੂਨ 2021) ਕਿ ਲੋੜੀਂਦੀ ਕਾਰਵਾਈ ਕਰਨ ਲਈ ਸਬੰਧਤ ਵਿਭਾਗਾਂ ਨੂੰ ਹਦਾਇਤਾਂ ਜਾਰੀ ਕਰ ਦਿੱਤੀਆਂ ਜਾਣਗੀਆਂ।

### (ii) ਪੰਜਾਬ ਖੇਤੀਬਾੜੀ ਉਤਪਾਦ ਮੰਡੀਆਂ ਐਕਟ, 1961 ਅਧੀਨ ਉਗਰਾਹੀ ਗਈ ਮਾਰਕੀਟ ਫੀਸ

ਖੇਤੀਬਾੜੀ ਉਤਪਾਦ ਦੀ ਖਰੀਦ, ਵੇਚ, ਭੰਡਾਰਣ ਅਤੇ ਪ੍ਰੋਸੈਸਿੰਗ ਨੂੰ ਨਿਯਮਤ ਕਰਨ ਅਤੇ ਇਸ ਮੰਤਵ ਲਈ ਰਾਜ ਵਿੱਚ ਮੰਡੀਆ ਸਥਾਪਤ ਕਰਨ ਲਈ, ਰਾਜ ਸਰਕਾਰ ਨੇ ਪੰਜਾਬ ਖੇਤੀਬਾੜੀ ਉਤਪਾਦ ਮੰਡੀਆਂ ਐਕਟ 1961 (ਪੀ ਏ ਪੀ ਐਮ ਐਕਟ) ਨੋਟੀਫਾਈ ਕੀਤਾ (ਮਈ 1961), ਜਿਸ ਅਧੀਨ ਪੰਜਾਬ ਰਾਜ ਖੇਤੀਬਾੜੀ ਮੰਡੀਕਰਣ ਬੋਰਡ (ਪੀ ਐਸ ਏ ਐਮ ਬੀ) ਦੀ ਸਥਾਪਨਾ ਕੀਤੀ ਗਈ। ਐਕਟ ਦੇ ਅਨੁਭਾਗ 23 ਅਨੁਸਾਰ, ਨੋਟੀਫਾਈ ਕੀਤੇ ਗਏ ਮਾਰਕੀਟ ਖੇਤਰ ਵਿੱਚ ਲਾਇਸੈਂਸ ਧਾਰਕਾਂ ਵਲੋਂ ਖਰੀਦੇ ਜਾਂ ਵੇਚੇ ਗਏ ਖੇਤੀਬਾੜੀ ਉਤਪਾਦ ਤੇ ਹਰ ਇੱਕ ਸੌ ਰੁਪਏ ਲਈ ਇੱਕ ਰੁਪਏ ਅਤੇ ਪੰਜਾਹ ਪੈਸੇ ਦੀ ਦਰ ਨਾਲ, ਮੁੱਲ ਦੇ ਅਨੁਪਾਤ ਵਿੱਚ, ਇੱਕ ਫੀਸ ਲਗੇਗੀ। ਇਹ ਫੀਸ ਅੱਗੇ ਲਿਖੇ ਅਨੁਸਾਰ ਸੋਧੀ ਗਈ ਸੀ (2017) (i) ਲਾਇਸੈਂਸ ਧਾਰਕ ਵਲੋਂ ਨੋਟੀਫਾਈ ਕੀਤੇ ਗਏ ਮਾਰਕੀਟ ਖੇਤਰ ਵਿੱਚ ਵੇਚੇ ਜਾਂ ਖਰੀਦੇ ਗਏ ਖੇਤੀਬਾੜੀ ਉਤਪਾਦ ਤੇ ਹਰ ਸੌ ਰੁਪਏ ਪਿਛੇ ਵੱਧ ਤੋਂ ਵੱਧ ਤਿੰਨ ਰੁਪਏ ਦੀ ਦਰ ਨਾਲ ਫੀਸ; ਅਤੇ (ii) ਉਤਪਾਦਕ ਦੁਆਰਾ ਲਾਇਸੈਂਸ ਧਾਰਕ ਨੂੰ ਨੋਟੀਫਾਈ ਕੀਤੇ ਖੇਤਰ ਵਿੱਚ ਵੇਚਣ ਵੇਲੇ ਖੇਤੀਬਾੜੀ ਉਤਪਾਦ ਤੇ ਹਰ ਸੌ ਰੁਪਏ ਲਈ ਵੱਧ ਤੋਂ ਵੱਧ ਇੱਕ ਰੁਪਏ ਦੀ ਦਰ ਨਾਲ ਵੱਧ ਫੀਸ।

ਸਾਲ 2019-20 ਦੌਰਾਨ ₹ 388.90 ਕਰੋੜ ਦਾ ਮੁਢਲਾ ਬਕਾਇਆ ਸੀ, ਸਾਲ ਦੌਰਾਨ ₹ 1,803.95 ਕਰੋੜ ਦੀਆਂ ਪ੍ਰਾਪਤੀਆਂ ਸਨ ਅਤੇ ਖਰਚਾ ₹ 1,738.61 ਕਰੋੜ ਸੀ ਅਤੇ ਇਸ ਤਰਾਂ ₹ 454.24 ਕਰੋੜ ਦੀ ਅਣਵਰਤੀ ਰਾਸ਼ੀ ਰਾਜ ਦੇ ਸੰਚਿਤ ਫੰਡ ਰਾਹੀਂ ਰੂਟਿੰਗ ਤੋਂ ਬਗੈਰ ਬੋਰਡ ਕੋਲ ਛੱਡ ਦਿੱਤੀ ਗਈ ਸੀ।

### (iii) ਪੰਜਾਬ ਪੇਂਡੂ ਵਿਕਾਸ ਐਕਟ, 1987 ਅਧੀਨ ਇੱਕਤਰ ਕੀਤੀ ਗਈ ਪੇਂਡੂ ਵਿਕਾਸ ਫੀਸ

ਰਾਜ ਸਰਕਾਰ ਨੇ ਪੇਂਡੂ ਵਿਕਾਸ ਵਿੱਚ ਤੇਜ਼ੀ ਲਿਆਉਣ, ਖੇਤੀਬਾੜੀ ਉਤਪਾਦਨ ਵਧਾਉਣ, ਖੇਤੀਬਾੜੀ ਉਤਪਾਦ ਦੇ ਡੀਲਰਾਂ ਅਤੇ ਖਰੀਦਦਾਰਾਂ ਦੀਆਂ ਸਹੂਲਤਾਂ ਵਿੱਚ ਸੁਧਾਰ ਕਰਨ, ਅਤੇ ਕੁਦਰਤੀ ਆਫਤਾਂ ਕਾਰਣ ਖੇਤੀਬਾੜੀ ਉਤਪਾਦ ਦੇ ਨੁਕਸਾਨ ਲਈ ਰਾਹਤ ਮੁੱਹਈਆ ਕਰਵਾਉਣ ਲਈ ਪੰਜਾਬ ਪੇਂਡੂ ਵਿਕਾਸ ਐਕਟ, 1987 (ਪੀ ਆਰ ਡੀ ਐਕਟ) ਨੋਟੀਫਾਈ ਕੀਤਾ (ਅਪ੍ਰੈਲ 1987), ਜਿਸ ਅਧੀਨ ਪੰਜਾਬ ਪੇਂਡੂ ਵਿਕਾਸ ਬੋਰਡ (ਪੀ ਆਰ ਡੀ ਬੀ) ਦੀ ਸਥਾਪਨਾ ਕੀਤੀ ਗਈ ਸੀ। ਪੀ ਆਰ ਡੀ ਐਕਟ ਦੇ ਅਨੁਭਾਗ 5 ਅਨੁਸਾਰ, ਨੋਟੀਫਾਈ ਕੀਤੇ ਗਏ ਮਾਰਕੀਟ ਖੇਤਰ ਵਿੱਚ ਖਰੀਦੇ ਗਏ ਜਾਂ ਵੇਚੇ ਗਏ ਖੇਤੀਬਾੜੀ ਉਤਪਾਦ ਨਾਲ ਸਬੰਧਤ, *ਮੁੱਲ ਦੇ ਅਨੁਪਾਤ* ਦੇ ਅਧਾਰ ਤੇ ਹਰ ਸੌ ਰੁਪਏ ਲਈ ਦੋ ਰੁਪਏ ਦੀ ਦਰ ਨਾਲ, ਜਿਸਨੂੰ ਕਿ ਸੋਧ ਕੇ ਤਿੰਨ ਰੁਪਏ ਕਰ ਦਿੱਤਾ ਗਿਆ ਸੀ (ਦਸੰਬਰ 2017), ਇੱਕ ਫੀਸ ਲਾਈ ਗਈ ਸੀ।

ਪੁੱਛ-ਗਿੱਛ ਕਰਨ (ਜੂਨ-ਜੁਲਾਈ 2021) ਤੇ, ਰਾਜ ਸਰਕਾਰ/ਪੀ ਆਰ ਡੀ ਬੀ ਨੇ ਪੀ ਆਰ ਡੀ ਬੀ ਕੋਲ ਪਈ ਪੇਂਡੂ ਵਿਕਾਸ ਫੀਸ ਦੇ ਵੇਰਵੇ/ਸਥਿਤੀ ਮੁਹੱਈਆ ਨਹੀਂ ਕਰਵਾਈ ਸੀ (ਜੁਲਾਈ 2021)।

ਵਧੀਕ ਮੁੱਖ ਸਕੱਤਰ (ਵਿਕਾਸ) ਪੰਜਾਬ ਪੇਂਡੂ ਵਿਕਾਸ ਬੋਰਡ (ਪੀ ਆਰ ਡੀ ਬੀ) ਨੇ ਕਿਹਾ (ਜੁਲਾਈ 2021) ਕਿ ਕਿਉਂਜੋ ਸਬੰਧਤ ਐਕਟਾਂ (ਪੀ ਏ ਪੀ ਐਮ ਐਕਟ ਅਤੇ ਪੀ ਆਰ ਡੀ ਐਕਟ) ਅਧੀਨ ਵੱਖਰੇ ਫੰਡ ਬਣਾਏ ਜਾ ਚੁੱਕੇ ਸਨ, ਇਸ ਲਈ ਮਾਰਕੀਟ ਫੀਸ ਅਤੇ ਪੇਂਡੂ ਵਿਕਾਸ ਫੀਸ ਨੂੰ ਰਾਜ ਦੇ ਸੰਚਿਤ ਫੰਡ ਵਿੱਚ ਟਰਾਂਸਫਰ ਕਰਨ ਦੀ ਕੋਈ ਲੋੜ ਨਹੀਂ ਸੀ। ਇਹ ਵੀ ਕਿਹਾ ਗਿਆ ਸੀ ਕਿ ਵਿੱਤ ਵਿਭਾਗ ਦਾ ਕਾਰਜਪਾਲਿਕਾ ਪੱਤਰ (ਫਰਵਰੀ 2018), ਕਾਨੂੰਨੀ ਉਪਬੰਧਾਂ ਉੱਤੇ ਭਾਰੂ ਨਹੀਂ ਹੋ ਸਕਦਾ ਸੀ। ਪੀ ਆਰ ਡੀ ਬੀ ਦਾ ਉੱਤਰ ਸੰਵਿਧਾਨਕ ਉਪਬੰਧਾਂ ਅਤੇ ਵਿੱਤ ਵਿਭਾਗ ਦੁਆਰਾ ਜਾਰੀ ਹਦਾਇਤਾਂ ਦੀ ਉਲੰਘਣਾ ਵਿੱਚ ਸੀ।

ਉਗਰਾਹੀ ਕੀਤੀਆਂ ਗਈਆਂ ਫੀਸਾਂ ਨੂੰ ਜਮ੍ਹਾਂ ਕਰਵਾਉਣ ਲਈ ਇਨ੍ਹਾ ਦੋਵੇਂ ਐਕਟਾਂ ਵਿੱਚ ਵੱਖਰੇ ਫੰਡ ਬਣਾਉਣ ਦੀ ਵਿਵਸਥਾ ਕੀਤੀ ਗਈ ਸੀ। ਉਗਰਾਹੀ ਕੀਤੀਆਂ ਗਈਆਂ ਫੀਸਾਂ ਰਾਜ ਦੇ ਸੰਚਿਤ ਫੰਡ ਰਾਹੀਂ ਰੂਟਿੰਗ ਨਾ ਕਰਦੇ ਹੋਏ. ਬੋਰਡ ਨੂੰ ਟਰਾਂਸਫਰ ਕੀਤੀਆਂ ਜਾਂਦੀਆਂ ਹਨ, ਜੋ ਕਿ ਭਾਰਤ ਦੇ ਸਵਿਧਾਨ ਦੇ ਅਨੁਛੇਦ 266 (1) ਨਾਲ ਪੜ੍ਹਦੇ ਹੋਏ, ਪੰਜਾਬ ਖਜ਼ਾਨਾ ਨਿਯਮਾਵਲੀ ਦੇ ਨਿਯਮ 7 (1) ਅਤੇ ਇਸ ਅਧੀਨ ਜਾਰੀ ਸਹਾਇਕ ਖਜ਼ਾਨਾ ਨਿਯਮਾਵਲੀ ਦੇ ਉਪਬੰਧਾਂ ਦੇ ਵਿਰੁੱਧ ਹੈ, ਜਿਸ ਅਨੁਸਾਰ ਰਾਜ ਸਰਕਾਰ ਦੁਆਰਾ ਪ੍ਰਾਪਤ ਜਾਂ ਉਸ ਨੂੰ ਦਿੱਤਾ ਗਿਆ ਸਾਰਾ ਧਨ ਬਗੈਰ ਕਿਸੇ ਦੇਰੀ ਤੋਂ ਖਜ਼ਾਨੇ ਨੂੰ ਪੂਰੇ ਦਾ ਪੂਰਾ ਅਦਾ ਕੀਤਾ ਜਾਵੇਗਾ ਅਤੇ ਰਾਜ ਦੇ ਸੰਚਿਤ ਫੰਡ ਵਿੱਚ ਸ਼ਾਮਲ ਕੀਤਾ ਜਾਵੇਗਾ।

### (iv) ਭਵਨ ਅਤੇ ਹੋਰ ਨਿਰਮਾਣ ਕਾਮੇ ਭਲਾਈ ਸੈੱਸ (ਲੇਬਰ ਸੈੱਸ)

ਰਾਜ ਸਰਕਾਰ ਨੇ ਸਾਰੇ ਵਿਭਾਗੀ /ਬੋਰਡਾਂ/ਖੁਦਮੁਖਤਿਆਰ ਸੰਸਥਾਵਾਂ/ਸਥਾਨਕ ਅਥਾਰਟੀਆਂ ਦੇ ਮੁਖੀਆਂ ਨੂੰ, ਕੇਂਦਰ ਸਰਕਾਰ ਦੁਆਰਾ ਨੋਟੀਫਾਈ ਕੀਤੇ ਗਏ (ਸਤੰਬਰ 1996) ਅਨੁਸਾਰ, ਉਸਾਰੀ ਦੀ ਲਾਗਤ ਦੇ ਇੱਕ *ਪ੍ਰਤੀਸ਼ਤ* ਦੀ ਦਰ ਨਾਲ ਸੈੱਸ ਦੀ ਉਗਰਾਹੀ ਕਰਨ ਅਤੇ ਪੰਜਾਬ ਭਵਨ ਅਤੇ ਹੋਰ ਨਿਰਮਾਣ ਕਾਮੇ ਭਲਾਈ ਬੋਰਡ ਕੋਲ ਜਮ੍ਹਾਂ ਕਰਵਾਉਣ ਦੀ ਹਦਾਇਤ ਕੀਤੀ (ਨਵੰਬਰ 2008)।

ਇਸ ਤਰ੍ਹਾਂ ਉਗਰਾਹਿਆ ਗਿਆ ਸੈੱਸ, ਬੋਰਡ ਦੁਆਰਾ ਰਾਜ ਵਿੱਚ ਭਵਨ ਅਤੇ ਹੋਰ ਨਿਰਮਾਣ ਕਾਮਿਆਂ ਦੇ ਲਾਭ ਲਈ ਅਪਣਾਈਆਂ ਗਈਆਂ ਸਮਾਜਿਕ ਸੁਰੱਖਿਆ ਸਕੀਮਾਂ ਅਤੇ ਭਲਾਈ ਉਪਾਵਾਂ ਵਾਸਤੇ ਖਰਚ ਕੀਤਾ ਜਾਣਾ ਲੋੜੀਂਦਾ ਸੀ।

### (v) ਕੈਂਸਰ ਸੈੱਸ

ਰਾਜ ਸਰਕਾਰ ਨੇ ਪੰਜਾਬ ਰਾਜ ਕੈਂਸਰ ਅਤੇ ਨਸ਼ਾ ਛਡਾਊ ਇਲਾਜ ਬੁਨਿਆਦੀ ਢਾਂਚਾ ਫੰਡ ਐਕਟ, 2013 ਨੋਟੀਫਾਈ ਕੀਤਾ (ਅਪ੍ਰੈਲ 2013), ਜਿਸ ਅਧੀਨ ਕੈਂਸਰ ਸੈੱਸ ਲਾਇਆ ਗਿਆ ਸੀ। ਸੈੱਸ ਦੀ ਉਗਰਾਹੀ ₹ 50 ਕਰੋੜ ਤੋਂ ਜ਼ਿਆਦਾ ਕੀਮਤ ਦੇ ਬੁਨਿਆਦੀ ਢਾਂਚਾ ਵਿਕਾਸ ਪ੍ਰੋਜੈਕਟਾਂ ਤੇ ਲਾਗਤ ਦੀ ਪ੍ਰਤੀਸ਼ਤਤਾ ਵਜੋਂ, ਅਤੇ ਹੋਰ ਕੰਮਾਂ ਤੇ ਇਸ ਐਕਟ ਦੀ ਧਾਰਾ 6 ਅਧੀਨ ਨਿਰਧਾਰਤ ਕੀਤੇ ਗਏ ਅਨੁਸਾਰ ਕੀਤੀ ਜਾਣੀ ਸੀ। ਫੰਡ ਦਾ ਪ੍ਰਬੰਧਨ ਇਸ ਐਕਟ ਅਧੀਨ ਗਠਨ ਕੀਤੇ ਗਏ ਬੋਰਡ ਦੁਆਰਾ ਕੀਤਾ ਜਾਣਾ ਸੀ ਅਤੇ ਇਹ ਇਸ ਐਕਟ ਦੀ ਧਾਰਾ 5 ਅਧੀਨ ਜ਼ਿਕਰ ਕੀਤੇ ਗਏ ਵਿਸ਼ੇਸ ਮੰਤਵਾਂ ਲਈ ਵਰਤਿਆ ਜਾ ਸਕਦਾ ਸੀ।

ਜਦੋਂਕਿ, ਇਹ ਵੇਖਿਆ ਗਿਆ ਸੀ ਕਿ ਭਾਵੇਂ ਕੁਲੈਕਟਿੰਗ ਏਜੰਸੀਆਂ ਨੇ ਕੈਂਸਰ ਸੈੱਸ ਅਤੇ ਲੇਬਰ ਸੈੱਸ ਦੀ ਉਗਰਾਹੀ ਕਰ ਲਈ ਸੀ, ਪ੍ਰੰਤੂ 2019-20 ਦੌਰਾਨ ਇਨ੍ਹਾਂ ਨੂੰ ਸਬੰਧਤ ਅਥਾਰਟੀਆਂ (ਬੋਰਡਾਂ) ਨੂੰ ਅੰਸ਼ਕ ਤੌਰ ਤੇ ਟਰਾਂਸਫਰ ਕੀਤਾ ਗਿਆ ਸੀ ਜਿਵੇਂ ਕਿ **ਸਾਰਣੀ** 4.1 ਵਿੱਚ ਦਿੱਤਾ ਗਿਆ ਹੈ।

**ਸਾਰਣੀ 4.1 ਨਾਮਜ਼ਦ ਅਥਾਰਿਟੀਆਂ/ਬੋਰਡਾਂ ਨੂੰ ਟਰਾਂਸਫਰ ਨਹੀ ਕੀਤੇ ਗਏ ਸੈੱਸਾਂ ਦੇ ਵੇਰਵੇ**

*(₹ ਕਰੋੜ ਵਿੱਚ)*

| ਲੜੀ ਨੰ. | ਸੈੱਸ ਦਾ ਨਾਂਅ | 1 ਅਪ੍ਰੈਲ 2019 ਨੂੰ ਮੁਢਲਾ ਬਕਾਇਆ | ਉਗਰਾਹੀ ਗਈ ਸੈੱਸ ਦੀ ਰਾਸ਼ੀ | ਜੋੜ | ਨਾਮਜ਼ਦ ਅਥਾਰਟੀ (ਬੋਰਡਾਂ) ਨੂੰ ਟਰਾਂਸਫਰ ਕੀਤਾ ਗਿਆ ਸੈੱਸ | ਕੁਲੈਕਟਿੰਗ ਏਜੰਸੀ ਕੋਲ ਬਕਾਇਆ ਰਾਸ਼ੀ |
|---|---|---|---|---|---|---|
| 1. | ਲੇਬਰ ਸੈੱਸ | 5.09 | 19.27 | 24.36 | 18.00 | 6.36 |
| 2. | ਕੈਂਸਰ ਸੈੱਸ | 9.21 | 9.61 | 18.82 | 10.98 | 7.84 |
| ਜੋੜ | | | | | | **14.20** |

*ਸ੍ਰੋਤ: ਵਿਭਾਗੀ ਸੂਚਨਾ*

#### 4.1.1 ਸਰਕਾਰੀ ਲੇਖੇ ਤੋਂ ਬਾਹਰ ਰੱਖੇ ਰੈਗੂਲੇਟਰਾਂ ਦੇ ਫੰਡ :

ਲੋਕ ਨਿਰਮਾਣ ਵਿਭਾਗ (ਭਵਨ ਅਤੇ ਸੜ੍ਹਕਾਂ) ਅਧੀਨ, ਰਿਸਰਚ ਲੈਬਾਰੇਟਰੀ, ਪਟਿਆਲਾ, ਸਿਵਲ ਕੰਮਾਂ ਨੂੰ ਅਮਲ ਵਿੱਚ ਲਿਆਉਣ ਸਮੇਂ ਅਤੇ ਕੀਤੇ ਜਾ ਚੁੱਕੇ ਕੰਮ ਦੀ ਗੁਣਵੱਤਾ ਦੀ ਜਾਂਚ ਕਰਨ ਲਈ ਲੋੜੀਂਦੇ ਵੱਖੋ ਵੱਖਰੇ ਟੈਸਟ ਕਰਦੀ ਹੈ। ਇਸ ਵਿੱਚ ਇਮਾਰਤਾਂ ਦੀ ਭੂਮੀ ਦੀ ਸਹਿਣ ਸਮਰੱਥਾ, ਬਿਚੂਮੈਨ ਪੈਨੀਟਰੇਸ਼ਨ ਟੈਸਟ, ਸੜ੍ਹਕ ਦੇ ਕੰਮਾਂ ਲਈ ਜਾਬ ਮਿਕਸ ਫਾਰਮੂਲੇ, ਬਿਚੂਮੈਨ ਮਿਸ਼ਰਣਾਂ ਲਈ ਮਿਕਸ ਡਿਜ਼ਾਇਨ, ਆਦਿ ਦੀ ਟੈਸਟਿੰਗ ਸ਼ਾਮਲ ਹੈ। ਮੁੱਖ ਇੰਜੀਨੀਅਰ (ਸੀ ਈ)-ਕਮ-ਮੁੱਖ ਚੌਕਸੀ ਅਧਿਕਾਰੀ ਅਤੇ ਡਾਇਰੈਕਟਰ ਗੁਣਵੱਤਾ ਕੰਟਰੋਲ ਸੈਲ, ਲੋਕ ਨਿਰਮਾਣ (ਭਵਨ ਅਤੇ ਸੜ੍ਹਕਾਂ) ਵਿਭਾਗ, ਮੁਹਾਲੀ ਨੇ ਖੋਜ ਪ੍ਰਯੋਗਸ਼ਾਲਾ, ਪਟਿਆਲਾ ਦੁਆਰਾ ਕੀਤੇ ਜਾਣ ਵਾਲੇ ਵੱਖ ਵੱਖ ਟੈਸਟਾਂ ਲਈ ਵਸੂਲੀਆਂ

ਜਾਣ ਵਾਲੀਆਂ ਦਰਾਂ/ਫੀਸਾਂ ਅਤੇ ਨਾਲ ਹੀ ਇਸ ਤਰਾਂ ਇਕੱਤਰ ਕੀਤੀ ਗਈ ਫੀਸ ਨੂੰ ਪੰਜਾਬ ਸੜ੍ਹਕ ਅਤੇ ਪੁਲ ਵਿਕਾਸ ਬੋਰਡ (ਪੀ ਆਰ ਬੀ ਡੀ ਬੀ) ਮੁਹਾਲੀ ਕੋਲ ਜਮ੍ਹਾਂ ਕਰਵਾਉਣ ਦੀ ਤਜਵੀਜ਼ ਦੀ ਪ੍ਰਵਾਨਗੀ ਦੀ ਮੰਗ ਕੀਤੀ (ਅਕਤੂਬਰ 2009)। ਪੰਜਾਬ ਸਰਕਾਰ ਦੇ ਲੋਕ ਨਿਰਮਾਣ ਵਿਭਾਗ ਨੇ ਮਈ 2010 ਵਿੱਚ ਇਸ ਪ੍ਰਸਤਾਵ ਦੀ ਪ੍ਰਵਾਨਗੀ ਦਿੱਤੀ। ਇਸ ਤੋਂ ਬਾਅਦ ਪੰਜਾਬ ਸਰਕਾਰ ਦੇ ਵਿੱਤ ਵਿਭਾਗ (ਐਫ ਡੀ) ਨੇ ਸਾਰੇ ਪ੍ਰਸ਼ਾਸਨਿਕ ਵਿਭਾਗਾਂ ਨੂੰ ਰਾਜ ਦੀਆਂ ਸਾਰੀਆਂ ਲੈਵੀਜ਼ ਅਤੇ ਧਨ ਪ੍ਰਾਪਤੀਆਂ ਨੂੰ ਰਾਜ ਦੇ ਸੰਚਿਤ ਫੰਡ ਵਿੱਚ ਸਬੰਧਿਤ ਲੇਖੇ ਦੀ ਮੱਦ ਅਧੀਨ ਜਮ੍ਹਾਂ ਕਰਵਾਉਣ ਦੀ ਹਦਾਇਤ ਕੀਤੀ (ਫਰਵਰੀ 2018)। ਇਸ ਤੋਂ ਇਲਾਵਾ, ਅਜਿਹੇ ਫੰਡਾਂ ਨੂੰ ਆਪਣੇ ਕੋਲ ਰੱਖਣ ਜਾਂ ਦਿਸ਼ਾ ਬਦਲੀ ਲਈ ਐਫ ਡੀ ਤੋਂ ਵਿਸ਼ੇਸ ਅਧਿਕਾਰ ਲੈਣ ਦੀ ਲੋੜ ਹੋਵੇਗੀ, ਜੋਕਿ ਕਿ 31 ਮਾਰਚ 2018 ਤੱਕ ਨਵੇਂ ਸਿਰੇ ਤੋਂ ਹਾਸਲ ਕਰਨਾ ਹੋਵੇਗਾ।

ਰਿਕਾਰਡ ਦੀ ਪੜਤਾਲ (ਜਨਵਰੀ 2020) ਨੇ ਦਰਸਾਇਆ ਕਿ ਅਪ੍ਰੈਲ 2018 ਨੂੰ ਪੀ ਆਰ ਬੀ ਡੀ ਬੀ ਕੋਲ ₹ 0.51 ਕਰੋੜ ਦਾ ਬਕਾਇਆ ਸੀ ਅਤੇ ਇਸ ਤੋਂ ਬਾਅਦ ਇਸ ਨੇ 2018-19 ਅਤੇ 2019-20 ਦੌਰਾਨ ₹ 1.12 ਕਰੋੜ ਦੀ ਫੀਸ ਇਕੱਤਰ ਕੀਤੀ। ਐਫ ਡੀ ਦੀ ਉੱਪਰ ਜ਼ਿਕਰ ਕੀਤੀ ਗਈ ਹਦਾਇਤ ਅਨੁਸਾਰ ₹ 1.63 ਕਰੋੜ ਦੀ ਕੁੱਲ ਰਾਸ਼ੀ ਨੂੰ ਰਾਜ ਦੇ ਸੰਚਿਤ ਫੰਡ ਵਿੱਚ ਜਮ੍ਹਾਂ ਕਰਵਾਉਣਾ ਲੋੜੀਂਦਾ ਸੀ। ਪ੍ਰੰਤੂ, ਰਿਸਰਚ ਲੈਬਾਰੇਟਰੀ, ਪਟਿਆਲਾ ਨੇ, ਉਕਤ ਹਦਾਇਤਾਂ ਦੀ ਉਲੰਘਣਾ ਵਿੱਚ, ਐਫ ਡੀ ਤੋਂ ਵਿਸ਼ੇਸ ਅਧਿਕਾਰ ਲਏ ਬਗੈਰ ਇਹ ਰਾਸ਼ੀ ਪੀ ਆਰ ਬੀ ਡੀ ਬੀ ਕੋਲ ਜਮ੍ਹਾਂ ਕਰਵਾ ਦਿੱਤੀ।

## 4.2 ਵਿਆਜਯੋਗ ਡਿਪਾਜ਼ਿਟਸ ਦੇ ਵਿਆਜ ਨਾਲ ਸਬੰਧਤ ਦੇਣਦਾਰੀ ਨਾ ਚੁਕਾਉਣਾ

ਮੁੱਖ ਮੱਦ-8338 ਅਤੇ 8342 ਅਧੀਨ ਵਿਆਜਯੋਗ ਡਿਪਾਜ਼ਿਟਸ ਵਿੱਚ ਪਈਆਂ ਰਾਸ਼ੀਆਂ 'ਤੇ ਵਿਆਜ ਮੁਹੱਈਆ ਕਰਨਾ ਅਤੇ ਭੁਗਤਾਨ ਕਰਨਾ ਸਰਕਾਰ ਦੀ ਜ਼ਿੰਮੇਵਾਰੀ ਹੈ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਵਿਆਜਯੋਗ ਡਿਪਾਜ਼ਿਟਸ ਮੱਦਾਂ ਭਾਵ ਕਿ ਮੁੱਖ ਮੱਦ 8338-ਸਥਾਨਕ ਫੰਡਜ਼ ਡਿਪਾਜ਼ਿਟਸ ਅਧੀਨ ਛੋਟੀ ਮੱਦ 101-ਨਗਰ ਨਿਗਮਾਂ ਦੇ ਡਿਪਾਜ਼ਿਟਸ ਤੇ 104-ਹੋਰ ਖੁਦਮੁਖਤਿਆਰ ਸੰਗਠਨਾਂ ਦੇ ਡਿਪਾਜ਼ਿਟਸ ਅਤੇ ਮੁੱਖ ਮੱਦ 8342-ਹੋਰ ਡਿਪਾਜ਼ਿਟਸ ਅਧੀਨ ਛੋਟੀ ਮੱਦ 103-ਸਰਕਾਰੀ ਕੰਪਨੀਆਂ, ਨਿਗਮਾਂ ਆਦਿ ਦੇ ਡਿਪਾਜ਼ਿਟਸ ਅਤੇ ਛੋਟੀ ਮੱਦ 117-ਸਰਕਾਰੀ ਕਰਮਚਾਰੀਆਂ ਲਈ ਡਿਫਾਈਨ ਕੰਟਰੀਬਿਊਸ਼ਨ ਪੈਨਸ਼ਨ ਸਕੀਮ ਅਤੇ ਛੋਟੀ ਮੱਦ 120-ਫੁਟਕਲ ਡਿਪਾਜ਼ਿਟਸ ਅਧੀਨ, 31 ਮਾਰਚ 2019 ਨੂੰ ਪਏ ₹ 808.08 ਕਰੋੜ ਦੇ ਬਕਾਏ ਉੱਤੇ ₹ 60.61 ਕਰੋੜ ਵਿਆਜ (ਸਾਲ 2019-20 ਲਈ ਵੇਅਜ਼ ਅਤੇ ਮੀਨਜ਼ ਪੇਸ਼ਗੀਆਂ ਦੀ ਵਿਆਜ ਦੀ 7.50 *ਪ੍ਰਤੀਸ਼ਤ* ਸਲਾਨਾ ਔਸਤ ਦਰ ਦੇ ਹਿਸਾਬ ਨਾਲ) ਵਜੋਂ ਅਦਾ ਕੀਤੇ ਜਾਣੇ ਲੋੜੀਂਦੇ ਸਨ, ਜਿਵੇਂ ਕਿ **ਸਾਰਣੀ** 4.2 ਵਿੱਚ ਦਰਸਾਇਆ ਗਿਆ ਹੈ। ਵਿਆਜ ਦੀ ਦੇਣਦਾਰੀ ਦੀ ਅਦਾਇਗੀ ਨਾ ਕਰਨ ਦੇ ਨਤੀਜੇ ਵਜੋਂ ਰੈਵੀਨਿਊ ਘਾਟੇ ਅਤੇ ਵਿੱਤੀ ਘਾਟੇ ਨੂੰ ਓਨਾ ਹੀ ਘੱਟ ਕਰਕੇ ਦਰਸਾਇਆ ਗਿਆ ਸੀ।

**ਸਾਰਣੀ 4.2: ਵਿਆਜਯੋਗ ਡਿਪਾਜ਼ਿਟਸ ਦੇ ਵਿਆਜ ਨਾਲ ਸਬੰਧਤ ਦੇਣਦਾਰੀ ਨਾ ਚੁਕਾਏ ਜਾਣ ਦੇ ਵੇਰਵੇ**

*(₹ ਕਰੋੜ ਵਿੱਚ)*

| ਲੜੀ ਨੰ. | ਵਿਆਜਯੋਗ ਡਿਪਾਜ਼ਿਟ ਦਾ ਨਾਂਅ/ਮੱਦ | 1 ਅਪ੍ਰੈਲ 2019 ਨੂੰ ਮੁਢਲਾ ਬਕਾਇਆ | ਪ੍ਰਾਪਤੀਆਂ | ਅਦਾਇਗੀਆਂ | 31 ਮਾਰਚ 2020 ਨੂੰ ਬਕਾਇਆ | ਪ੍ਰੋਵੀਜ਼ਨ ਨਹੀਂ ਕੀਤੀ ਗਈ ਵਿਆਜ ਦੀ ਰਾਸ਼ੀ |
|---|---|---|---|---|---|---|
| 1. | 8338-101-ਨਗਰ ਨਿਗਮਾਂ ਦੇ ਡਿਪਾਜ਼ਿਟਸ | 0.08 | 0 | 0 | 0.08 | 0.01 |
| 2. | 8338-104- ਹੋਰ ਖੁਦਮੁਖਤਿਆਰ ਸੰਗਠਨਾਂ ਦੇ ਡਿਪਾਜ਼ਿਟਸ | 0.07 | 0 | 0 | 0.07 | 0.01 |
| 3. | 8342-103-ਸਰਕਾਰੀ ਕੰਪਨੀਆਂ, ਕਾਰਪੋਰੇਸ਼ਨਾਂ ਆਦਿ ਦੇ ਡਿਪਾਜ਼ਿਟਸ | 145.00 | 0 | 0 | 145.00 | 10.88 |
| 4. | 8342-117-ਸਰਕਾਰੀ ਕਰਮਚਾਰੀਆਂ ਲਈ ਡਿਫਾਈਨ ਕੰਟਰੀਬਿਊਸ਼ਨ ਪੈਨਸ਼ਨ ਸਕੀਮ | 183.37 | 746.67 | 728.72 | 201.32 | 13.75 |
| 5. | 8342-120-ਫੁਟਕਲ ਡਿਪਾਜ਼ਿਟਸ | 479.56 | 650.14 | 700.00 | 429.70 | 35.96 |
| **ਜੋੜ** | | **808.08** | **1396.81** | **1428.72** | **776.17** | **60.61** |

*ਸ੍ਰੋਤ: ਵਿੱਤ ਲੇਖੇ*

## 4.3 ਰਾਜ ਲਾਗੂਕਰਤਾ ਏਜੰਸੀਆਂ ਨੂੰ ਸਿੱਧੇ ਟਰਾਂਸਫਰ ਕੀਤੇ ਗਏ ਫੰਡ

ਭਾਰਤ ਸਰਕਾਰ ਵੱਖ ਵੱਖ ਸਕੀਮਾਂ ਨੂੰ ਲਾਗੂ ਕਰਨ ਲਈ ਰਾਜ ਲਾਗੂਕਰਤਾ ਏਜੰਸੀਆਂ ਨੂੰ ਸਿੱਧੇ ਹੀ ਚੋਖੇ ਫੰਡ ਭੇਜਦੀ ਰਹੀ ਹੈ। ਭਾਰਤ ਸਰਕਾਰ ਨੇ ਇਨ੍ਹਾਂ ਫੰਡਾਂ ਨੂੰ 2014-15 ਤੋਂ ਬਾਅਦ ਰਾਜ ਦੇ ਬਜਟ ਰਾਹੀਂ ਭੇਜਣ ਦਾ ਫੈਸਲਾ ਕੀਤਾ। ਪ੍ਰੰਤੂ ਸਾਲ 2019-20 ਦੌਰਾਨ ਭਾਰਤ ਸਰਕਾਰ ਨੇ ₹ 4,551.70 ਕਰੋੜ ਸਿੱਧੇ ਹੀ ਰਾਜ ਦੀਆਂ ਵੱਖ ਵੱਖ ਲਾਗੂਕਰਤਾ ਏਜੰਸੀਆਂ/ਗੈਰ-ਸਰਕਾਰੀ ਸੰਗਠਨਾਂ ਨੂੰ ਟਰਾਂਸਫਰ ਕੀਤੇ, ਜਿਸ ਦਾ ਵੇਰਵਾ ***ਅੰਤਿਕਾ 4.1*** ਵਿੱਚ ਦਿੱਤਾ ਗਿਆ ਹੈ ਜੋਕਿ 2018-19 ਵਿੱਚ ਜਾਰੀ ਕੀਤੀ ਗਈ ਰਾਸ਼ੀ (₹ 2,508.36 ਕਰੋੜ) ਨਾਲੋਂ 81.46 *ਪ੍ਰਤੀਸ਼ਤ* ਵੱਧ ਸੀ। ਇਹ ਭਾਰਤ ਸਰਕਾਰ ਦੁਆਰਾ ਕੇਂਦਰੀ ਪ੍ਰਾਯੋਜਿਤ ਸਕੀਮ ਲਈ ਰਾਜ ਦੇ ਬਜਟ ਰਾਹੀਂ ਸਹਾਇਤਾ ਗ੍ਰਾਂਟਾ ਵਜੋਂ ਜਾਰੀ ਕੀਤੀ ਗਈ ਰਾਸ਼ੀ (₹ 2,864.31 ਕਰੋੜ) ਦਾ 159 *ਪ੍ਰਤੀਸ਼ਤ* ਹੈ।

## ਪਾਰਦਰਸ਼ਤਾ ਨਾਲ ਸਬੰਧਤ ਮਾਮਲੇ

## 4.4 ਵਰਤੋਂ ਸਰਟੀਫਿਕੇਟਾਂ ਨੂੰ ਭੇਜਣ ਵਿੱਚ ਦੇਰੀ

ਪੰਜਾਬ ਵਿੱਤੀ ਨਿਯਮਾਵਲੀ, ਭਾਗ-1 ਦਾ ਨਿਯਮ 8.14 ਨਿਰਧਾਰਤ ਕਰਦਾ ਹੈ ਕਿ ਜਿੱਥੇ ਗ੍ਰਾਂਟਾਂ ਨੂੰ ਮਨਜ਼ੂਰੀ ਦੇ ਦਿੱਤੀ ਜਾਂਦੀ ਹੈ ਅਤੇ ਉਹ ਮਾਮਲੇ ਜਿਨ੍ਹਾਂ ਵਿੱਚ, ਖਰਚੇ ਦੇ ਕਿਸੇ ਖਾਸ ਆਬਜੈਕਟ ਦੇ ਜਾਂ ਸਮੇਂ ਦੇ ਜਿਸ ਵਿੱਚ ਪੈਸਾ ਖਰਚ ਕਰਨਾ ਲਾਜ਼ਮੀ ਹੁੰਦਾ ਹੈ, ਜਾਂ ਕਿਸੇ ਹੋਰ ਵਿਸ਼ੇਸ਼ਤਾ ਦੇ ਰੂਪ ਵਿੱਚ, ਗ੍ਰਾਂਟਾਂ ਦੀ ਵਰਤੋਂ ਨਾਲ ਸ਼ਰਤਾਂ ਜੁੜੀਆਂ ਹੁੰਦੀਆਂ ਹਨ, ਉੱਥੇ ਉਹ ਵਿਭਾਗੀ ਅਧਿਕਾਰੀ ਜਿਸਦੇ ਹਸਤਾਖਰ ਜਾਂ ਕਾਊਂਟਰ ਹਸਤਾਖਰ ਹੇਠ ਸਹਾਇਤਾ ਗ੍ਰਾਂਟ ਦੇ ਬਿਲ ਡਰਾਅ ਕੀਤੇ ਗਏ ਸਨ, ਮਹਾਂ ਲੇਖਾਕਾਰ ਨੂੰ ਗ੍ਰਾਂਟ ਨਾਲ ਜੁੜੀਆਂ ਸ਼ਰਤਾਂ ਦੀ ਪੂਰਤੀ ਨੂੰ ਪ੍ਰਮਾਣਿਤ ਕਰਨ ਲਈ ਮੁਢਲੇ ਤੌਰ ਤੇ ਜ਼ਿੰਮੇਵਾਰ ਹੋਣਾ ਚਾਹੀਦਾ ਹੈ। ਨਿਰਧਾਰਤ ਕੀਤੇ ਗਏ ਸਮੇਂ ਤੋਂ ਬਾਅਦ ਵਰਤੋਂ ਸਰਟੀਫਿਕੇਟਾਂ (ਯੂ ਸੀਜ਼) ਦਾ ਬਕਾਇਆ ਹੋਣਾ ਗ੍ਰਾਂਟਾਂ ਦੀ ਚਿਤਵੇ ਮੰਤਵਾਂ ਲਈ ਕੀਤੀ ਵਰਤੋਂ ਦਾ ਭਰੋਸਾ ਨਾ ਹੋਣ ਦਾ ਸੰਕੇਤ ਦਿੰਦੇ ਹਨ ਅਤੇ ਲੇਖਿਆਂ ਵਿੱਚ ਦਿਖਾਏ ਗਏ ਓਨੇ ਖਰਚੇ ਨੂੰ ਅੰਤਿਮ ਨਹੀਂ ਮੰਨਿਆ ਜਾ ਸਕਦਾ। ਮਹਾਂ ਲੇਖਾਕਾਰ (ਲੇਖਾ ਤੇ ਹੱਕਦਾਰੀ) ਦੇ ਰਿਕਾਰਡ ਅਨੁਸਾਰ ਬਕਾਇਆ ਯੂ ਸੀਜ਼ ਦੀ ਸਥਿਤੀ **ਸਾਰਣੀ** 4.3 (ੳ ਤੇ ਅ ) ਵਿੱਚ ਦਿੱਤੀ ਗਈ ਹੈ।

## ਸਾਰਣੀ 4.3 (ੳ): ਵਰਤੋਂ ਸਰਟੀਫਿਕੇਟਾਂ ਨੂੰ ਭੇਜਣ ਵਿੱਚ ਬਕਾਇਆ

*(₹ ਕਰੋੜ ਵਿੱਚ)*

| ਸਾਲ * | ਮੁਢਲਾ ਬਕਾਇਆ | | ਵਾਧਾ | | ਕਲੀਅਰੈਂਸ | | ਅੰਤਿਮ ਬਕਾਇਆ | |
|---|---|---|---|---|---|---|---|---|
| | ਯੂ ਸੀਜ਼ ਦੀ ਸੰਖਿਆ | ਰਾਸ਼ੀ | ਯੂ ਸੀਜ਼ ਦੀ ਸੰਖਿਆ | ਰਾਸ਼ੀ | ਯੂ ਸੀਜ਼ ਦੀ ਸੰਖਿਆ | ਰਾਸ਼ੀ | ਯੂ ਸੀਜ਼ ਦੀ ਸੰਖਿਆ | ਰਾਸ਼ੀ |
| 2016-17 | 05 | 4.47 | 128 | 1,031.65 | 120 | 448.31 | 13 | 587.81 |
| 2017-18 | 13 | 587.81 | 117 | 531.35 | 85 | 826.74 | 45 | 292.42 |
| 2018-19 | 45 | 292.42 | 234 | 2,912.87 | 185 | 2,759.10 | 94 | 446.19 |

*ਸ੍ਰੋਤ:: ਵਿੱਤ ਲੇਖੇ ਅਤੇ ਮਹਾਂ ਲੇਖਾਕਾਰ (ਲੇਖਾ ਤੇ ਹੱਕਦਾਰੀ) ਪੰਜਾਬ ਦਾ ਦਫਤਰ*

** ਉੱਪਰ ਲਿਖਿਆ ਸਾਲ 'ਗ੍ਰਾਂਟ ਸਾਲ' ਨਾਲ ਸਬੰਧਤ ਹੈ ਜਿਹੜਾ ਕਿ ਅਸਲ ਡਰਾਅ ਕਰਨ ਤੋਂ ਅਠਾਰਾਂ ਮਹੀਨੇ ਬਾਅਦ ਡਿਊ ਹੁੰਦਾ ਹੈ।*

## ਸਾਰਣੀ 4.3 (ਅ): ਵਰਤੋਂ ਸਰਟੀਫਿਕੇਟਾਂ ਦਾ ਸਮਾਂ-ਵਾਰ ਬਕਾਇਆ

*(₹ ਕਰੋੜ ਵਿੱਚ)*

| ਗ੍ਰਾਂਟ ਦਾ ਸਾਲ | ਯੂ ਸੀਜ਼ ਦੀ ਸੰਖਿਆ | ਰਾਸ਼ੀ |
|---|---|---|
| 2016-17 ਤੱਕ | 19 | 72.47 |
| 2017-18 | 36 | 94.90 |
| 2018-19 | 39 | 278.82 |
| **ਜੋੜ** | **94** | **446.19** |

*ਸ੍ਰੋਤ:: ਵਿੱਤ ਲੇਖੇ ਅਤੇ ਮਹਾਂ ਲੇਖਾਕਾਰ (ਲੇਖਾ ਤੇ ਹੱਕਦਾਰੀ) ਪੰਜਾਬ ਦਾ ਦਫਤਰ*

## ਚਾਰਟ 4.1: 10 ਮੁੱਖ ਵਿਭਾਗਾਂ ਨਾਲ ਸਬੰਧਤ ਬਕਾਇਆ ਯੂ ਸੀਜ਼

*(₹ ਕਰੋੜ ਵਿੱਚ)*




*ਸ੍ਰੋਤ: ਵਿੱਤ ਲੇਖੇ ਅਤੇ ਮਹਾਂ ਲੇਖਾਕਾਰ (ਲੇਖਾ ਤੇ ਹੱਕਦਾਰੀ ), ਪੰਜਾਬ ਦਾ ਦਫਤਰ*

ਵਿਸ਼ਲੇਸ਼ਣ ਨੇ ਦਰਸਾਇਆ ਕਿ ਵਰਤੋਂ ਸਰਟੀਫੀਕੇਟਾਂ ਦਾ ਵੱਡਾ ਬਕਾਇਆ ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ (16) ਨਾਲ ਸਬੰਧਤ ਹੈ। ਇਸ ਤੋਂ ਇਲਾਵਾ ਇਹ ਵੀ ਵੇਖਿਆ ਗਿਆ ਸੀ ਕਿ

₹ 223.76 ਕਰੋੜ ਭਾਵ ₹ 446.19 ਕਰੋੜ ਦੀ ਕੁੱਲ ਬਕਾਇਆ ਰਾਸ਼ੀ ਦਾ 50.15 *ਪ੍ਰਤੀਸ਼ਤ* ਤਿੰਨ ਵਿਭਾਗਾਂ ਭਾਵ ਪੇਂਡੂ ਵਿਕਾਸ ਤੇ ਪੰਚਾਇਤਾਂ (₹ 132.76 ਕਰੋੜ), ਆਬਕਾਰੀ ਤੇ ਕਰ (₹ 50.00 ਕਰੋੜ) ਅਤੇ ਖੇਡਾਂ ਤੇ ਯੁਵਕ ਸੇਵਾਵਾਂ (₹ 41.00 ਕਰੋੜ) ਵਿਭਾਗਾਂ ਨਾਲ ਸਬੰਧਤ ਹੈ।

ਕਿਉਂਜੋ ਯੂ ਸੀਜ਼ ਨਾ ਭੇਜਣਾ ਕੁਵਰਤੋਂ ਦੇ ਖਤਰੇ ਨਾਲ ਭਰਪੂਰ ਹੈ, ਇਸ ਲਈ ਰਾਜ ਸਰਕਾਰ ਨੂੰ ਲਾਜ਼ਮੀ ਤੌਰ ਤੇ ਇਸ ਪੱਖ ਨੂੰ ਨੇੜੇ ਤੋਂ ਮਾਨੀਟਰ ਕਰਨਾ ਚਾਹੀਦਾ ਹੈ ਅਤੇ ਯੂ ਸੀਜ਼ ਨੂੰ ਸਮੇਂ ਸਿਰ ਭੇਜਣ ਲਈ ਸਬੰਧਤ ਵਿਅਕਤੀਆਂ ਨੂੰ ਜਵਾਬਦੇਹ ਬਣਾਉਣਾ ਚਾਹੀਦਾ ਹੈ। ਰਾਜ ਸਰਕਾਰ ਨੇ ਕਿਹਾ (ਜੂਨ 2021) ਕਿ ਸਬੰਧਤ ਵਿਭਾਗਾਂ ਨੂੰ ਯੂ ਸੀਜ਼ ਪੇਸ਼ ਕਰਨ ਲਈ ਮਹੀਨਾ ਅਧਾਰ ਤੇ ਹਦਾਇਤਾਂ ਜਾਰੀ ਕੀਤੀਆਂ ਜਾ ਰਹੀਆਂ ਸਨ।

## 4.5 ਅਬਸਟ੍ਰੈਕਟ ਕੰਟੀਜੈਂਟ ਬਿਲ

ਜਦੋਂ ਪੈਸੇ ਦੀ ਅਡਵਾਂਸ ਵਿੱਚ ਲੋੜ ਹੋਵੇ ਜਾਂ ਜਦੋਂ ਉਹ ਲੋੜੀਂਦੀ ਰਾਸ਼ੀ ਦੀ ਸਹੀ ਆਂਕਣਾ ਨਹੀਂ ਕਰ ਸਕਦੇ ਤਾਂ ਡਰਾਇੰਗ ਅਤੇ ਡਿਸਬਰਸਿੰਗ ਅਧਿਕਾਰੀਆਂ (ਡੀ ਡੀ ਓਜ਼) ਨੂੰ ਸਹਾਇਕ ਦਸਤਾਵੇਜ਼ਾਂ ਤੋਂ ਬਗੈਰ, ਅਬਸਟ੍ਰੈਕਟ ਕੰਟੀਜੈਂਟ (ਏ ਸੀ) ਬਿਲਾਂ ਰਾਹੀ, ਸਰਵਿਸ ਮੱਦਾਂ ਨੂੰ ਡੈਬਿਟ ਕਰਕੇ ਪੈਸਾ ਕਢਵਾਉਣ ਦੀ ਆਗਿਆ ਹੈ ਅਤੇ ਇਸ ਖਰਚੇ ਨੂੰ ਸਰਵਿਸ ਮੱਦ ਹੇਠ ਖਰਚੇ ਵਜੋਂ ਦਰਸਾਇਆ ਜਾਂਦਾ ਹੈ। ਇਹ ਰਕਮਾਂ ਪੀ ਏ ਜੀ (ਏ ਐਂਡ ਈ) ਨੂੰ ਛੇ ਮਹੀਨਿਆਂ ਦੇ ਅੰਦਰ-ਅੰਦਰ ਪੇਸ਼ ਕਰਨ ਲਈ ਡਿਟੇਲਡ ਕੰਟੀਜੈਂਟ (ਡੀ ਸੀ) ਬਿਲਾਂ ਦੇ ਬਕਾਇਆ ਹੋਣ ਦੇ ਇਤਰਾਜ਼ ਅਧੀਨ ਰੱਖੀਆਂ ਜਾਂਦੀਆਂ ਹਨ। ਡੀ ਸੀ ਬਿਲਾਂ ਨੂੰ ਦੇਰੀ ਨਾਲ ਜਮ੍ਹਾਂ ਕਰਵਾਉਣਾ ਜਾਂ ਲੰਮੇ ਸਮੇਂ ਤੋਂ ਨਾ ਜਮ੍ਹਾਂ ਕਰਨ ਨਾਲ ਖਾਤਿਆਂ ਦੀ ਮੁਕੰਮਲਤਾ ਅਤੇ ਸਹੀ ਹੋਣ ਤੇ ਅਸਰ ਪੈ ਸਕਦਾ ਹੈ।

31 ਮਾਰਚ 2020 ਨੂੰ ਸਮਾਯੋਜਿਤ ਹੋਣ ਲਈ ਇਤਰਾਜ਼ ਅਧੀਨ ਪਏ ਬਕਾਇਆ ਏ ਸੀ ਬਿਲਾਂ ਦੇ ਵੇਰਵੇ **ਸਾਰਣੀ** 4.4 ( **ੳ ਤੇ ਅ**) ਵਿੱਚ ਦਿੱਤੇ ਗਏ ਹਨ।

**ਸਾਰਣੀ 4.4 (ੳ): ਡੀ ਸੀ ਬਿਲ ਨਾ ਭੇਜਣ ਦੇ ਵੇਰਵੇ**

*(₹ ਕਰੋੜ ਵਿੱਚ)*

| ਸਾਲ | ਮੁਢਲਾ ਬਕਾਇਆ | | ਵਾਧਾ | | ਕਲੀਅਰੈਂਸ | | ਅੰਤਿਮ ਬਕਾਇਆ | |
|---|---|---|---|---|---|---|---|---|
| | ਬਿਲਾਂ ਦੀ ਸੰਖਿਆ | ਰਾਸ਼ੀ | ਬਿਲਾਂ ਦੀ ਸੰਖਿਆ | ਰਾਸ਼ੀ | ਬਿਲਾਂ ਦੀ ਸੰਖਿਆ | ਰਾਸ਼ੀ | ਬਿਲਾਂ ਦੀ ਸੰਖਿਆ | ਰਾਸ਼ੀ |
| 2017-18 | 453 | 701.75 | 26 | 163.23 | 65 | 103.45 | 414 | 761.53 |
| 2018-19 | 414 | 761.53 | 944 | 3567.26 | 569 | 1245.48 | 789 | 3083.31 |
| 2019-20 | 789 | 3083.31 | 1336 | 3857.03 | 1530 | 5148.32 | 595 | 1792.02 |

*ਸ੍ਰੋਤ: ਵਿੱਤ ਲੇਖੇ ਅਤੇ ਮਹਾਂ ਲੇਖਾਕਾਰ (ਲੇਖਾ ਤੇ ਹੱਕਦਾਰੀ) ਪੰਜਾਬ ਦਾ ਦਫਤਰ*

**ਸਾਰਣੀ 4.4 (ਅ): ਡੀ ਸੀ ਬਿਲਾਂ ਦਾ ਸਮਾਂ-ਵਾਰ ਬਕਾਇਆ**

*(₹ ਕਰੋੜ ਵਿੱਚ))*

| ਗ੍ਰਾਂਟ ਦਾ ਸਾਲ | ਡੀ ਸੀ ਬਿਲਾਂ ਦੀ ਸੰਖਿਆ | ਰਾਸ਼ੀ |
|---|---|---|
| 2017-18 ਤੱਕ | 147 | 258.88 |
| 2018-19 | 183 | 1,308.20 |
| 2019-20 | 265 | 224.94 |
| **ਜੋੜ** | **595** | **1,792.02** |

*ਸ੍ਰੋਤ: ਵਿੱਤ ਲੇਖੇ ਅਤੇ ਮਹਾਂ ਲੇਖਾਕਾਰ (ਲੇਖਾ ਤੇ ਹੱਕਦਾਰੀ) ਪੰਜਾਬ ਦਾ ਦਫਤਰ*

ਇਹ ਵੇਖਿਆ ਗਿਆ ਸੀ ਕਿ 595 ਬਕਾਇਆ ਏ ਸੀ ਬਿਲਾਂ ਵਿੱਚੋਂ ₹ 628.44 ਕਰੋੜ ਦੀ ਰਾਸ਼ੀ ਦੇ 251 ਬਿਲ ਪੂੰਜੀਗਤ ਜਾਇਦਾਦਾਂ ਦੇ ਨਿਰਮਾਣ ਲਈ ਕਢਵਾਏ ਗਏ ਸਨ। ਇਸ ਤੋਂ ਇਲਾਵਾ ਸਾਲ 2019-20 ਦੌਰਾਨ ਕਢਵਾਏ ਗਏ ₹ 1,819.03 ਕਰੋੜ ਦੀ ਰਾਸ਼ੀ ਦੇ 1264 ਏ ਸੀ ਬਿਲਾਂ ਵਿੱਚੋਂ ₹ 390.78 ਕਰੋੜ ਦੀ ਰਾਸ਼ੀ ਦੇ 321 ਬਿਲ ਮਾਰਚ 2020 ਵਿੱਚ ਕਢਵਾਏ ਗਏ ਸਨ।

**ਚਾਰਟ 4.2: ਮੁੱਖ ਵਿਭਾਗਾਂ ਨਾਲ ਸਬੰਧਤ ਬਕਾਇਆ ਡੀ ਸੀ ਬਿਲ**

*(₹ ਕਰੋੜ ਵਿੱਚ)*




*ਸ੍ਰੋਤ: ਵਿੱਤ ਲੇਖੇ ਅਤੇ ਮਹਾਂ ਲੇਖਾਕਾਰ ((ਲੇਖਾ ਤੇ ਹੱਕਦਾਰੀ) ਪੰਜਾਬ ਦਾ ਦਫਤਰ*

ਸਾਲ ਦੇ ਅਖੀਰ ਤੇ ਏ ਸੀ ਬਿਲਾਂ ਰਾਹੀਂ ਕੀਤਾ ਖਰਚਾ ਜਨਤਕ ਖਰਚੇ ਦੇ ਮਾੜੇ ਪ੍ਰਬੰਧਨ ਵੱਲ ਇਸ਼ਾਰਾ ਕਰਦਾ ਹੈ ਅਤੇ ਮੁੱਖ ਤੌਰ ਤੇ ਬਜਟ ਉਪਬੰਧ ਨੂੰ ਖਤਮ ਕਰਨ ਲਈ ਹੀ ਧਨ ਕਢਵਾਏ ਜਾਣ ਵੱਲ ਇਸ਼ਾਰਾ ਕਰ ਰਿਹਾ ਪ੍ਰਤੀਤ ਹੁੰਦਾ ਹੈ। ਲੰਮੇ ਸਮੇਂ ਲਈ ਪੇਸ਼ਗੀਆਂ ਦੇ ਗੈਰ-ਸਮਾਯੋਜਿਤ ਰਹਿਣ ਨਾਲ ਕੁਵਰਤੋਂ ਦੇ ਖਤਰੇ ਬਣਦੇ ਹਨ ਅਤੇ ਇਸ ਲਈ ਸਬੰਧਤ ਡੀ ਡੀ ਓਜ਼ ਵਲੋਂ ਡੀ ਸੀ ਬਿਲ ਭੇਜਣ ਨੂੰ ਯਕੀਨੀ ਬਣਾਉਣ ਲਈ ਨੇੜੇ ਤੋਂ ਨਿਗਰਾਨੀ ਕਰਨ ਦੀ ਲੋੜ ਹੈ। ਇਸ ਤੋਂ ਇਲਾਵਾ ਵਿੱਤ ਲੇਖਿਆਂ ਵਿੱਚ ਦਰਸਾਏ ਗਏ ਖਰਚੇ ਨੂੰ ਪ੍ਰਾਪਤ ਨਹੀਂ ਹੋਏ ਡੀ ਸੀ ਬਿਲਾਂ ਦੀ ਹੱਦ ਤੱਕ ਫਾਈਨਲ ਨਹੀਂ ਕਿਹਾ ਜਾ ਸਕਦਾ। ਰਾਜ ਸਰਕਾਰ ਨੇ ਕਿਹਾ (ਜੂਨ 2021) ਕਿ ਬਕਾਇਆ ਏ ਸੀ ਬਿਲਾਂ ਦਾ ਨਿਪਟਾਰਾ ਕਰਨ ਲਈ ਵਿਭਾਗਾਂ ਨੂੰ ਸਮੇਂ ਸਮੇਂ ਤੇ ਹਦਾਇਤਾਂ ਜਾਰੀ ਕੀਤੀਆਂ ਜਾ ਰਹੀਆਂ ਸਨ।

## ਆਂਕਣਾ ਨਾਲ ਸਬੰਧਤ ਮਾਮਲੇ

## 4.6 ਮੁੱਖ ਸਸਪੈਂਸ ਅਤੇ ਡੀ ਡੀ ਆਰ ਮੱਦਾਂ ਅਧੀਨ ਪਿਆ ਬਕਾਇਆ

ਵਿੱਤ ਲੇਖੇ, ਸਸਪੈਂਸ ਅਤੇ ਰੈਮੀਟੈਂਸ ਮੱਦਾਂ ਅਧੀਨ ਨਿਰੋਲ ਬਕਾਇਆਂ ਨੂੰ ਦਰਸਾਉਂਦੇ ਹਨ। ਇਨ੍ਹਾਂ ਮੱਦਾਂ ਅਧੀਨ ਪਏ ਬਕਾਏ ਦੀ ਆਂਕਣਾ ਵੱਖ-ਵੱਖ ਮੱਦਾਂ ਅਧੀਨ ਪਏ ਡੈਬਿਟ ਅਤੇ ਕਰੈਡਿਟ ਬਕਾਇਆਂ ਨੂੰ ਵੱਖਰਾ ਵੱਖਰਾ ਜੋੜ ਕੇ ਕੀਤੀ ਜਾਂਦੀ ਹੈ। ਪਿਛਲੇ ਤਿੰਨ ਸਾਲਾਂ ਲਈ ਮਹੱਤਵਪੂਰਣ ਸਸਪੈਂਸ ਆਈਟਮਾਂ ਨੂੰ **ਸਾਰਣੀ 4.5 ਵਿੱਚ** ਸਕਲ ਡੈਬਿਟ ਅਤੇ ਕਰੈਡਿਟ ਬਕਾਇਆਂ ਵਜੋਂ ਦਰਸਾਇਆ ਗਿਆ ਹੈ।

**ਸਾਰਣੀ 4.5: ਸਸਪੈਂਸ ਅਤੇ ਰੈਮੀਟੈਂਸ ਮੱਦਾਂ ਅਧੀਨ ਬਕਾਏ**

*(₹ ਕਰੋੜ ਵਿੱਚ)*

| ਲੇਖੇ ਦੀ ਮੱਦ | | 2017-18 | | 2018-19 | | 2019-20 | |
|---|---|---|---|---|---|---|---|
| 1 | | ਡੈਬਿਟ | ਕਰੈਡਿਟ | ਡੈਬਿਟ | ਕਰੈਡਿਟ | ਡੈਬਿਟ | ਕਰੈਡਿਟ |
| **8658** | **ਸਸਪੈਂਸ ਲੇਖਾ** | | | | | | |
| 101 | ਪੇਅ ਅਤੇ ਅਕਾਊਂਟਸ ਆਫਿਸ ਸਸਪੈਂਸ | 70.63 | 4.44 | 55.24 | 0.03 | 70.75 | 0.04 |
| | ਨਿਰੋਲ ਡੈਬਿਟ /ਕਰੈਡਿਟ | **66.19 ਡੈਬਿਟ** | | **55.21 ਡੈਬਿਟ** | | **70.71 ਡੈਬਿਟ** | |
| 102 | ਸਸਪੈਂਸ ਲੇਖਾ-(ਸਿਵਲ) | 0.19 | .. | 29.53 | .. | 18.30 | .. |
| | ਨਿਰੋਲ ਡੈਬਿਟ /ਕਰੈਡਿਟ | **0.19 ਡੈਬਿਟ** | | **29.53 ਡੈਬਿਟ** | | **18.30 ਡੈਬਿਟ** | |
| 109 | ਰਿਜ਼ਰਵ ਬੈਂਕ ਸਸਪੈਂਸ-(ਹੈਡਕੁਆਟਰਜ਼) | 0.04 | .. | 0.66 | .. | 0.33 | .. |
| | ਨਿਰੋਲ ਡੈਬਿਟ /ਕਰੈਡਿਟ | **0.04 ਡੈਬਿਟ** | | **0.66 ਡੈਬਿਟ** | | **0.33 ਡੈਬਿਟ** | |
| 110 | ਰਿਜ਼ਰਵ ਬੈਂਕ ਸਸਪੈਂਸ-(ਕੇਂਦਰੀ ਅਕਾਊਂਟਸ ਆਫਿਸ) | .. | .. | 0.69 | .. | 22.27 | .. |
| | ਨਿਰੋਲ ਡੈਬਿਟ /ਕਰੈਡਿਟ | **..** | | **0.69 ਡੈਬਿਟ** | | **22.27 ਡੈਬਿਟ** | |
| 112 | ਸ੍ਰੋਤ ਤੇ ਕਰ ਦੀ ਕਟੌਤੀ (ਟੀ ਡੀ ਐਸ) ਦਾ ਸਸਪੈਂਸ | .. | 15.42 | .. | 124.06 | .. | 119.96 |
| | ਨਿਰੋਲ ਡੈਬਿਟ /ਕਰੈਡਿਟ | **15.42 ਕਰੈਡਿਟ** | | **124.06 ਕਰੈਡਿਟ** | | **119.96 ਕਰੈਡਿਟ** | |
| 123 | ਏ ਆਈ ਐਸ ਅਧਿਕਾਰੀਆਂ ਦੀ ਗਰੁੱਪ ਬੀਮਾ ਸਕੀਮ | .. | 0.14 | .. | 0.09 | .. | 0.11 |
| | ਨਿਰੋਲ ਡੈਬਿਟ /ਕਰੈਡਿਟ | **0.14 ਕਰੈਡਿਟ** | | **0.09 ਕਰੈਡਿਟ** | | **0.11 ਕਰੈਡਿਟ.** | |
| **8782** | **ਇੱਕੋ ਲੇਖਾ ਅਧਿਕਾਰੀ ਨੂੰ ਲੇਖਾ ਪੇਸ਼ ਕਰਨ ਵਾਲੇ ਅਧਿਕਾਰੀਆਂ ਵਿਚਕਾਰ ਕੈਸ਼ ਰੈਮੀਟੈਂਸ ਅਤੇ ਸਮਾਯੋਜਨ** | | | | | | |
| 102 | ਲੋਕ ਨਿਰਮਾਣ ਰੈਮੀਟੈਂਸਜ਼ | 0.10 | .. | (-) 9.02 | .. | (-) 3.51 | .. |
| | ਨਿਰੋਲ ਡੈਬਿਟ/ਕਰੈਡਿਟ | **0.10 ਡੈਬਿਟ** | | **(-) 9.02 ਡੈਬਿਟ** | | **(-) 3.51 ਡੈਬਿਟ** | |
| 103 | ਜੰਗਲਾਤ ਰੈਮੀਟੈਂਸਜ਼ | (-) 0.01 | .. | .. | .. | 6.19 | .. |
| | ਨਿਰੋਲ ਡੈਬਿਟ /ਕਰੈਡਿਟ | **(-) 0.01 ਡੈਬਿਟ** | | **..** | | **6.19 ਡੈਬਿਟ** | |
| **8793** | **ਅੰਤਰ-ਰਾਜੀ ਸਸਪੈਂਸ ਲੇਖਾ** | 13.50 | .. | 11.93 | .. | 22.59 | .. |
| | ਨਿਰੋਲ ਡੈਬਿਟ /ਕਰੈਡਿਟ | **13.50 ਡੈਬਿਟ** | | **11.93 ਡੈਬਿਟ** | | **22.59 ਡੈਬਿਟ** | |

*ਸ੍ਰੋਤ: ਵਿੱਤ ਲੇਖੇ*

## 4.7 ਕੈਸ਼ ਬਕਾਇਆਂ ਦਾ ਮਿਲਾਨ

ਮਹਾਂ ਲੇਖਾਕਾਰ (ਲੇਖਾ ਤੇ ਹੱਕਦਾਰੀ) ਦੇ ਲੇਖਿਆਂ ਅਨੁਸਾਰ 2019-20 ਲਈ ਰਾਜ ਸਰਕਾਰ ਦਾ ਕੈਸ਼ ਬਕਾਇਆ ₹ 509.95 ਕਰੋੜ (ਕਰੈਡਿਟ) ਸੀ ਜਦੋਂਕਿ ਭਾਰਤੀ ਰਿਜ਼ਰਵ ਬੈਂਕ ਵਲੋਂ ਇਹ ₹ 446.78 ਕਰੋੜ (ਕਰੈਡਿਟ) ਦੱਸਿਆ ਗਿਆ ਸੀ। ਇਸ ਤਰਾਂ ₹ 956.73 ਕਰੋੜ (ਕਰੈਡਿਟ) ਦਾ ਬਗੈਰ ਮਿਲਾਨ ਕੀਤਾ ਗਿਆ ਅੰਤਰ ਸੀ।

ਇਹ ਅੰਤਰ ਮੁੱਖ ਤੌਰ ਤੇ ਗਲਤ ਰਿਪੋਟਿੰਗ ਅਤੇ ਏਜੰਸੀ ਬੈਂਕਾਂ ਵੱਲੋਂ ਖਜ਼ਾਨਿਆਂ ਨਾਲ ਅੰਕੜਿਆਂ ਦਾ ਮਿਲਾਨ ਨਾ ਕਰਨ ਕਰਕੇ ਸੀ, ਜੋਕਿ ਸਮੀਖਿਆ ਅਧੀਨ ਹੈ। ਰਾਜ ਵਿੱਚ ਅਦਾਇਗੀਆਂ ਲਈ ਈ-ਕੁਬੇਰ ਸਿਸਟਮ (ਆਰ ਬੀ ਆਈ ਦੇ) ਦੇ ਰਾਜ ਇੰਟੀਗ੍ਰੇਟਡ ਵਿੱਤੀ ਪ੍ਰਬੰਧਨ ਸਿਸਟਮ (ਆਈ ਐਫ ਐਮ ਐਸ) ਨਾਲ ਏਕੀਕਰਨ ਤੋਂ ਬਾਅਦ ਵਿੱਤੀ ਕਾਰਵਿਹਾਰਾਂ ਨੂੰ ਰਿਪੋਰਟ ਕਰਨ ਵਿਚ ਸਮੇ ਦੇ ਅੰਤਰ ਨੇ ਵੀ, ਇਸ ਅੰਤਰ ਨੂੰ ਵਧਾਇਆ ਹੈ ਕਿਉਂਜੋ ਰਾਜ ਆਈ ਐਫ ਐਮ ਐਸ, ਕਾਰਵਿਹਾਰ ਦੀ ਮਿਤੀ ਦੇ ਅਧਾਰ ਤੇ ਰਿਪੋਰਟ ਕਰਦਾ ਹੈ ਜਦੋਂਕਿ ਈ-ਕੁਬੇਰ ਸਿਸਟਮ ਕਾਰਵਿਹਾਰਾਂ ਦੀ ਸਕਰੋਲ ਮਿਤੀ ਦੇ ਅਧਾਰ ਤੇ ਰਿਪੋਰਟ ਕਰਦਾ ਹੈ। 31 ਜੁਲਾਈ 2020 ਨੂੰ (ਮਾਰਚ ਦੇ ਪੂਰਕ ਲੇਖਿਆਂ ਨੂੰ ਸਮੇਟਣ ਦੀ ਮਿਤੀ) ₹ 101.24 ਕਰੋੜ (ਨਿਰੋਲ ਕਰੈਡਿਟ) ਦਾ ਅੰਤਰ ਸੀ।

'ਮੈਮੋਰੰਡਮ ਆਫ ਇਨਸਟ੍ਰਕਸ਼ਨਜ਼ ਆਨ ਅਕਾਊਂਟਿੰਗ ਐਂਡ ਰੀਕਨਸੀਲੀਏਸ਼ਨ-ਸਟੇਟ ਗਵਰਨਮੈਂਟ ਟਰਾਂਜ਼ੈਕਸ਼ਨ' ਦੇ ਪੈਰ੍ਹਾ 5.11 ਵਿੱਚ ਦਿੱਤੀ ਪ੍ਰਕ੍ਰਿਆ ਅਨੁਸਾਰ ਏਜੰਸੀ ਬੈਂਕਾਂ ਵੱਲੋਂ ਕੁਲੈਕਸ਼ਨਜ਼ ਨੂੰ ਦੇਰੀ ਨਾਲ ਕਰੈਡਿਟ ਕਰਨ ਲਈ ਰਾਜ ਸਰਕਾਰ ਦੁਆਰਾ ਵਿਆਜ ਦਾ ਕਲੇਮ ਕਰਨਾ ਬਣਦਾ ਹੈ, ਜੋਕਿ ਨਹੀਂ ਕੀਤਾ ਗਿਆ ਹੈ। ਇਸ ਲਈ ਮਹਾਂ ਲੇਖਾਕਾਰ (ਲੇਖਾ ਤੇ ਹੱਕਦਾਰੀ) ਵੱਲੋਂ ਕੈਸ਼ ਬਕਾਏ ਦੇ ਮਿਲਾਨ ਦੇ ਅਧਾਰ ਤੇ ਆਂਕੇ ਗਏ ਦੇਰੀ ਦੇ ਵਿਆਜ ਸਬੰਧੀ ਰਾਜ ਸਰਕਾਰ ਨੂੰ ਸੂਚਨਾ ਦਿੱਤੀ ਗਈ ਸੀ, ਜਿਸਨੇ ਕਿ ਏਜੰਸੀ ਬੈਂਕਾਂ ਕੋਲੋਂ ₹ 5.23 ਕਰੋੜ ਦੇ ਦੰਡਿਤ ਵਿਆਜ ਦੇ ਕਲੇਮ ਕੀਤੇ। ਇਨ੍ਹਾਂ ਕਲੇਮਾਂ ਦਾ ਅਜੇ ਤੱਕ ਨਿਪਟਾਰਾ ਨਹੀਂ ਹੋਇਆ ਹੈ।

## 4.8 ਮੰਡਲ ਅਧਿਕਾਰੀਆਂ ਕੋਲ ਕੈਸ਼

ਪੰਜਾਬ ਵਿੱਤੀ ਨਿਯਮਾਵਲੀ ਭਾਗ-1 ਦੇ ਨਿਯਮ 2.10 (ਬੀ) (5) ਅਨੁਸਾਰ, ਖਜ਼ਾਨੇ ਵਿੱਚੋਂ ਕੋਈ ਵੀ ਧਨ ਉਦੋਂ ਤੱਕ ਨਹੀਂ ਕਢਵਾਉਣਾ ਚਾਹੀਦਾ ਜਦੋਂ ਤੱਕ ਇਹ ਤੁਰੰਤ ਭੁਗਤਾਨ ਕਰਨ ਲਈ ਜ਼ਰੂਰੀ ਨਾ ਹੋਵੇ ਜਾਂ ਪੱਕੀ ਪੇਸ਼ਗੀ ਵਿੱਚੋਂ ਪਹਿਲਾਂ ਹੀ ਅਦਾ ਨਾ ਕਰ ਦਿੱਤਾ ਗਿਆ ਹੋਵੇ। ਖਜ਼ਾਨੇ ਵਿੱਚੋਂ ਉਨ੍ਹਾਂ ਕੰਮਾਂ ਨੂੰ ਕਰਵਾਉਣ ਲਈ ਪੇਸ਼ਗੀਆਂ ਕਢਵਾਉਣ ਦੀ ਆਗਿਆ ਨਹੀਂ ਹੈ, ਜਿਨ੍ਹਾਂ ਦੇ ਪੂਰੇ ਹੋਣ ਵਿੱਚ ਚੋਖਾ ਸਮਾਂ ਲੱਗਣ ਦੀ ਸੰਭਾਵਨਾ ਹੋਵੇ।

ਵਿੱਤ ਵਿਭਾਗ ਦੀਆਂ ਹਦਾਇਤਾਂ (ਮਾਰਚ 2015) ਅਨੁਸਾਰ, ਲੋਕ ਨਿਰਮਾਣ (ਪੀ ਡਬਲਿਊ ਡੀ) ਦੇ ਡਰਾਇੰਗ ਅਤੇ ਡਿਸਬਰਸਿੰਗ ਅਧਿਕਾਰੀ (ਡੀ ਡੀ ਓ), ਗੈਰ ਸਰਕਾਰੀ ਏਜੰਸੀਆਂ ਨਾਲ ਸਬੰਧਤ ਡਿਪਾਜ਼ਿਟ ਕਾਰਜਾਂ ਦੇ ਫੰਡਾਂ ਨੂੰ '8443-ਸਿਵਲ ਡਿਪਾਜ਼ਿਟਸ-108 ਪੀ ਡਬਲਿਊ ਡਿਪਾਜ਼ਿਟ' ਮੱਦ ਅਧੀਨ ਰੱਖਣਗੇ। ਪੀ ਡਬਲਿਊ ਡੀ ਦੇ ਡੀ ਡੀ ਓਜ਼ ਇਸੇ ਲੇਖਾ ਮੱਦ ਅਧੀਨ ਖਜ਼ਾਨੇ ਨੂੰ ਬਿਲ ਪੇਸ਼ ਕਰਕੇ ਆਪਣੇ ਡਿਪਾਜ਼ਿਟ ਖਾਤਿਆਂ ਵਿੱਚੋਂ ਫੰਡ ਕਢਵਾ ਸਕਦੇ ਹਨ।

ਇਸ ਤੋਂ ਇਲਾਵਾ ਇਹ ਵੀ ਨਿਰਦੇਸ਼ ਦਿੱਤਾ ਗਿਆ ਸੀ ਕਿ 31 ਮਾਰਚ 2015 ਤੱਕ ਸਾਰੇ ਬੈਂਕ ਖਾਤੇ ਬੰਦ ਹੋਣੇ ਚਾਹੀਦੇ ਸਨ ਅਤੇ ਮੱਦ '8671-ਵਿਭਾਗੀ ਬਕਾਏ-101 ਸਿਵਲ' ਅਧੀਨ ਪਈ ਅਣਵਰਤੀ ਰਾਸ਼ੀ ਨੂੰ ਸਰਕਾਰੀ ਖਾਤੇ ('8443-ਸਿਵਲ ਡਿਪਾਜ਼ਿਟਸ' ਮੱਦ ਅਧੀਨ) ਵਿੱਚ ਜਮ੍ਹਾ ਕਰਵਾਉਣਾ ਚਾਹੀਦਾ ਹੈ ਅਤੇ ਅਪ੍ਰੈਲ 2015 ਤੋਂ ਕਿਸੇ ਵੀ ਬੈਂਕ ਖਾਤੇ ਦਾ ਸੰਚਾਲਨ ਨਹੀ ਕੀਤਾ ਜਾਣਾ ਸੀ।

ਉਕਤ ਹਦਾਇਤਾਂ ਦੀ ਉਲੰਘਣਾ ਵਿੱਚ, 31 ਮਾਰਚ 2020 ਨੂੰ 188 ਲੋਕ ਨਿਰਮਾਣ ਮੰਡਲਾਂ ਵਿੱਚ ਮੁੱਖ ਮੱਦ '8671-ਵਿਭਾਗੀ ਅਧਿਕਾਰੀਆਂ ਕੋਲ ਵਿਭਾਗੀ ਬਕਾਏ' ਅਧੀਨ ₹ 725.54 ਕਰੋੜ ਦੀ ਰਾਸ਼ੀ ਅਜੇ ਵੀ ਪਈ ਸੀ। ਇਸ ਰਾਸ਼ੀ ਵਿਚੋਂ, ₹ 710.74 ਕਰੋੜ ਦੀ ਰਾਸ਼ੀ 593 ਬੈਂਕ ਖਾਤਿਆਂ (ਡਿਵਿਜ਼ਨਲ ਕੈਸ਼ ਬੁਕਸ ਦੇ ਅਨੁਸਾਰ), ₹ 13.48 ਕਰੋੜ ਕੈਸ਼ ਚੈਸਟ ਵਿੱਚ ਅਤੇ ₹ 1.32 ਕਰੋੜ ਦੀ ਰਾਸ਼ੀ ਕੈਸ਼-ਇਨ-ਟਰਾਂਜ਼ਿਟ ਵਿੱਚ ਪਈ ਸੀ। ਜਿਵੇਂ ਕਿ 2019-20 ਦੌਰਾਨ ਕੀਤੇ ਵਿੱਤੀ ਕਾਰਵਿਹਾਰਾਂ ਭਾਵ ₹ 810.79 ਕਰੋੜ (ਕਰੈਡਿਟ) ਅਤੇ ₹ 701.12 ਕਰੋੜ (ਡੈਬਿਟ) ਤੋਂ ਸਾਬਤ ਹੁੰਦਾ ਹੈ, ਇਹ ਬੈਂਕ ਖਾਤੇ ਕ੍ਰਿਆਸ਼ੀਲ ਰਹੇ ਸਨ। ਜੇਕਰ ਇਨ੍ਹਾਂ ਫੰਡਾਂ ਨੂੰ ਸਰਕਾਰੀ ਖਾਤੇ ('8443-ਸਿਵਲ ਡਿਪਾਜ਼ਿਟਸ' ਅਧੀਨ) ਵਿੱਚ ਜਮ੍ਹਾ ਕਰਵਾਇਆ ਹੁੰਦਾ ਤਾਂ ਓਨੇ ਉਧਾਰ ਟਾਲੇ ਜਾ ਸਕਦੇ ਸਨ।

## ਡਿਸਕਲੋਜ਼ਰ ਨਾਲ ਸਬੰਧਤ ਮਾਮਲੇ

### 4.9 ਲੇਖਾ ਮਿਆਰਾਂ ਦੀ ਪਾਲਣਾ

ਭਾਰਤ ਦੇ ਸੰਵਿਧਾਨ ਦੇ ਅਨੁਛੇਦ 150 ਅਨੁਸਾਰ ਭਾਰਤ ਦੇ ਰਾਸ਼ਟਰਪਤੀ, ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ (ਸੀ ਏ ਜੀ) ਦੀ ਸਲਾਹ ਤੇ, ਸੰਘ ਅਤੇ ਰਾਜਾਂ ਦੇ ਲੇਖਿਆਂ ਦੇ ਫਾਰਮ ਨਿਰਧਾਰਤ ਕਰਦੇ ਹਨ। ਭਾਰਤ ਦੇ ਰਾਸ਼ਟਰਪਤੀ ਵੱਲੋਂ ਸੀ ਏ ਜੀ ਦੀ ਸਲਾਹ ਤੇ ਹੁਣ ਤੱਕ ਤਿੰਨ 'ਭਾਰਤ ਸਰਕਾਰ ਦੇ ਲੇਖਾ ਮਿਆਰ' (ਆਈ ਜੀ ਏ ਐਸ) ਨੋਟੀਫਾਈ ਕੀਤੇ ਜਾ ਚੁੱਕੇ ਹਨ। ਸਾਲ 2019-20 ਦੌਰਾਨ ਪੰਜਾਬ ਸਰਕਾਰ ਵਲੋਂ ਇਨ੍ਹਾਂ ਲੇਖਾ ਮਿਆਰਾਂ ਦੀ ਪਾਲਣਾ ਅਤੇ ਅਜਿਹਾ ਕਰਨ ਵਿੱਚ ਕਮੀਆਂ ਦਾ **ਸਾਰਣੀ** 4.6 ਵਿੱਚ ਵੇਰਵਾ ਦਿੱਤਾ ਗਿਆ ਹੈ।

**ਸਾਰਣੀ 4.6: ਲੇਖਾ ਮਿਆਰਾਂ ਦੀ ਪਾਲਣਾ**

| ਲੜੀ ਨੰ. | ਲੇਖਾ ਮਿਆਰ | ਆਈ ਜੀ ਏ ਐਸ ਦਾ ਸੰਖੇਪ | ਰਾਜ ਸਰਕਾਰ ਵੱਲੋਂ ਪਾਲਣਾ | ਕਮੀ ਦਾ ਅਸਰ |
|---|---|---|---|---|
| 1. | ਆਈ ਜੀ ਏ ਐਸ-I: | ਸਰਕਾਰ ਵੱਲੋਂ ਦਿੱਤੀਆ ਗਰੰਟੀਆਂ ਡਿਸਕਲੋਜ਼ਰ ਲੋੜਾਂ | ਪਾਲਣਾ ਕਰ ਲਈ ਗਈ (ਵਿੱਤ ਲੇਖਿਆਂ ਦੀ ਵਿਵਰਣੀ 9 ਅਤੇ 20) | ਨਿੱਲ |
| 2. | ਆਈ ਜੀ ਏ ਐਸ-2: | ਸਹਾਇਤਾ ਗ੍ਰਾਂਟਾਂ ਦੀ ਲੇਖਾ ਬੱਧਤਾ ਅਤੇ ਵਰਗੀਕਰਣ | ਪਾਲਣਾ ਨਹੀਂ ਕੀਤੀ ਗਈ (ਵਿੱਤ ਲੇਖਿਆ ਦੀ ਵਿਵਰਣੀ 10) | ਸਹਾਇਤਾ ਗ੍ਰਾਂਟਾਂ ਦਾ ਵਸਤਾਂ ਦੇ ਰੂਪ ਵਿੱਚ ਕੁੱਲ ਮੁੱਲ ਅਤੇ ਸਹਾਇਤਾ ਗ੍ਰਾਂਟਾਂ ਦੇ ਪੂੰਜੀਗਤ ਜਾਇਦਾਦਾਂ ਦੇ ਰੂਪ ਵਿੱਚ ਮੁੱਲ ਸਬੰਧੀ ਸੂਚਨਾ ਨਹੀਂ ਬਣਾਈ ਜਾ ਸਕੀ ਕਿਉਂਕਿ ਰਾਜ ਸਰਕਾਰ ਵੱਲੋਂ ਇਹ ਸੂਚਨਾ ਮੁੱਹਈਆਂ ਨਹੀਂ ਕਰਵਾਈ ਗਈ ਸੀ |
| 3. | ਆਈ ਜੀ ਏ ਐਸ-3: | ਸਰਕਾਰ ਵੱਲੋਂ ਦਿੱਤੇ ਗਏ ਕਰਜ਼ੇ ਅਤੇ ਪੇਸ਼ਗੀਆਂ | ਪਾਲਣਾ ਨਹੀ ਕੀਤੀ ਗਈ (ਵਿੱਤ ਲੇਖਿਆਂ ਦੀ ਵਿਵਰਣੀ 7 ਅਤੇ 18) | ਸਾਲ ਦੌਰਾਨ ਦਿੱਤੇ ਗਏ ਨਵੇਂ ਕਰਜ਼ੇ ਅਤੇ ਪੇਸ਼ਗੀਆਂ ਦੇ ਸਬੰਧ ਵਿੱਚ ਬਕਾਇਆਂ ਵਿੱਚ ਵਿਆਜ ਅਦਾਇਗੀ, ਵਿਆਜ ਦੀ ਦਰ ਅਤੇ ਮੋਰਾਟੋਰੀਅਮ ਦੀ ਮਿਆਦ (ਜੇ ਕੋਈ ਹੈ), ਉਨ੍ਹਾਂ ਕਰਜ਼ੇ ਲੈਣ ਵਾਲੀਆਂ |

| ਲੜੀ ਨੰ. | ਲੇਖਾ ਮਿਆਰ | ਆਈ ਜੀ ਏ ਐਸ ਦਾ ਸੰਖੇਪ | ਰਾਜ ਸਰਕਾਰ ਵੱਲੋਂ ਪਾਲਣਾ | ਕਮੀ ਦਾ ਅਸਰ |
|---|---|---|---|---|
| | | | | ਸੰਸਥਾਵਾਂ ਨੂੰ ਦਿੱਤੇ ਗਏ ਕਰਜ਼ੇ ਜਿਨ੍ਹਾਂ ਤੋਂ ਪਹਿਲੇ ਲਏ ਕਰਜ਼ਿਆਂ ਦੀਆਂ ਮੁੜ ਅਦਾਇਗੀਆਂ ਬਕਾਇਆ ਸਨ ਅਤੇ ਵਿਸ਼ੇਸ਼ ਨਿਯਮਾਂ ਅਤੇ ਸ਼ਰਤਾਂ ਤੋਂ ਬਗੈਰ ਮਨਜ਼ੂਰ ਕੀਤੇ ਗਏ ਕਰਜ਼ਿਆਂ ਦਾ ਡਿਸਕਲੋਜ਼ਰ ਨਹੀਂ ਕੀਤਾ ਜਾ ਸਕਿਆ ਸੀ ਕਿਉਂਜੋ ਰਾਜ ਸਰਕਾਰ ਵਲੋਂ ਇਹ ਸੂਚਨਾ ਮੁਹੱਈਆ ਨਹੀਂ ਕਰਵਾਈ ਗਈ ਸੀ। |

*ਸ੍ਰੋਤ: ਵਿੱਤ ਲੇਖੇ ਅਤੇ ਮਹਾਂ ਲੇਖਾਕਾਰ (ਲੇਖਾ ਤੇ ਹੱਕਦਾਰੀ) ਪੰਜਾਬ ਦਾ ਦਫਤਰ*

ਰਾਜ ਸਰਕਾਰ ਨੇ ਕਿਹਾ (ਜੂਨ 2021) ਕਿ ਇਸ ਸਬੰਧੀ ਜ਼ਰੂਰੀ ਕਾਰਵਾਈ ਕੀਤੀ ਜਾਵੇਗੀ।

## 4.10 ਖੁਦਮੁਖਤਿਆਰ ਸੰਗਠਨਾਂ ਦੇ ਲੇਖੇ ਪੇਸ਼ ਕਰਨਾ

ਸਰਕਾਰ ਵੱਲੋਂ ਸ਼ਹਿਰੀ ਵਿਕਾਸ, ਮਕਾਨ ਉਸਾਰੀ, ਕਿਰਤ ਭਲਾਈ, ਖੇਤੀਬਾੜੀ ਅਤੇ ਨਿਆਂ ਦੇ ਖੇਤਰਾਂ ਵਿੱਚ ਕਈ ਖੁਦਮੁਖਤਿਆਰ ਸੰਗਠਨਾ ਦੀ ਸਥਾਪਨਾ ਕੀਤੀ ਗਈ ਹੈ। 31 ਮਾਰਚ 2020 ਨੂੰ ਨੌਂ ਖੁਦਮੁਖਤਿਆਰ ਸੰਗਠਨਾਂ ਵਿੱਚੋਂ ਪੰਜ ਦੇ 2006-07 ਤੋਂ 2018-19 ਤੱਕ ਦੇ 20 ਲੇਖੇ ਬਕਾਇਆ ਸਨ, ਜਿਵੇਂ ਕਿ **ਸਾਰਣੀ** 4.7 ਵਿੱਚ ਵੇਰਵਾ ਦਿੱਤਾ ਗਿਆ ਹੈ।

**ਸਾਰਣੀ 4.7: 31 ਮਾਰਚ 2020 ਨੂੰ ਸੰਗਠਨਾਂ ਜਾਂ ਅਥਾਰਟੀਆਂ ਦੇ ਲੇਖਿਆਂ ਦੇ ਬਕਾਏ**

| ਲੜੀ ਨੰ. | ਸੰਗਠਨ ਜਾਂ ਅਥਾਰਟੀ ਦਾ ਨਾਂਅ | ਲੇਖੇ, ਕਦੋਂ ਤੋਂ ਬਕਾਇਆ | ਵਿੱਤੀ ਸਾਲ 2019-20 ਤੱਕ ਬਕਾਇਆ ਲੇਖਿਆਂ ਦੀ ਗਿਣਤੀ |
|---|---|---|---|
| 1. | ਪੰਜਾਬ ਕਨੂੰਨੀ ਸੇਵਾਵਾਂ ਅਥਾਰਟੀ, ਚੰਡੀਗੜ੍ਹ | 2018-19 | 1 |
| 2. | ਪੰਜਾਬ ਖਾਦੀ ਅਤੇ ਪੇਂਡੂ ਉਦਯੋਗ, ਬੋਰਡ, ਚੰਡੀਗੜ੍ਹ | 2017-18 | 2 |
| 3. | ਪੰਜਾਬ ਰਾਜ ਮੱਨੁਖੀ ਅਧਿਕਾਰ ਕਮਿਸ਼ਨ, ਚੰਡੀਗੜ੍ਹ | -- | 0 |
| 4. | ਪੰਜਾਬ ਕਿਰਤ ਭਲਾਈ ਬੋਰਡ, ਚੰਡੀਗੜ੍ਹ | 2006-07 | 13 |
| 5. | ਪੁਸ਼ਪਾ ਗੁਜਰਾਲ ਸਾਇੰਸ ਸਿਟੀ, ਕਪੂਰਥਲਾ | -- | 0 |
| 6. | ਪੰਜਾਬ ਭਵਨ ਅਤੇ ਹੋਰ ਉਸਾਰੀ ਕਾਮੇ ਭਲਾਈ ਬੋਰਡ, ਐਸ ਏ ਐਸ ਨਗਰ | 2017-18 | 2 |
| 7. | ਪੰਜਾਬ ਬੱਸ ਮੈਟਰੋ ਸੁਸਾਇਟੀ, ਅੰਮ੍ਰਿਤਸਰ | 2017-18 | 2 |
| 8. | ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ, ਚੰਡੀਗੜ੍ਹ | -- | 0 |
| 9. | ਰੀਅਲ ਐਸਟੇਟ ਰੈਗੂਲੇਟਰੀ ਅਥਾਰਟੀ, ਚੰਡੀਗੜ੍ਹ | -- | 0 |
| **ਜੋੜ** | | | **20** |

*ਸ੍ਰੋਤ: ਦਫਤਰੀ ਰਿਕਾਰਡ*

*ਨੋਟ: ਕਿਸੇ ਪਿਛਲੇ ਵਿੱਤੀ ਸਾਲ ਦੀ ਪੈਂਡੈਂਸੀ ਦੀ ਕਟ-ਆਫ ਮਿਤੀ ਇਸ ਤੋਂ ਅਗਲੇ ਵਿੱਤੀ ਸਾਲ ਦੀ 30 ਸਤੰਬਰ ਲਈ ਜਾਣੀ ਹੈ।*

ਨੌਂ ਵਿੱਚੋਂ ਪੰਜ ਖੁਦਮੁਖਤਿਆਰ ਸੰਗਠਨਾਂ ਦੇ ਸਬੰਧ ਵਿੱਚ ਦੇਰੀ ਇੱਕ ਤੋਂ ਤੇਰਾਂ ਸਾਲਾਂ ਦੀ ਸੀ, ਜਿਸ ਵਿੱਚੋਂ ਪੰਜਾਬ ਕਿਰਤ ਭਲਾਈ ਬੋਰਡ ਨੇ 2006-07 ਤੋਂ ਆਪਣੇ ਲੇਖੇ ਪੇਸ਼ ਨਹੀਂ ਕੀਤੇ ਸਨ। ਲੇਖਿਆਂ ਨੂੰ ਅੰਤਿਮ ਰੂਪ ਦੇਣ ਵਿੱਚ ਦੇਰੀ ਕਰਕੇ ਵਿੱਤੀ ਅਨਿਯਮਤਾਵਾਂ ਦੇ ਪਤਾ ਨਾ ਲੱਗਣ ਦਾ

ਜੋਖਮ ਹੁੰਦਾ ਹੈ ਅਤੇ ਇਸ ਲਈ ਲੇਖਿਆਂ ਨੂੰ ਜਲਦੀ ਤੋਂ ਜਲਦੀ ਅੰਤਿਮ ਰੂਪ ਦੇਣ ਅਤੇ ਲੇਖਾ ਪ੍ਰੀਖਿਆ ਕੋਲ ਪੇਸ਼ ਕਰਨ ਦੀ ਜ਼ਰੂਰਤ ਹੁੰਦੀ ਹੈ। ਰਾਜ ਸਰਕਾਰ ਨੇ ਕਿਹਾ (ਜੂਨ 2021) ਕਿ ਲੇਖਿਆਂ ਨੂੰ ਪੇਸ਼ ਕਰਨ ਲਈ ਮਾਮਲਾ ਸਬੰਧਤ ਪੀ ਐਸ ਯੂਜ਼ ਕੋਲ ਉਠਾਇਆ ਜਾ ਰਿਹਾ ਹੈ। ਜਨਤਕ ਅਦਾਰੇ ਅਤੇ ਵਿਨਿਵੇਸ਼ ਦੇ ਡਾਇਰੈਕਟਰ ਜੋਕਿ ਖੁਦਮੁਖਤਿਆਰ ਸੰਗਠਨਾਂ ਦੇ ਕੰਮ-ਕਾਜ ਦੀ ਨਿਗਰਾਨੀ ਕਰਦੇ ਹਨ, ਨੂੰ ਵੀ ਹਦਾਇਤਾਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ।

ਖੁਦਮੁਖਤਿਆਰ ਸੰਗਠਨਾਂ ਅਤੇ ਵਿਭਾਗਾਂ ਦੁਆਰਾ ਚਲਾਏ ਜਾ ਰਹੇ ਅਦਾਰਿਆਂ ਦੀ ਵਿੱਤੀ ਸਥਿਤੀ ਦਾ ਮੁਲਾਂਕਣ ਕਰਨ ਲਈ ਇਨ੍ਹਾਂ ਦੇ ਲੇਖੇ ਸੰਕਲਿਤ ਕਰਨ ਅਤੇ ਪੇਸ਼ ਕਰਨ ਦੀ ਪ੍ਰਕ੍ਰਿਆ ਵਿੱਚ ਤੇਜ਼ੀ ਲਿਆਉਣ ਲਈ ਇੱਕ ਸਿਸਟਮ ਦਾ ਵਿਕਾਸ ਕਰਨ ਲਈ ਸਰਕਾਰ ਵਿਚਾਰ ਕਰ ਸਕਦੀ ਹੈ। ਇਸ ਤੋਂ ਇਲਾਵਾ, ਕਿਉਂਕਿ ਪੰਜਾਬ ਕਿਰਤ ਭਲਾਈ ਬੋਰਡ ਨੇ 2006-07 ਤੋਂ ਆਪਣੇ ਲੇਖੇ ਪੇਸ਼ ਨਹੀਂ ਕੀਤੇ ਹਨ, ਇਸ ਲਈ ਸਰਕਾਰ ਦੁਆਰਾ ਇਸ ਮਾਮਲੇ ਦੀ ਸਮੀਖਿਆ ਕੀਤੀ ਜਾ ਸਕਦੀ ਹੈ।

## 4.11 ਵਿਭਾਗੀ ਕਮਰਸ਼ੀਅਲ ਅਦਾਰੇ/ਕਾਰਪੋਰੇਸ਼ਨਾਂ/ਕੰਪਨੀਆਂ

ਕੰਪਨੀ ਐਕਟ, 2013 ਦੀ ਧਾਰਾ 394 ਅਤੇ 395 ਅਨੁਸਾਰ, ਸਰਕਾਰੀ ਕੰਪਨੀ ਦੇ ਕੰਮਕਾਜ ਅਤੇ ਮਾਮਲਿਆਂ ਤੇ ਸਲਾਨਾ ਰਿਪੋਰਟ ਇਸ ਦੀ ਸਲਾਨਾ ਜਨਰਲ ਮੀਟਿੰਗ (ਏ ਜੀ ਐਮ) ਦੇ ਤਿੰਨ ਮਹੀਨਿਆਂ ਦੇ ਅੰਦਰ-ਅੰਦਰ ਤਿਆਰ ਕੀਤੀ ਜਾਣੀ ਹੈ। ਇਸ ਨੂੰ ਤਿਆਰ ਕਰਨ ਤੋਂ ਬਾਅਦ ਜਿੰਨੀ ਜਲਦੀ ਹੋ ਸਕੇ ਸਲਾਨਾ ਰਿਪੋਰਟ ਨੂੰ, ਲੇਖਾ ਪ੍ਰੀਖਿਆ ਰਿਪੋਰਟ ਦੀ ਇੱਕ ਕਾਪੀ ਅਤੇ ਸੀ ਏ ਜੀ ਵੱਲੋਂ ਲੇਖਾ ਪ੍ਰੀਖਿਆ ਰਿਪੋਰਟ 'ਤੇ ਕੀਤੀ ਟਿੱਪਣੀ ਜਾਂ ਇਸਦੇ ਪੂਰਕ ਸਮੇਤ, ਰਾਜ ਵਿਧਾਨਪਾਲਿਕਾ ਦੇ ਸਨਮੁੱਖ ਪੇਸ਼ ਕੀਤਾ ਜਾਣਾ ਚਾਹੀਦਾ ਹੈ। ਲਗਭਗ ਇਸੇ ਤਰਾਂ ਦੀਆਂ ਵਿਵਸਥਾਵਾਂ ਵਿਧਾਨਕ ਕਾਰਪੋਰੇਸ਼ਨਾਂ ਨੂੰ ਰੈਗੂਲੇਟ ਕਰਨ ਵਾਲੇ ਵੱਖ ਵੱਖ ਐਕਟਾਂ ਵਿੱਚ ਮੌਜੂਦ ਹਨ।

ਉਕਤ ਮੈਕਾਨਿਜ਼ਮ ਰਾਜ ਦੇ ਸੰਚਿਤ ਫੰਡ ਵਿੱਚੋਂ ਕੰਪਨੀਆਂ ਅਤੇ ਕਾਰਪੋਰੇਸ਼ਨਾਂ ਵਿੱਚ ਨਿਵੇਸ਼ ਕੀਤੇ ਜਨਤਕ ਫੰਡਾਂ ਦੀ ਵਰਤੋਂ ਉੱਤੇ ਵਿਧਾਨਪਾਲਿਕਾ ਦੇ ਲੋੜੀਂਦੇ ਕੰਟਰੋਲ ਦੀ ਵਿਵਸਥਾ ਕਰਦੀ ਹੈ।

ਇਹ ਵੇਖਿਆ ਗਿਆ ਸੀ ਕਿ ਜਨਤਕ ਖੇਤਰ ਦੇ 27 ਅਦਾਰਿਆਂ (ਪੀ ਐਸ ਯੂਜ਼)/ ਕਾਰਪੋਰੇਸ਼ਨਾਂ ਦੇ ਲੇਖੇ ਬਕਾਇਆ ਸਨ, ਜਿਨਾਂ ਵਿੱਚੋਂ ਪੰਜ[1] ਘਾਟੇ ਵਿੱਚ ਚਲ ਰਹੇ ਸਨ। ਅੱਗੇ, ਲੇਖਾ ਪ੍ਰੀਖਿਆ ਦੇ ਧਿਆਨ ਵਿੱਚ ਆਇਆ ਕਿ ਪਿਛਲੇ ਤਿੰਨ ਸਾਲਾਂ ਦੌਰਾਨ ਛੇ ਪੀ ਐਸ ਯੂਜ਼/ਕਾਰਪੋਰੇਸ਼ਨਾਂ ਨੂੰ ਇਨ੍ਹਾਂ ਦੇ ਲੇਖੇ ਬਕਾਇਆ ਹੋਣ ਦੇ ਬਾਵਜੂਦ, ₹ 730.78 ਕਰੋੜ ਦੀ ਬਜਟਰੀ ਸਹਾਇਤਾ ਮੁਹੱਈਆ ਕਰਵਾਈ ਗਈ ਸੀ, ਜਿਵੇਂ ਕਿ **ਸਾਰਣੀ** 4.8 ਵਿੱਚ ਵੇਰਵਾ ਦਿੱਤਾ ਗਿਆ ਹੈ।

---

1 (i) ਪੰਜਾਬ ਰਾਜ ਅਨਾਜ ਖਰੀਦ ਕਾਪੋਰੇਸ਼ਨ ਲਿਮਿਟਡ; (ii) ਪੰਜਾਬ ਜਲ ਸਰੋਤ ਪ੍ਰਬੰਧਨ ਅਤੇ ਵਿਕਾਸ ਕਾਰਪੋਰੇਸ਼ਨ ਲਿਮਿਟਡ; (iii) ਪੰਜਾਬ ਰਾਜ ਸਿਵਲ ਸਪਲਾਈ ਕਾਰਪੋਰੇਸ਼ਨ ਲਿਮਿਟਡ; (iv) ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ; ਅਤੇ (v) ਪੰਜਾਬ ਵਿੱਤੀ ਕਾਰਪੋਰੇਸ਼ਨ।

**ਸਾਰਣੀ 4.8: ਕਮਰਸ਼ੀਅਲ ਅਦਾਰਿਆਂ/ ਕਾਰਪੋਰੇਸ਼ਨਾਂ /ਕੰਪਨੀਆਂ ਨੂੰ ਬਜਟਰੀ ਸਹਾਇਤਾ ਦੇਣ ਦੇ ਵਰ੍ਹੇ-ਵਾਰ ਵੇਰਵੇ**

*(₹ ਕਰੋੜ ਵਿੱਚ)*

| ਲੜੀ ਨੰ. | ਕੰਪਨੀ/ਕਾਰਪੋਰੇਸ਼ਨ ਦਾ ਨਾਂਅ | ਬਜਟਰੀ ਸਹਾਇਤਾ | | | |
|---|---|---|---|---|---|
| | | 2017-18 | 2018-19 | 2019-20 | ਜੋੜ |
| 1. | ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਕਾਰਪੋਰੇਸ਼ਨ ਲਿਮਟਿਡ | 0.00 | 9.48 | 17.00 | 26.48 |
| 2. | ਪੰਜਾਬ ਜਲ ਸ੍ਰੋਤ ਪ੍ਰਬੰਧਨ ਅਤੇ ਵਿਕਾਸ ਕਾਰਪੋਰੇਸ਼ਨ ਲਿਮਟਿਡ | 114.62 | 150.14 | 97.51 | 362.27 |
| 3. | ਪੰਜਾਬ ਰਾਜ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਟਿਡ | 0.00 | 0.00 | 122.43 | 122.43 |
| 4. | ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ | 54.00 | 55.62 | 50.98 | 160.60 |
| 5. | ਪੰਜਾਬ ਵਿੱਤੀ ਕਾਰਪੋਰੇਸ਼ਨ | 0.00 | 5.00 | 4.00 | 9.00 |
| 6. | ਜਲੰਧਰ ਸਮਾਰਟ ਸਿਟੀ ਲਿਮਟਿਡ | 25.00 | 0.00 | 25.00 | 50.00 |
| **ਜੋੜ** | | **193.62** | **220.24** | **316.92** | **730.78** |

*ਸ੍ਰੋਤ: ਪੀ ਐਸ ਯੂਜ਼ ਵਲੋਂ ਭੇਜੀ ਗਈ ਸੂਚਨਾ*

ਬਕਾਇਆ ਲੇਖੇ ਵਾਲੀਆਂ ਪੀ ਐਸ ਯੂਜ਼/ਕਾਰਪੋਰੇਸ਼ਨਾਂ ਦੀ ਸਮਾਂ-ਵਾਰ ਰੂਪ ਰੇਖਾ ਨੂੰ **ਸਾਰਣੀ** 4.9 ਵਿੱਚ ਦਿਤਾ ਗਿਆ ਹੈ।

**ਸਾਰਣੀ 4.9: ਬਕਾਇਆ ਲੇਖੇ ਵਾਲੀਆਂ ਪੀ ਐਸ ਯੂਜ਼/ਕਾਰਪੋਰੇਸ਼ਨਾਂ ਦੀ ਸਮਾਂ-ਵਾਰ ਰੂਪ ਰੇਖਾ**

| ਸਾਲਾਂ ਵਿੱਚ ਰੇਂਜ | ਪੀ ਐਸ ਯੂਜ਼/ਕਾਰਪੋਰੇਸ਼ਨਾਂ ਦੀ ਗਿਣਤੀ |
|---|---|
| 0-1 | 12 |
| 1-3 | 02 |
| 3-5 | 03 |
| >5 | 10 |
| **ਜੋੜ** | **27** |

*ਸ੍ਰੋਤ: ਦਫਤਰੀ ਰਿਕਾਰਡ*

**ਸਾਰਣੀ** 4.9 ਦਰਸਾਉਂਦੀ ਹੈ ਕਿ 10 ਪੀ ਐਸ ਯੂਜ਼ ਦੇ ਲੇਖੇ ਪੰਜ ਸਾਲ ਤੋਂ ਵੱਧ ਸਮੇਂ ਲਈ ਬਕਾਇਆ ਸਨ। ਲੇਖਿਆਂ ਨੂੰ ਸਮੇ ਸਿਰ ਅੰਤਿਮ ਰੂਪ ਨਾ ਦੇਣ ਕਰਕੇ ਸਰਕਾਰ ਦੇ ਨਿਵੇਸ਼ਾਂ ਦੇ ਸਿੱਟੇ ਰਾਜ ਵਿਧਾਨਪਾਲਿਕਾ ਦੇ ਦਾਇਰੇ ਤੋਂ ਬਾਹਰ ਰਹਿ ਜਾਂਦੇ ਹਨ ਅਤੇ ਲੇਖਾ ਪ੍ਰੀਖਿਆ ਪੜਤਾਲ ਤੋਂ ਬਚ ਜਾਂਦੇ ਹਨ। ਸਿੱਟੇ ਵੱਜੋਂ, ਜਵਾਬਦੇਹੀ ਨੂੰ ਯਕੀਨੀ ਬਣਾਉਣ ਅਤੇ ਕੁਸ਼ਲਤਾ ਵਿੱਚ ਸੁਧਾਰ ਲਈ ਲੋੜੀਂਦੇ ਸੋਧਮਈ ਉਪਾਅ, ਜੇਕਰ ਕੋਈ ਹੋਣ, ਸਮੇਂ ਸਿਰ ਨਹੀਂ ਕੀਤੇ ਜਾ ਸਕਦੇ। ਧੋਖਾਧੜੀ ਅਤੇ ਜਨਤਕ ਧਨ ਦੀ ਗਲਤ ਵਰਤੋਂ ਦੇ ਜੋਖਮ ਨੂੰ ਰੱਦ ਨਹੀਂ ਕੀਤਾ ਜਾ ਸਕਦਾ। **ਪੰਜ ਸਾਲ ਤੋਂ ਵੱਧ ਸਮੇਂ ਲਈ ਬਕਾਇਆ ਲੇਖਿਆਂ ਵਾਲੇ ਪੀ ਐਸ ਯੂਜ਼ ਦੀ ਹੋਂਦ ਦੀ ਸਮੀਖਿਆ ਕਰਨ ਬਾਰੇ ਰਾਜ ਸਰਕਾਰ ਵਿਚਾਰ ਕਰ ਸਕਦੀ ਹੈ।**

## ਹੋਰ ਮਾਮਲੇ

### 4.12 ਕੁਵਰਤੋਂ, ਨੁਕਸਾਨ, ਚੋਰੀਆਂ, ਆਦਿ

ਪੰਜਾਬ ਵਿੱਤੀ ਨਿਯਮਾਵਲੀ ਦਾ ਨਿਯਮ 2.33 ਤੈਅ ਕਰਦਾ ਹੈ ਕਿ ਹਰ ਸਰਕਾਰੀ ਕਰਮਚਾਰੀ ਨੂੰ ਸਰਕਾਰ ਦੁਆਰਾ ਝੱਲੇ ਗਏ ਉਸ ਨੁਕਸਾਨ ਲਈ ਜੋਕਿ ਉਸ ਕਰਮਚਾਰੀ ਵਲੋਂ ਧੋਖੇ ਜਾਂ ਅਣਗਹਿਲੀ ਕਾਰਣ ਹੋਇਆ ਹੋਵੇ ਜਾਂ ਉਸ ਨੁਕਸਾਨ ਲਈ ਜੋਕਿ ਕਿਸੇ ਹੋਰ ਸਰਕਾਰੀ ਕਰਮਚਾਰੀ ਤੋਂ ਧੋਖੇ ਜਾਂ ਅਣਗਹਿਲੀ ਕਾਰਣ ਹੋਇਆ ਹੋਵੇ, ਉਸ ਹੱਦ ਤੱਕ ਜਿਥੋਂ ਤੱਕ ਉਸ ਕਰਮਚਾਰੀ ਨੇ ਆਪਣੀ ਕਾਰਵਾਈ ਜਾਂ ਅਣਗਹਿਲੀ ਕਰਕੇ ਨੁਕਸਾਨ ਕਰਨ ਵਿੱਚ ਯੋਗਦਾਨ ਪਾਇਆ ਹੋਵੇ, ਵਿਅਕਤੀਗਤ ਤੌਰ ਤੇ ਜਿੰਮੇਵਾਰ ਠਹਿਰਾਇਆ ਜਾਵੇਗਾ। ਇਸ ਤੋਂ ਇਲਾਵਾ, ਉਕਤ ਨਿਯਮ 2.34 ਅਨੁਸਾਰ ਮਹਾਂ ਲੇਖਾਕਾਰ (ਲੇਖਾ ਤੇ ਹੱਕਦਾਰੀ) ਨੂੰ ਧੋਖਾਧੜੀ ਅਤੇ ਨੁਕਸਾਨ ਦੇ ਮਾਮਲਿਆਂ ਦੀ ਸੂਚਨਾ ਦੇਣੀ ਜਰੂਰੀ ਹੈ।

31 ਮਾਰਚ 2020 ਨੂੰ ਕੁਵਰਤੋਂ, ਨੁਕਸਾਨ, ਚੋਰੀ, ਆਦਿ ਦੇ ₹ 33.55 ਕਰੋੜ ਦੀ ਰਾਸ਼ੀ ਦੇ 17 ਮਾਮਲੇ ਬਕਾਇਆ ਪਏ ਸਨ। ਬਕਾਇਆ ਮਾਮਲਿਆਂ ਦਾ ਵਿਭਾਗ-ਵਾਰ ਨਿਖੇੜਾ **ਸਾਰਣੀ** 4.10 ਵਿੱਚ ਦਿਤਾ ਗਿਆ ਹੈ।

**ਸਾਰਣੀ 4.10: ਕੁਵਰਤੋਂ, ਨੁਕਸਾਨ, ਚੋਰੀ, ਆਦਿ ਦੇ ਬਕਾਇਆ ਮਾਮਲਿਆਂ ਦੇ ਵੇਰਵੇ**

*(₹ ਕਰੋੜ ਵਿੱਚ)*

<table>
<tr><th rowspan="3">ਵਿਭਾਗ/ ਕਾਰਪੋਰੇਸ਼ਨ ਦਾ ਨਾਂਅ</th><th colspan="2" rowspan="2">ਸਰਕਾਰੀ ਸਮਾਨ ਦੀ ਕੁਵਰਤੋਂ/ਨੁਕਸਾਨ/ ਚੋਰੀ ਦੇ ਮਾਮਲੇ</th><th colspan="6">ਕੁਵਰਤੋਂ, ਨੁਕਸਾਨ, ਚੋਰੀ, ਆਦਿ ਦੇ ਬਕਾਇਆ ਮਾਮਲਿਆਂ ਦੇ ਅੰਤਿਮ ਨਿਪਟਾਰੇ ਵਿੱਚ ਦੇਰੀ ਦੇ ਕਾਰਣ</th></tr>
<tr><th colspan="2">ਵਿਭਾਗੀ ਅਤੇ ਅਪਰਾਧਿਕ ਜਾਂਚ ਦੀ ਉਡੀਕ ਵਿੱਚ</th><th colspan="2">ਵਿਭਾਗੀ ਕਾਰਵਾਈ ਆਰੰਭੀ ਗਈ ਪਰ ਮੁਕੰਮਲ ਨਹੀਂ ਹੋਈ</th><th colspan="2">ਅਪਰਾਧਿਕ ਕਾਰਵਾਈਆਂ ਮੁਕੰਮਲ ਹੋਈਆਂ ਪਰ ਰਾਸ਼ੀ ਦੀ ਵਸੂਲੀ ਬਕਾਇਆ</th></tr>
<tr><th>ਮਾਮਲਿਆਂ ਦੀ ਸੰਖਿਆ</th><th>ਰਾਸ਼ੀ</th><th>ਮਾਮਲਿਆਂ ਦੀ ਸੰਖਿਆ</th><th>ਰਾਸ਼ੀ</th><th>ਮਾਮਲਿਆਂ ਦੀ ਸੰਖਿਆ</th><th>ਰਾਸ਼ੀ</th><th>ਮਾਮਲਿਆਂ ਦੀ ਸੰਖਿਆ</th><th>ਰਾਸ਼ੀ</th></tr>
<tr><td>ਚੋਣ</td><td>1</td><td>0</td><td>0</td><td>0</td><td>1</td><td>0</td><td>0</td><td>0</td></tr>
<tr><td>ਪੰਜਾਬ ਰਾਜ ਵੇਅਰ-ਹਾਊਸਿੰਗ ਕਾਰਪੋਰੇਸ਼ਨ</td><td>6</td><td>11.73</td><td>0</td><td>0</td><td>0</td><td>0</td><td>0</td><td>0</td></tr>
<tr><td>ਪੰਜਾਬ ਐਗਰੋ ਫੂਡ ਗ੍ਰੇਨ ਕਾਰਪੋਰੇਸ਼ਨ</td><td>7</td><td>14.51</td><td>0</td><td>0</td><td>0</td><td>0</td><td>0</td><td>0</td></tr>
<tr><td>ਖੇਤੀਬਾੜੀ</td><td>1</td><td>0.11</td><td>1</td><td>0.11</td><td>0</td><td>0</td><td>0</td><td>0</td></tr>
<tr><td>ਖੁਰਾਕ ਅਤੇ ਪੂਰਤੀ</td><td>2</td><td>7.20</td><td>1</td><td>0.13</td><td>0</td><td>0</td><td>1</td><td>7.07</td></tr>
<tr><td>ਜੋੜ</td><td>17*</td><td>33.55</td><td>2</td><td>0.24</td><td>1</td><td>0</td><td>1</td><td>7.07</td></tr>
</table>

*ਸ੍ਰੋਤ: ਵਿਭਾਗੀ ਡਾਟਾ/ਸੂਚਨਾ*

** ਬਾਕੀ ਰਹਿੰਦੇ 13 ਮਾਮਲਿਆਂ ਦੇ ਸਬੰਧ ਵਿੱਚ ਕਾਰਣ ਉਪਲੱਬਧ ਨਹੀਂ ਸਨ।*

ਬਕਾਇਆ ਮਾਮਲਿਆਂ ਦੀ ਸਮਾਂ-ਵਾਰ ਰੂਪ ਰੇਖਾ ਅਤੇ ਹਰੇਕ ਸ਼੍ਰੇਣੀ- ਸਰਕਾਰੀ ਸਮਾਨ ਦੀ ਚੋਰੀ ਅਤੇ ਕੁਵਰਤੋਂ/ਨੁਕਸਾਨ, ਵਿੱਚ ਬਕਾਇਆ ਮਾਮਲਿਆਂ ਦਾ ਸੰਖੇਪ **ਸਾਰਣੀ** 4.11 ਵਿੱਚ ਦਿੱਤਾ ਗਿਆ ਹੈ।

**ਸਾਰਣੀ 4.11: ਕੁਵਰਤੋਂ, ਨੁਕਸਾਨਾਂ, ਧੋਖਾਧੜੀ, ਆਦਿ ਦੀ ਰੂਪ ਰੇਖਾ**

*(₹ ਕਰੋੜ ਵਿੱਚ)*

| ਬਕਾਇਆ ਮਾਮਲਿਆਂ ਦੀ ਸਮਾ ਵਾਰ ਰੂਪ ਰੇਖਾ | | | ਬਕਾਇਆ ਮਾਮਲਿਆਂ ਦੀ ਪ੍ਰਕ੍ਰਿਤੀ | | |
|---|---|---|---|---|---|
| ਸਾਲਾਂ ਵਿੱਚ ਰੇਂਜ | ਮਾਮਲਿਆਂ ਦੀ ਗਿਣਤੀ | ਸ਼ਾਮਲ ਰਾਸ਼ੀ | | ਮਾਮਲਿਆਂ ਦੀ ਗਿਣਤੀ | ਸ਼ਾਮਲ ਰਾਸ਼ੀ |
| 0-5 | 05 | 9.95 | ਚੋਰੀ ਦੇ ਮਾਮਲੇ | 04 | 0.36 |
| 5-10 | 11 | 23.60 | | | |
| 10-15 | 01 | 0 | ਸਰਕਾਰੀ ਸਮਾਨ ਦੀ ਕੁਵਰਤੋਂ/ ਨੁਕਸਾਨ | 13 | 33.19 |
| **ਜੋੜ** | **17** | **33.55** | | **17** | **33.55** |

*ਸ੍ਰੋਤ: ਵਿਭਾਗੀ ਡਾਟਾ/ਸੂਚਨਾ*

ਕੁੱਲ ਮਾਮਲਿਆਂ ਵਿੱਚੋਂ ₹ 0.36 ਕਰੋੜ ਦੇ ਚਾਰ ਮਾਮਲੇ ਸਰਕਾਰੀ ਧਨ/ਸਟੋਰ ਦੀ ਚੋਰੀ ਨਾਲ ਸਬੰਧਤ ਸਨ। ਇਸ ਤੋ ਇਲਾਵਾ, ਨੁਕਸਾਨ ਦੇ ਇੱਕ ਮਾਮਲੇ ਦੇ ਸਬੰਧ ਵਿੱਚ, ਵਿਭਾਗੀ ਕਾਰਵਾਈ ਮੁਕੰਮਲ ਨਹੀਂ ਕੀਤੀ ਗਈ ਸੀ, ਜਦੋਂਕਿ ਇੱਕ ਮਾਮਲੇ (₹ 7.07 ਕਰੋੜ) ਵਿੱਚ ਅਪਰਾਧਿਕ ਕਾਰਵਾਈ ਮੁਕੰਮਲ ਹੋ ਚੁੱਕੀ ਸੀ ਪ੍ਰੰਤੂ ਰਕਮ ਦੀ ਵਸੂਲੀ ਬਕਾਇਆਂ ਸੀ। ਇਸ ਤੋ ਇਲਾਵਾ ਧਿਆਨ ਵਿੱਚ ਆਇਆ ਸੀ ਕਿ ਚੋਰੀ/ਕੁਵਰਤੋਂ ਕਾਰਣ ਨੁਕਸਾਨਾਂ ਦੇ 17 ਮਾਮਲਿਆਂ ਵਿੱਚੋਂ ₹ 23.60 ਕਰੋੜ ਦੇ 12 ਮਾਮਲੇ ਪੰਜ ਸਾਲ ਤੋਂ ਜ਼ਿਆਦਾ ਪੁਰਾਣੇ ਸਨ, ਜਿਸ ਵਿੱਚ 10 ਸਾਲ ਤੋਂ ਜ਼ਿਆਦਾ ਪੁਰਾਣਾ ਇੱਕ ਮਾਮਲਾ ਸ਼ਾਮਲ ਸੀ।

ਚੋਰੀ, ਕੁਵਰਤੋਂ, ਆਦਿ ਦੇ ਮਾਮਲਿਆਂ ਵਿੱਚ ਤੁਰੰਤ ਕਾਰਵਾਈ ਕਰਨ ਲਈ ਸਰਕਾਰ ਸਮਾਂ-ਬੱਧ ਫਰੇਮਵਰਕ ਤਿਆਰ ਕਰਨ ਬਾਰੇ ਵਿਚਾਰ ਕਰ ਸਕਦੀ ਹੈ। ਰਾਜ ਸਰਕਾਰ ਨੇ ਕਿਹਾ (ਜੂਨ 2021) ਕਿ ਸਬੰਧਤ ਪ੍ਰਸ਼ਾਸਨਿਕ ਵਿਭਾਗਾਂ ਨੂੰ ਇਸ ਸਬੰਧੀ ਉਚਿਤ ਕਾਰਵਾਈ ਕਰਨ ਲਈ ਜ਼ਰੂਰੀ ਹਦਾਇਤਾਂ ਜਾਰੀ ਕੀਤੀਆਂ ਜਾ ਚੁੱਕੀਆਂ ਸਨ।

## 4.13 ਰਾਜ ਦੇ ਵਿੱਤਾਂ ਉੱਤੇ ਲੇਖਾ ਪ੍ਰੀਖਿਆ ਰਿਪੋਰਟ ਦੀ ਪੈਰਵ੍ਹੀ ਕਰਨ ਲਈ ਕਾਰਵਾਈ

ਰਿਪੋਰਟਾਂ ਵਿਧਾਨਪਾਲਿਕਾ ਵਿੱਚ ਪੇਸ਼ ਹੋਣ ਤੋਂ ਇਕ ਮਹੀਨੇ ਦੇ ਅੰਦਰ-ਅੰਦਰ ਹਰ ਰਾਜ ਵਿੱਚ, ਲੋਕ ਲੇਖਾ ਕਮੇਟੀ (ਪੀ ਏ ਸੀ)/ਵਿੱਤ ਵਿਭਾਗ ਨੂੰ ਲੇਖਾ ਪ੍ਰੀਖਿਆ ਰਿਪੋਰਟਾਂ ਵਿੱਚ ਸ਼ਾਮਲ ਪੈਰ੍ਹਿਆਂ 'ਤੇ ਸਬੰਧਤ ਵਿਭਾਗਾਂ ਵੱਲੋਂ ਆਪਣੇ ਆਪ ਹੀ ਵਿਆਖਿਆਤਮਕ ਨੋਟ (ਈ ਐਨ) ਮੁਹੱਈਆਂ ਕਰਾਉਣਾ ਲੋੜੀਂਦਾ ਹੈ। ਰਿਪੋਰਟਾਂ ਪੇਸ਼ ਹੋਣ ਤੋਂ ਤਿੰਨ ਮਹੀਨਿਆਂ ਦੇ ਅੰਦਰ-ਅੰਦਰ ਸਬੰਧਤ ਵਿਭਾਗਾਂ ਵੱਲੋਂ ਏ ਜੀ ਨੂੰ ਐਕਸ਼ਨ ਟੇਕਨ ਨੋਟਜ਼ (ਏ ਟੀ ਐਨਜ਼) (ਵੈਟਿੰਗ ਲਈ ਅਤੇ ਪੀ ਏ ਸੀ ਨੂੰ ਅੱਗੇ ਭੇਜਣ ਲਈ) ਮੁੱਹਈਆ ਕਰਵਾਉਣੇ ਵੀ ਲੋੜੀਂਦੇ ਹਨ।

ਸਾਲ 2013-14 ਲਈ ਰਾਜ ਦੇ ਵਿੱਤਾਂ ਉੱਤੇ ਲੇਖਾ ਪ੍ਰੀਖਿਆ ਰਿਪੋਰਟ ਦੀ 03 ਅਗਸਤ 2015 ਨੂੰ ਪੀ ਏ ਸੀ ਦੀ ਬੈਠਕ ਵਿੱਚ ਚਰਚਾ ਹੋਈ ਸੀ ਅਤੇ ਕਮੇਟੀ ਨੇ ਵਿੱਤ ਵਿਭਾਗ ਨੂੰ ਤਿੰਨ ਹਫਤਿਆਂ ਦੇ ਅੰਦਰ-ਅੰਦਰ ਸਾਰੇ ਪੈਰ੍ਹਿਆਂ ਦੇ ਜਵਾਬ ਪੇਸ਼ ਕਰਨ ਦਾ ਨਿਰਦੇਸ਼ ਦਿੱਤਾ ਸੀ, ਪ੍ਰੰਤੂ ਵਿੱਤ ਵਿਭਾਗ ਵੱਲੋਂ ਅੱਜ ਤੱਕ ਕੋਈ ਉੱਤਰ ਪ੍ਰਾਪਤ ਨਹੀਂ ਹੋਇਆ ਸੀ।

ਪੀ ਏ ਸੀ ਵੱਲੋਂ 05 ਜੁਲਾਈ 2019 ਅਤੇ 22 ਅਕਤੂਬਰ 2019 ਨੂੰ ਉੱਤਰ ਨਾ ਭੇਜਣ ਦੇ ਮਾਮਲੇ ਸਬੰਧੀ ਚਰਚਾ ਕੀਤੀ ਗਈ ਸੀ ਅਤੇ ਸਾਲ 2014-15 ਤੋਂ 2016-17 ਲਈ ਰਾਜ ਦੇ ਵਿੱਤਾਂ ਉੱਤੇ

ਲੇਖਾ ਪ੍ਰੀਖਿਆ ਰਿਪੋਰਟਾਂ ਦੇ ਉੱਤਰ 15 ਦਿਨਾਂ ਦੇ ਅੰਦਰ-ਅੰਦਰ ਭੇਜਣ ਲਈ ਵਿੱਤ ਵਿਭਾਗ ਨੂੰ ਨਿਰਦੇਸ਼ ਦਿੱਤੇ ਗਏ ਸਨ। ਪੀ ਏ ਸੀ ਦੀ 02 ਜੂਨ 2020 ਨੂੰ ਹੋਈ ਬੈਠਕ ਵਿੱਚ ਵਿੱਤ ਵਿਭਾਗ ਨੇ ਰਾਜ ਦੇ ਵਿੱਤਾਂ ਉੱਤੇ ਲੇਖਾ ਪ੍ਰੀਖਿਆ ਰਿਪੋਰਟਾਂ ਦੇ ਉੱਤਰ ਭੇਜਣ ਲਈ ਹੋਰ ਚਾਰ ਮਹੀਨੇ ਲੈਣ ਦੀ ਆਗਿਆ ਵਾਸਤੇ ਬੇਨਤੀ ਕੀਤੀ ਅਤੇ ਕਮੇਟੀ ਨੇ ਇਹ ਸਮਾਂ ਦੇਣ ਲਈ ਸਹਿਮਤੀ ਦੇ ਦਿੱਤੀ। ਪ੍ਰੰਤੂ ਪੰਜ ਮਹੀਨਿਆਂ ਤੋਂ ਵਧੇਰੇ ਸਮਾਂ ਬੀਤ ਜਾਣ ਦੇ ਬਾਅਦ ਵੀ, ਸਿਵਾਏ ਸਾਲ 2016-17 ਦੇ, ਅੱਜ ਦੀ ਮਿਤੀ ਤੱਕ ਕੋਈ ਉੱਤਰ ਪ੍ਰਾਪਤ ਨਹੀਂ ਹੋਇਆ ਸੀ।

## 4.14 ਸਿੱਟੇ

ਉਗਰਾਹੀ ਕੀਤੀ ਗਈ ₹ 4.14 ਕਰੋੜ ਦੀ ਸਭਿਆਚਾਰ ਸੈੱਸ ਰਾਜ ਦੇ ਸੰਚਿਤ ਫੰਡ ਨੂੰ ਟਰਾਂਸਫਰ ਨਹੀਂ ਕੀਤੀ ਗਈ ਸੀ। ਸਰਕਾਰੀ ਵਿਭਾਗਾਂ ਨੇ ₹ 14.20 ਕਰੋੜ ਦੀ ਰਾਸ਼ੀ ਦੀਆਂ ਵੱਖ ਵੱਖ ਸੈੱਸਾਂ ਸਬੰਧਤ ਬੋਰਡਾਂ ਨੂੰ ਟਰਾਂਸਫਰ ਨਹੀਂ ਕੀਤੀਆਂ ਸਨ। ਇਸੇ ਤਰ੍ਹਾਂ ਰਿਸਰਚ ਲੈਬਾਰਟਰੀ, ਪੀ ਡਬਲਿਊ ਡੀ (ਬੀ ਐਂਡ ਆਰ), ਪਟਿਆਲਾ ਦੁਆਰਾ ਉਗਰਾਹੀਆਂ ਗਈਆਂ ₹ 1.63 ਕਰੋੜ ਦੀਆਂ ਧਨ ਪ੍ਰਾਪਤੀਆਂ ਮਾਰਚ 2020 ਤੱਕ ਰਾਜ ਦੇ ਸੰਚਿਤ ਫੰਡ ਵਿੱਚ ਜਮ੍ਹਾਂ ਨਹੀਂ ਕਰਵਾਈਆ ਗਈਆਂ ਸਨ।

ਵਰਤੋਂ ਸਰਟੀਫੀਕੇਟਾਂ ਨੂੰ ਭੇਜਣ ਵਿੱਚ ਚੋਖੀ ਦੇਰੀ ਕੀਤੀ ਗਈ ਸੀ, ਜੋਕਿ ਪ੍ਰਸ਼ਾਸਨਿਕ ਵਿਭਾਗਾਂ ਦੇ ਅੰਦਰੂਨੀ ਕੰਟਰੋਲ ਦੀ ਘਾਟ ਵੱਲ ਸੰਕੇਤ ਕਰਦਾ ਹੈ ਅਤੇ ਇਹ ਸਰਕਾਰ ਵੱਲੋਂ ਪਿਛਲੀਆਂ ਗ੍ਰਾਂਟਾਂ ਦੀ ਉਚਿੱਤ ਵਰਤੋਂ ਕੀਤੇ ਜਾਣ ਨੂੰ ਯਕੀਨੀ ਬਣਾਏ ਬਗੈਰ ਨਵੀਆਂ ਗ੍ਰਾਂਟਾਂ ਦੀ ਵੰਡ ਕਰਨ ਵੱਲ ਝੁਕਾਅ ਦਾ ਇੱਕ ਸੰਕੇਤ ਹੈ। ਵੱਡੀ ਗਿਣਤੀ ਵਿੱਚ ਖੁਦਮੁਖਤਿਆਰ ਸੰਗਠਨਾਂ ਅਤੇ ਵਿਭਾਗੀ ਤੌਰ ਤੇ ਚਲਾਏ ਜਾ ਰਹੇ ਅਦਾਰਿਆਂ ਨੇ ਲੰਮੇ ਸਮੇ ਲਈ ਆਪਣੇ ਅੰਤਿਮ ਲੇਖੇ ਤਿਆਰ ਨਹੀਂ ਕੀਤੇ। ਇਸਦੇ ਨਤੀਜੇ ਵਜੋਂ ਇਨ੍ਹਾਂ ਦੀ ਵਿੱਤੀ ਸਥਿਤੀ ਦਾ ਮੁਲਾਂਕਣ ਨਹੀਂ ਕੀਤਾ ਜਾ ਸਕਿਆ ਅਤੇ ਸਰਕਾਰ ਦੇ ਨਿਵੇਸ਼ਾਂ ਦੇ ਨਤੀਜੇ ਰਾਜ ਵਿਧਾਨਪਾਲਿਕਾ ਦੇ ਦਾਇਰੇ ਤੋਂ ਬਾਹਰ ਰਹਿ ਗਏ।

ਇਸ ਤੋਂ ਇਲਾਵਾ, ਸਰਕਾਰੀ ਧਨ ਦੀ ਚੋਰੀ, ਸਰਕਾਰੀ ਸਮਾਨ ਦੀ ਕੁਵਰਤੋਂ, ਨੁਕਸਾਨ ਅਤੇ ਧੋਖਾਧੜੀ ਦੇ ਮਾਮਲਿਆਂ ਵਿੱਚ ਵਿਭਾਗੀ ਕਾਰਵਾਈ ਲੰਮੇ ਸਮੇਂ ਤੋਂ ਲਟਕੀ ਪਈ ਸੀ।

## 4.15 ਸਿਫਾਰਸ਼ਾਂ

(i) ਸਰਕਾਰ ਨੂੰ, ਵੱਖ ਵੱਖ ਸੈਸਾਂ ਦੀ ਉਗਰਾਹੀ ਅਤੇ ਵਰਤੋਂ ਕਰਨ ਲਈ ਉਚਿਤ ਲੇਖਾ ਪ੍ਰਣਾਲੀ ਨਿਰਧਾਰਤ ਕਰਨੀ ਚਾਹੀਦੀ ਹੈ ਤਾਂ ਜੋ ਰਾਜ ਦੇ ਲੇਖਿਆਂ ਤੋਂ ਡਾਟਾ ਅਸਾਨੀ ਨਾਲ ਪਹੁੰਚਯੋਗ ਹੋਵੇ।

(ii) ਸਰਕਾਰ ਨੂੰ, ਵਿਸ਼ੇਸ ਮੰਤਵਾਂ ਲਈ ਜਾਰੀ ਗ੍ਰਾਂਟਾਂ ਦੇ ਸਬੰਧ ਵਿੱਚ ਵਿਭਾਗਾਂ ਵੱਲੋਂ ਸਮੇਂ ਸਿਰ ਵਰਤੋਂ ਸਰਟੀਫੀਕੇਟ ਭੇਜਣ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ।

(iii) ਵਿੱਤ ਵਿਭਾਗ ਨੂੰ, ਖੁਦਮੁਖਤਿਆਰ ਸੰਗਠਨਾਂ ਅਤੇ ਵਿਭਾਗੀ ਤੌਰ ਤੇ ਚਲਾਏ ਜਾਂਦੇ ਅਦਾਰਿਆਂ ਦੀ ਵਿੱਤੀ ਸਥਿਤੀ ਦਾ ਮੁਲਾਂਕਣ ਕਰਨ ਲਈ ਇਨ੍ਹਾਂ ਵਲੋਂ ਸਲਾਨਾ ਲੇਖਿਆਂ ਦੇ ਸੰਕਲਨ ਕਰਨ ਅਤੇ ਪੇਸ਼ ਕਰਨ ਵਿੱਚ ਤੇਜੀ ਲਿਆਉਣ ਲਈ ਇੱਕ ਕਾਰਜ ਪ੍ਰਣਾਲੀ ਸਥਾਪਿਤ ਕਰਨੀ ਚਾਹੀਦੀ ਹੈ।

(iv) ਕੁਵਰਤੋਂ, ਨੁਕਸਾਨ, ਚੋਰੀ, ਆਦਿ ਦੇ ਮਾਮਲਿਆਂ ਵਿੱਚ ਤੁਰੰਤ ਕਾਰਵਾਈ ਕਰਨ ਲਈ, ਇੱਕ ਸਮਾਂ-ਬੱਧ ਫਰੇਮਵਰਕ ਬਣਾਉਣ ਅਤੇ ਅਜਿਹੇ ਮਾਮਲਿਆਂ ਦੇ ਮੁੜ-ਵਾਪਰਨ ਤੋਂ ਰੋਕਣ ਲਈ ਅੰਦਰੂਨੀ ਕੰਟਰੋਲ ਸਿਸਟਮ ਨੂੰ ਮਜ਼ਬੂਤ ਕਰਨ ਬਾਰੇ ਸਰਕਾਰ ਵਿਚਾਰ ਕਰ ਸਕਦੀ ਹੈ।

(v) ਜਿਵੇਂ ਕਿ ਨਿਯਮਾਂ ਅਧੀਨ ਲੋੜੀਂਦਾ ਹੈ, ਸਰਕਾਰ ਨੂੰ ਚਾਹੀਦਾ ਹੈ ਕਿ ਅਬਸਟ੍ਰੈਕਟ ਕੰਟੀਜੈਂਟ ਬਿਲਾਂ ਨੂੰ ਨਿਰਧਾਰਤ ਸਮੇਂ ਵਿੱਚ ਸਮਾਯੋਜਨ ਕਰਨ ਨੂੰ ਯਕੀਨੀ ਬਣਾਏ।



**ਚੰਡੀਗੜ੍ਹ** (ਪੂਨਮ ਪਾਂਡੇ)

**ਮਿਤੀ :** 17 **ਸਤੰਬਰ** 2021 **ਪ੍ਰਧਾਨ ਮਹਾਂ ਲੇਖਾਕਾਰ (ਲੇਖਾ ਪ੍ਰੀਖਿਆ), ਪੰਜਾਬ**

**ਤਸਦੀਕ ਸਹੀ**



**ਨਵੀਂ ਦਿੱਲੀ** (ਗਿਰੀਸ਼ ਚੰਦਰ ਮੁਰਮੂ)

**ਮਿਤੀ :** 23 **ਸਤੰਬਰ** 2021 **ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ**

# ਅੰਤਿਕਾਵਾਂ

# ਅੰਤਿਕਾ 1.1

*(ਪੈਰ੍ਹਾ 1.1 ਪੰਨਾ 1 ਦੇ ਹਵਾਲੇ ਵਿੱਚ)*

## ਪੰਜਾਬ ਦੀ ਰੂਪ ਰੇਖਾ

| ੳ. ਜਨਰਲ ਡਾਟਾ | | | |
|---|---|---|---|
| **ਲੜੀ ਨੰ.** | **ਵੇਰਵੇ** | | **ਹਿੰਦਸੇ** |
| 1. | ਖੇਤਰਫਲ | | 50,362 ਵਰਗ ਕਿ.ਮੀ. |
| 2. | 2011 ਦੀ ਜਨਗਣਨਾ ਅਨੁਸਾਰ ਜਨਸੰਖਿਆ | | 2.77 ਕਰੋੜ |
| 3. | ਜਨਸੰਖਿਆ ਦੀ ਘਣਤਾ (2011 ਦੀ ਜਨਗਣਨਾ ਅਨੁਸਾਰ)<br>(ਕੁੱਲ ਭਾਰਤ ਦੀ ਘਣਤਾ = 382[1] ਵਿਅਕਤੀ ਪ੍ਰਤੀ ਵਰਗ ਕਿ.ਮੀ.) | | 551 ਵਿਅਕਤੀ ਪ੍ਰਤੀ ਵਰਗ ਕਿ. ਮੀ. |
| 4. | ਗਰੀਬੀ ਰੇਖਾ ਤੋਂ ਹੇਠਾਂ ਜਨਸੰਖਿਆ(ਸਰਵ ਭਾਰਤੀ ਔਸਤ =21.9 *ਪ੍ਰਤੀਸ਼ਤ*) | | 8.3 *ਪ੍ਰਤੀਸ਼ਤ* |
| 5. | ਸਾਖਰਤਾ (2011 ਦੀ ਜਨਗਣਨਾ ਅਨੁਸਾਰ)<br>(ਸਰਵ ਭਾਰਤੀ ਔਸਤ = 73 *ਪ੍ਰਤੀਸ਼ਤ*) | | 75.80 *ਪ੍ਰਤੀਸ਼ਤ* |
| 6. | ਬੱਚਾ ਮੌਤ ਦਰ (ਪ੍ਰਤੀ 1000 ਜੀਵਤ ਜਨਮ)<br>(ਸਰਵ ਭਾਰਤੀ ਔਸਤ = 33 ਪ੍ਰਤੀ 1000 ਜੀਵਤ ਜਨਮ) | | 21 |
| 7. | ਜਨਮ ਸਮੇਂ ਜੀਵਨ ਸੰਭਾਵਨਾ<br>(ਸਰਵ ਭਾਰਤੀ ਔਸਤ =69 ਸਾਲ) | | 72.4 |
| 8. | ਗਿਨੀ ਗੁਣਾਂਕ[2] (ਇਹ ਜਨਸੰਖਿਆ ਵਿਚਕਾਰ ਆਮਦਨ ਦੀਆਂ ਅਸਮਾਨਤਾਵਾਂ ਦਾ ਇਕ ਪੈਮਾਨਾ ਹੈ। ਇਸ ਦਾ ਮਾਨ ਜ਼ੀਰੋ ਤੋਂ ਇੱਕ ਤੱਕ ਹੈ। ਸਿਫਰ ਦੇ ਨੇੜੇ ਦਾ ਮਾਨ ਅੰਕ ਘੱਟ ਅਸਮਾਨਤਾ ਦਾ ਅਤੇ ਸਿਫਰ ਤੋਂ ਦੂਰ ਦਾ ਮਾਨ ਅੰਕ ਵੱਧ ਅਸਮਾਨਤਾ ਦਾ ਸੂਚਕ ਹੈ)<br>(ਸਰਵ ਭਾਰਤੀ ਔਸਤ = ਪੇਂਡੂ: 0.28 ; ਸ਼ਹਿਰੀ: 0.37) | | ਪੇਂਡੂ- 0.29<br>ਸ਼ਹਿਰੀ - 0.36 |
| 9. | ਸਕਲ ਰਾਜ ਘਰੇਲੂ ਉਤਪਾਦ (ਜੀ ਐਸ ਡੀ ਪੀ) 2019-20 ਪ੍ਰਚੱਲਿਤ ਕੀਮਤਾਂ ਤੇ | | ₹5,74,760 ਕਰੋੜ |
| 10. | ਪ੍ਰਤੀ ਵਿਅਕਤੀ ਜੀ ਐਸ ਡੀ ਪੀ ਸੀ ਏ ਜੀ ਆਰ[3]<br>(2011-12 ਤੋਂ 2019-20) | ਜਨਰਲ ਸ਼੍ਰੇਣੀ ਰਾਜਾਂ ਦੀ ਔਸਤ | 10.53 |
| | | ਪੰਜਾਬ | 8.65 |
| | | ਸਰਵ ਭਾਰਤੀ ਔਸਤ | 9.84 |
| 11. | ਜੀ ਐਸ ਡੀ ਪੀ ਸੀ ਏ ਜੀ ਆਰ<br>(2011-12 ਤੋਂ 2019-20) | ਜਨਰਲ ਸ਼੍ਰੇਣੀ ਰਾਜਾਂ ਦੀ ਔਸਤ | 11.98 |
| | | ਪੰਜਾਬ | 10.08 |
| 12. | ਜਨਸੰਖਿਆ ਵਾਧਾ<br>(2011 ਤੋਂ 2020) | ਜਨਰਲ ਸ਼੍ਰੇਣੀ ਰਾਜਾਂ ਦੀ ਔਸਤ | 10.98 |
| | | ਪੰਜਾਬ | 8.36 |

1 *www.censusindia.gov.in* (ਸੈਂਸਸ ਇਨਫੋ ਇੰਡੀਆ 2011 ਅੰਤਿਮ ਜਨਸੰਖਿਆ ਜੋੜ )।

2 *http://planningcommission.nic.in/data/datatable/data_2312/ DatabookDec2014%20106.pdf.*

3 ਕੰਪਾਊਂਡਿਡ ਸਾਲਾਨਾ ਵਿਕਾਸ ਦਰ।

| ੳ. ਜਨਰਲ ਡਾਟਾ | | |
|---|---|---|
| **ਲੜੀ ਨੰ.** | **ਵੇਰਵੇ** | **ਹਿੰਦਸੇ** |
| 13. | ਕੁੱਲ ਫਸਲੀ ਰਕਬਾ | 78.25 ਲੱਖ ਹੈਕਟੇਅਰ |
| 14. | ਕੁੱਲ ਸਿੰਜਾਈ ਰਕਬਾ | 77.67 ਲੱਖ ਹੈਕਟੇਅਰ |
| 15. | ਕੁੱਲ ਸਿੰਜਾਈ ਥੱਲੇ ਰਕਬੇ ਦੀ ਕੁੱਲ ਫਸਲੀ ਰਕਬੇ ਨੂੰ ਪ੍ਰਤੀਸ਼ਤਤਾ | 99.26 *ਪ੍ਰਤੀਸ਼ਤ* |

*ਸ੍ਰੋਤ: ਭਾਰਤ ਅਤੇ ਪੰਜਾਬ ਦਾ 2018-19 ਅਤੇ 2019-20 ਦਾ ਆਰਥਿਕ ਸਰਵੇਖਣ।*

| ਅ. ਵਿੱਤੀ ਡਾਟਾ | | | | | | | |
|---|---|---|---|---|---|---|---|
| **ਲੜੀ ਨੰ.** | **ਵੇਰਵੇ** | **ਹਿੰਦਸੇ (*ਪ੍ਰਤੀਸ਼ਤ* ਵਿੱਚ)** | | | | | |
| | | **2010-11 ਤੋਂ 2018-19** | | **2014-15 ਤੋਂ 2018-19** | | **2018-19 ਤੋਂ 2019-20** | |
| | **ਸੀ ਏ ਜੀ ਆਰ** | **ਜਨਰਲ ਸ਼੍ਰੇਣੀ ਰਾਜ** | **ਪੰਜਾਬ** | **ਜਨਰਲ ਸ਼੍ਰੇਣੀ ਰਾਜ** | **ਪੰਜਾਬ** | **ਜਨਰਲ ਸ਼੍ਰੇਣੀ ਰਾਜ** | **ਪੰਜਾਬ** |
| ੳ. | ਰੈਵੀਨਿਊ ਪ੍ਰਾਪਤੀਆਂ ਦਾ | 13.65 | 10.70 | 12.71 | 12.39 | 2.08 | (-)1.12 |
| ਅ. | ਆਪਣੇ ਕਰ ਰੈਵੀਨਿਊ ਦਾ | 12.21 | 8.18 | 10.42 | 5.41 | 2.12 | (-)5.00 |
| ੲ. | ਗੈਰ-ਕਰ ਰੈਵੀਨਿਊ ਦਾ | 11.19 | 4.50 | 9.67 | 27.38 | 23.44 | (-)12.24 |
| ਸ. | ਕੁੱਲ ਖਰਚੇ ਦਾ | 13.87 | 10.61 | 12.22 | 12.18 | 4.09 | 19.32 |
| ਹ. | ਪੂੰਜੀਗਤ ਖਰਚੇ ਦਾ | 14.64 | 0.15 | 12.35 | (-) 6.22 | (-)3.86 | 639.05 |
| ਕ. | ਸਿੱਖਿਆ ਤੇ ਰੈਵੀਨਿਊ ਖਰਚੇ ਦਾ | 11.58 | 11.98 | 9.37 | 7.83 | 11.81 | 7.49 |
| ਖ. | ਸਿਹਤ ਤੇ ਰੈਵੀਨਿਊ ਖਰਚੇ ਦਾ | 15.43 | 12.91 | 13.23 | 7.38 | 9.48 | 7.85 |
| ਗ. | ਤਨਖਾਹ ਅਤੇ ਉਜਰਤਾਂ ਦਾ | 10.78 | 9.99 | 10.35 | 6.39 | 9.51 | 2.85 |
| ਘ. | ਪੈਨਸ਼ਨ ਦਾ | 14.14 | 8.36 | 14.27 | 8.61 | 9.74 | 2.03 |

*ਸ੍ਰੋਤ; ਵਿੱਤ ਲੇਖੇ*

## ਅੰਤਿਕਾ 1.2

*(ਪੈਰ੍ਹਾ 1.4.2, ਪੰਨਾ 9 ਦੇ ਹਵਾਲੇ ਵਿੱਚ)*

### 31 ਮਾਰਚ 2020 ਨੂੰ ਪੰਜਾਬ ਸਰਕਾਰ ਦੀ ਸੰਖੇਪਕ ਵਿੱਤੀ ਸਥਿਤੀ

*(₹ ਕਰੋੜ ਵਿੱਚ)*

| ਦੇਣਦਾਰੀਆਂ | 31.03.2019 ਨੂੰ ਸਥਿਤੀ | 31.03.2020 ਨੂੰ ਸਥਿਤੀ |
|---|---|---|
| **ਅੰਦਰੂਨੀ ਕਰਜਾ–** | **174171.75** | **189662.07** |
| ਵਿਆਜ਼ਯੋਗ ਮਾਰਕੀਟ ਕਰਜ਼ੇ | 109747.67 | 128217.67 |
| ਵਿਆਜ਼ਹੀਣ ਮਾਰਕੀਟ ਕਰਜ਼ੇ | 0.04 | 0.04 |
| ਭਾਰਤੀ ਜੀਵਨ ਬੀਮਾ ਨਿਗਮ ਤੋਂ ਕਰਜ਼ੇ | 0.00 | 0.00 |
| ਹੋਰ ਸੰਸਥਾਵਾਂ ਤੋਂ ਕਰਜ਼ੇ | 64425.68 | 61444.36 |
| ਭਾਰਤੀ ਰਿਜ਼ਰਵ ਬੈਂਕ ਤੋਂ ਵਐਜ਼ ਅਤੇ ਮੀਨਜ਼ ਪੇਸ਼ਗੀਆਂ ਅਤੇ ਓਵਰ ਡਰਾਫਟ | (-)1.64 | 0.00 |
| **ਕੇਂਦਰ ਸਰਕਾਰ ਤੋਂ ਕਰਜ਼ੇ ਅਤੇ ਪੇਸ਼ਗੀਆਂ -** | **4958.70** | **4670.57** |
| ਨਾਨ-ਪਲਾਨ ਕਰਜ਼ੇ | 20.92 | 17.91 |
| ਰਾਜ ਪਲਾਨ ਸਕੀਮਾਂ ਲਈ ਕਰਜ਼ੇ | 3159.25 | 2728.45 |
| 1984-85 ਤੋਂ ਪਹਿਲਾਂ ਦੇ ਕਰਜ਼ੇ | 0.31 | 0.30 |
| ਰਾਜ ਲਈ ਹੋਰ ਕਰਜ਼ੇ | 1778.22 | 1923.91 |
| **ਅਚੇਤ ਫੰਡ** | **25.00** | **25.00** |
| **ਛੋਟੀਆਂ ਬੱਚਤਾਂ, ਪ੍ਰਾਵੀਡੈਂਟ ਫੰਡ ਆਦਿ** | **22993.55** | **22995.06** |
| **ਡਿਪਾਜ਼ਿਟਸ** | **3389.96** | **3821.38** |
| **ਰਾਖਵੇਂ ਫੰਡ** | **6403.28** | **8457.15** |
| **ਸਸਪੈਂਸ ਅਤੇ ਫੁਟਕਲ ਬਕਾਏ** | **69.27** | **28.62** |
| **ਰੈਮੀਟੈਂਸ ਬਕਾਏ** | -- | -- |
| **ਜੋੜ** | **212011.51** | **229659.85** |
| **ਜਾਇਦਾਦਾਂ** | | |
| **ਅਚਲ ਜਾਇਦਾਦਾਂ ਉੱਤੇ ਕੁੱਲ ਪੂੰਜੀਗਤ ਆਊਟਲੇਅ -** | **48248.06** | **66075.49** |
| ਕੰਪਨੀਆਂ, ਨਿਗਮਾਂ ਆਦਿ ਦੇ ਸ਼ੇਅਰਾਂ ਵਿੱਚ ਨਿਵੇਸ਼ | 4263.23 | 19898.06 |
| ਹੋਰ ਪੂੰਜੀਗਤ ਖਰਚਾ | 43984.83 | 46177.43 |
| **ਕਰਜ਼ੇ ਅਤੇ ਪੇਸ਼ਗੀਆਂ -** | **50681.72** | **35395.17** |
| ਪਾਵਰ ਪ੍ਰੋਜੈਕਟਾਂ ਲਈ ਕਰਜ਼ੇ | 16395.80 | 761.23 |
| ਹੋਰ ਵਿਕਾਸ ਕਰਜ਼ੇ | 34276.87 | 34625.29 |
| ਸਰਕਾਰੀ ਕਰਮਚਾਰੀਆਂ ਨੂੰ ਕਰਜ਼ੇ ਅਤੇ ਫੁਟਕਲ ਕਰਜ਼ੇ | 9.05 | 8.65 |
| **ਵਿਭਾਗੀ ਅਫਸਰਾਂ ਕੋਲ ਪੇਸ਼ਗੀਆਂ** | **0.42** | **0.42** |
| **ਰੈਮੀਟੈਂਸ ਬਕਾਏ** | **2.91** | **25.26** |

| ਦੇਣਦਾਰੀਆਂ | 31.03.2019 ਨੂੰ ਸਥਿਤੀ | 31.03.2020 ਨੂੰ ਸਥਿਤੀ |
|---|---|---|
| **ਕੈਸ਼** | **1324.83** | **2125.06** |
| ਖਜ਼ਾਨਿਆਂ ਵਿੱਚ ਕੈਸ਼ ਅਤੇ ਸਥਾਨਕ ਰੈਮੀਟੈਂਸਜ਼ | -- | -- |
| ਵਿਭਾਗੀ ਕੈਸ਼ ਬਕਾਇਆ | 835.21 | 725.54 |
| ਸਥਾਈ ਪੇਸ਼ਗੀਆਂ/ ਕੈਸ਼ ਇੰਪਰੈਸਟ | 0.26 | 0.26 |
| ਕੈਸ਼ ਬਕਾਇਆਂ ਦਾ ਨਿਵੇਸ਼ | 468.56 | 805.39 |
| ਭਾਰਤੀ ਰਿਜ਼ਰਵ ਬੈਂਕ ਵਿੱਚ ਡਿਪਾਜ਼ਿਟਸ | 20.10 | 340.67 |
| ਚਿੰਨ੍ਹਤ ਫੰਡਾਂ ਤੋਂ ਨਿਵੇਸ਼ | 0.70 | 253.20 |
| **ਸਸਪੈਂਸ ਅਤੇ ਫੁਟਕਲ ਬਕਾਏ** | **0.66** | **0.66** |
| **ਸਰਕਾਰੀ ਲੇਖੇ 'ਤੇ ਘਾਟਾ–** | **111752.91** | **126037.79** |
| ਚਾਲੂ ਸਾਲ ਦਾ ਰੈਵੀਨਿਊ ਘਾਟਾ ਜੋੜਿਆ ਜਾਵੇ | 13134.63 | 14284.89 |
| ਸਾਲ ਦੇ ਸ਼ੁਰੂ ਵਿੱਚ ਇਕੱਠਾ ਹੋਇਆ ਘਾਟਾ | 98618.28 | 111752.90 |
| **ਜੋੜ** | **212011.51** | **229659.85** |

*ਸ੍ਰੋਤ: ਵਿੱਤ ਲੇਖੇ*

## ਅੰਤਿਕਾ 2.1

*(ਪੈਰ੍ਹਾ 2.2, ਪੰਨਾ 20 ਦੇ ਹਵਾਲੇ ਵਿੱਚ)*

**ਸਾਲ 2019-20 ਲਈ ਪ੍ਰਾਪਤੀਆਂ ਅਤੇ ਅਦਾਇਗੀਆਂ ਦਾ ਸਾਰ**

*(₹ ਕਰੋੜ ਵਿੱਚ)*

| ਪ੍ਰਾਪਤੀਆਂ | 2018-19 | 2019-20 | ਅਦਾਇਗੀਆਂ | 2018-19 | 2019-20 |
|---|---|---|---|---|---|
| 1 | 2 | 3 | 4 | 5 | 6 |
| ਭਾਗ-ੳ : ਰੈਵੀਨਿਊ | | | | | |
| **I-ਰੈਵੀਨਿਊ ਪ੍ਰਾਪਤੀਆਂ** | **62269.08** | **61574.75** | **I-ਰੈਵੀਨਿਊ ਖਰਚਾ** | **75403.71** | **75859.64** |
| (i) ਕਰ ਰੈਵੀਨਿਊ | 31574.28 | 29994.79 | **ਜਨਰਲ ਸੇਵਾਵਾਂ** | **36930.51** | **38614.35** |
| (ii) ਗੈਰ-ਕਰ ਰੈਵੀਨਿਊ | 7582.29 | 6654.08 | **ਸਮਾਜਿਕ ਸੇਵਾਵਾਂ-** | **18320.37** | **19483.85** |
| (iii) ਕੇਂਦਰੀ ਕਰਾਂ ਅਤੇ ਡਿਊਟੀਆਂ ਵਿੱਚ ਰਾਜ ਦਾ ਹਿੱਸਾ | 12005.14 | 10345.85 | -ਸਿੱਖਿਆ, ਖੇਡਾਂ, ਕਲਾ ਅਤੇ ਸੱਭਿਆਚਾਰ | 10102.59 | 10859.61 |
| (iv) ਨਾਨ-ਪਲਾਨ ਗ੍ਰਾਂਟਾਂ | 0.00 | 0.00 | -ਸਿਹਤ ਅਤੇ ਪਰਿਵਾਰ ਭਲਾਈ | 3143.38 | 3390.28 |
| (v) ਰਾਜ ਪਲਾਨ ਸਕੀਮਾਂ ਲਈ ਗ੍ਰਾਂਟਾਂ | 0.00 | 0.00 | ਜਲ ਸਪਲਾਈ, ਸੈਨੀਟੇਸ਼ਨ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ | 957.98 | 800.73 |
| (vi) ਕੇਂਦਰੀ ਪ੍ਰਾਯੋਜਿਤ ਪਲਾਨ ਸਕੀਮਾਂ ਲਈ ਗ੍ਰਾਂਟਾਂ | (-) 74.21 | (-) 68.84 | -ਸੂਚਨਾ ਅਤੇ ਪ੍ਰਸਾਰਣ | 45.45 | 55.87 |
| (vii)ਕੇਂਦਰੀ ਪ੍ਰਾਯੋਜਿਤ ਸਕੀਮਾਂ ਲਈ ਗ੍ਰਾਂਟਾਂ | 3091.70 | 2864.31 | -ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨਜਾਤੀਆਂ ਅਤੇ ਹੋਰ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ | 610.93 | 451.47 |
| (viii) ਵਿੱਤ ਕਮਿਸ਼ਨ ਗ੍ਰਾਂਟਾਂ | 719.54 | 2710.13 | -ਕਿਰਤ ਅਤੇ ਕਿਰਤ ਭਲਾਈ | 226.58 | 250.59 |
| (ix) ਹੋਰ ਟਰਾਂਸਫਰ/ਰਾਜਾਂ / ਵਿਧਾਨ ਪਾਲਿਕਾ ਵਾਲੇ ਕੇਂਦਰੀ ਸਾਸ਼ਤ ਪ੍ਰਦੇਸ਼ਾਂ ਨੂੰ ਗ੍ਰਾਂਟਾਂ | 7370.34 | 9074.43 | -ਸਮਾਜ ਭਲਾਈ ਅਤੇ ਪੋਸ਼ਣ | 3199.61 | 3635.94 |
| | | | -ਹੋਰ | 33.85 | 39.36 |

| ਪ੍ਰਾਪਤੀਆਂ | 2018-19 | 2019-20 | ਅਦਾਇਗੀਆਂ | 2018-19 | 2019-20 |
|---|---|---|---|---|---|
| 1 | 2 | 3 | 4 | 5 | 6 |
| | | | ਆਰਥਿਕ ਸੇਵਾਵਾਂ - | **17888.17** | **14551.12** |
| | | | -ਖੇਤੀਬਾੜੀ ਅਤੇ ਸਹਾਇਕ ਗਤੀਵਿਧੀਆਂ | 12343.28 | 8364.61 |
| | | | -ਪੇਂਡੂ ਵਿਕਾਸ | 435.84 | 451.38 |
| | | | -ਸਿੰਜਾਈ ਅਤੇ ਹੜ੍ਹ ਕੰਟਰੋਲ | 1169.63 | 1175.24 |
| | | | -ਊਰਜਾ | 2196.88 | 1596.53 |
| | | | -ਉਦਯੋਗ ਅਤੇ ਖਣਿਜ | 707.43 | 1850.37 |
| | | | -ਆਵਾਜਾਈ | 740.82 | 860.07 |
| | | | -ਵਿਗਿਆਨ, ਤਕਨਾਲੋਜੀ ਅਤੇ ਵਾਤਾਵਰਣ | 4.28 | 4.28 |
| | | | -ਜਨਰਲ ਆਰਥਿਕ ਸੇਵਾਵਾਂ | 290.01 | 248.64 |
| | | | ਸਹਾਇਤਾ ਗ੍ਰਾਂਟਾਂ ਅਤੇ ਯੋਗਦਾਨ | **2264.66** | **3210.32** |
| **II- ਭਾਗ- ਅ ਵਿੱਚ ਲਿਜਾਇਆ ਗਿਆ ਰੈਵੀਨਿਊ ਘਾਟਾ** | **13134.63** | **14284.89** | **II. ਭਾਗ-ਅ ਵਿੱਚ ਲਿਜਾਇਆ ਗਿਆ ਰੈਵੀਨਿਊ ਵਾਧਾ** | **--** | **--** |
| **ਜੋੜ ਭਾਗ ੳ** | **75403.71** | **75859.64** | | **75403.71** | **75859.64** |
| **ਭਾਗ-ਅ : ਹੋਰ** | | | | | |
| **III-ਸਥਾਈ ਪੇਸ਼ਗੀਆਂ ਅਤੇ ਕੈਸ਼ ਬਕਾਇਆ ਨਿਵੇਸ਼ ਸਮੇਤ ਆਰੰਭਿਕ ਕੈਸ਼ ਬਕਾਏ** | **488.45** | **1324.83** | **III ਭਾਰਤੀ ਰਿਜ਼ਰਵ ਬੈਂਕ ਤੋਂ ਆਰੰਭਿਕ ਓਵਰ ਡਰਾਫਟ** | **--** | **--** |
| **IV – ਫੁਟਕਲ ਪੂੰਜੀਗਤ ਪ੍ਰਾਪਤੀਆਂ** | **0.02** | **0.30** | **IV-ਪੂੰਜੀਗਤ ਆਊਟਲੇਅ** | **2412.24** | **17827.73** |
| | | | ਜਨਰਲ ਸੇਵਾਵਾਂ | **169.34** | **153.96** |

| ਪ੍ਰਾਪਤੀਆਂ | 2018-19 | 2019-20 | ਅਦਾਇਗੀਆਂ | 2018-19 | 2019-20 |
